13ਵਾਂ ਸਾਲ

ਹਫਤਾਵਾਰੀ

# ਦੇਸ਼ ਦੁਆਬਾ

VOL -13 ISSUE - 45

Feburary 12, 2025

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com




ਸ੍ਰੀ ਗੁਰੂ ਰਵਿਦਾਸ ਸਭਾ, ਪਿਟਸਬਰਗ (ਕੈਲੇਫੋਰਨੀਆ) ਵੱਲੋਂ 16 ਫਰਵਰੀ, 2025 ਦਿਨ ਐਤਵਾਰ ਨੂੰ ਸਤਿਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਪੁਰਬ ਗੁਰੂ ਘਰ ਵਿਖੇ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ।

(ਹੋਰ ਜਾਣਕਾਰੀ ਲਈ ਦੇਖੋ ਸਫਾ 2 'ਤੇ)



ਸ੍ਰੀ ਗੁਰੂ ਰਵਿਦਾਸ ਸਭਾ, ਨਿਊਯਾਕਰ ਵੱਲੋਂ 16 ਫਰਵਰੀ, 2025 ਦਿਨ ਐਤਵਾਰ ਨੂੰ ਸਤਿਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਪੁਰਬ ਗੁਰੂ ਘਰ ਵਿਖੇ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ।

(ਹੋਰ ਜਾਣਕਾਰੀ ਲਈ ਦੇਖੋ ਸਫਾ 3 'ਤੇ)


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ




**ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ।**
ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਅਤੇ ਨਿਊਯਾਰਕ ਵਿਖੇ 16 ਫਰਵਰੀ 2025, ਯੂਬਾ ਸਿਟੀ ਅਤੇ ਸੇਲਮਾ ਵਿਖੇ 23 ਫਰਵਰੀ 2025, ਫਰਿਜਨੋ ਵਿਖੇ 2 ਮਾਰਚ 2025, ਸੈਕਰਾਮੈਂਟੋ ਵਿਖੇ 9 ਮਾਰਚ 2025 ਨੂੰ ਅਤੇ ਬੇ-ਏਰੀਆ ਵਿਖੇ 16 ਮਾਰਚ 2025 ਨੂੰ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਹੈ।
ਹੋਰ ਜਾਣਕਾਰੀ ਲਈ ਸਬੰਧਤ ਸਭਾਵਾਂ ਨਾਲ ਸੰਪਰਕ ਕਰੋ ਜੀ।

# ਸ੍ਰੀ ਗੁਰੂ ਰਵਿਦਾਸ ਦਾ 648ਵਾਂ ਜਨਮ ਦਿਹਾੜਾ ਪੂਰੀ ਦੁਨੀਆਂ ਵਿਚ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ





**ਚੰਡੀਗੜ੍ਹ (ਬਿਊਰੋ)** ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 648ਵਾਂ ਪ੍ਰਕਾਸ਼ ਦਿਹਾੜਾ ਅੱਜ ਪੂਰੀ ਦੁਨੀਆਂ ਵਿਚ ਵੱਖ-ਵੱਖ ਥਾਵਾਂ 'ਤੇ, ਪਿੰਡਾਂ ਅਤੇ ਸ਼ਹਿਰਾਂ ਵਿਚ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਕੱਲ੍ਹ ਬਹੁਤ ਸਾਰੀਆਂ ਥਾਵਾਂ ਤੇ ਸ਼ੋਭਾ ਯਾਤਰਾਵਾਂ ਕੱਢੀਆਂ ਗਈਆਂ।

ਪੰਜਾਬ ਦੇ ਹਰੇਕ ਪਿੰਡ ਅਤੇ ਸ਼ਹਿਰਾਂ ਵਿਚ ਸਥਿਤ ਸ੍ਰੀ ਗੁਰੂ ਰਵਿਦਾਸ ਮੰਦਰਾਂ ਵਿਚ ਅੱਜ ਖੂਬ ਰੌਣਕਾਂ ਰਹੀਆਂ ਅਤੇ ਲੰਗਰ ਲਗਾਏ ਗਏ।

ਇਸ ਦੌਰਾਨ ਦੇਸ਼ ਦੇ ਰਾਸ਼ਟਰਪਤੀ ਦਰੋਪਦੀ ਮੁਰਮੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਢਾ, ਲੋਕ ਸਭਾ ਦੇ ਸਪੀਕਰ ਓਮ ਬਿਰਲਾ, ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ, ਉਪ ਮੁੱਖ ਮੰਤਰੀ ਬ੍ਰਜੇਸ਼ ਪਾਠਕ, ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਮੋਹਨ ਯਾਦਵ, ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਬਹੁਜਨ ਸਮਾਜ ਪਾਰਟੀ ਦੀ ਪ੍ਰਧਾਨ ਮਾਇਆਵਤੀ ਆਦਿ ਆਗੂਆਂ ਨੇ ਗੁਰੂ ਰਵਿਦਾਸ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਲੋਕਾਂ ਨੂੰ ਗੁਰੂ ਰਵਿਦਾਸ ਗੁਰਪੁਰਬ ਦੀ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਦੀਆਂ ਬਰਾਬਰੀ ਤੇ ਸਮਾਜਿਕ ਨਿਆਂ ਸਬੰਧੀ ਸਿੱਖਿਆਵਾਂ 'ਤੇ ਚੱਲਣ ਦੀ ਪ੍ਰੇਰਣਾ ਦਿੱਤੀ। ਇਸੇ ਤਰ੍ਹਾਂ ਲੋਕ ਸਭਾ ਸਪੀਕਰ ਓਮ ਬਿਰਲਾ, ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਅਤੇ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਵੀ ਗੁਰੂ ਰਵਿਦਾਸ ਗੁਰਪੁਰਬ ਦੀਆਂ ਮੁਬਾਰਕਾਂ ਦਿੱਤੀਆਂ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਤੇ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਦੇਸ਼ ਵਾਸੀਆਂ ਗੁਰੂ ਰਵਿਦਾਸ ਗੁਰਪੁਰਬ ਦੀ ਮੁਬਾਰਕਬਾਦ ਦਿੱਤੀ। ਉਨ੍ਹਾਂ 'ਐਕਸ' ਉੱਤੇ ਕਿਹਾ, ''ਗੁਰੂ ਰਵਿਦਾਸ ਦੀਆਂ ਸਿੱਖਿਆਵਾਂ ਸਾਨੂੰ ਮਨੁੱਖਤਾ ਦੀ ਸੇਵਾ, ਸਮਾਜਿਕ ਸਦਭਾਵਨਾ ਤੇ ਭਾਈਚਾਰੇ ਦਾ ਸੁਨੇਹਾ ਦਿੰਦੀਆਂ ਹਨ।''

ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸੋਸ਼ਲ ਮੀਡੀਆ 'ਤੇ ਗੁਰੂ ਰਵਿਦਾਸ ਜੀ ਦਾ ਇਕ ਸ਼ਬਦ ਦੇ ਕੁਝ ਅੰਸ਼ਾਂ ਦੇ ਨਾਲ ਆਪਣੀਆਂ ਸ਼ੁਭਕਾਮਨਾਵਾਂ ਭੇਟ ਕੀਤੀਆਂ।'' ਇਸੇ ਤਰ੍ਹਾਂ ਵਾਇਨਾਡ ਤੋਂ ਕਾਂਗਰਸੀ ਸੰਸਦ ਮੈਂਬਰ ਪ੍ਰਿਯੰਕਾ ਗਾਂਧੀ ਨੇ 'ਐਕਸ' ਉੱਤੇ ਕਿਹਾ, ''ਸੰਤ ਸ਼੍ਰੋਮਣੀ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਵਸ ਦੀ ਦਿਲੋਂ ਮੁਬਾਰਕਬਾਦ। ਉਨ੍ਹਾਂ ਆਪਣੀ ਬਾਣੀ ਰਾਹੀਂ ਸਮਾਜਿਕ ਬੁਰਾਈਆਂ 'ਤੇ ਹਮਲਾ ਕੀਤਾ ਅਤੇ ਮਨੁੱਖਤਾ, ਬਰਾਬਰੀ ਤੇ ਸ਼ਾਂਤੀ ਦਾ ਸੁਨੇਹਾ ਦਿੱਤਾ।''












Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539





DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC



SAROAY
INVESTMENT REALTY
Ram Saroay
Broker/Realtor
Commercial Properties
Business License 031035
ramsaroay@hotmail.com
Cell (510) 368-3983



RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823

# SRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

www.sriguruavidasstemple.com

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।। ਕਨਕ ਕਿਟਕ ਜਲ ਤਰੰਗ ਜੈਸਾ।।1।।
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ।। ਪਿਤਤ ਪਾਵਨ ਨਾਮੁ ਕੈਸੇ ਹੁੰਤਾ।।1।। ਰਹਾਉ।।
**ਸਤਿਗੁਰੂ ਰਵਿਦਾਸ ਜੀ**






**ਸ੍ਰੀ ਗੁਰੁ ਰਵਿਦਾਸ ਸਭਾ, ਪਿਟਸਬਰਗ (ਕੈਲੇਫੋਰਨੀਆ) ਵੱਲੋਂ 16 ਫਰਵਰੀ, 2025 ਦਿਨ ਐਤਵਾਰ ਨੂੰ ਸਤਿਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਪੁਰਬ ਗੁਰੂ ਘਰ ਵਿਖੇ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਗੁਰੂ ਦੀ ਸੰਗਤ ਵੱਲੋਂ ਪਾਠ, ਪ੍ਰਸ਼ਾਦ ਅਤੇ ਲੰਗਰ ਦੀ ਸੇਵਾ ਕੀਤੀ ਜਾਵੇਗੀ।**

**ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**
14 ਫਰਵਰੀ, 2025, (ਦਿਨ ਸ਼ੁੱਕਰਵਾਰ) ਸਵੇਰੇ 9:30 ਵਜੇ
**ਨਿਸ਼ਾਨ ਸਾਹਿਬ ਜੀ ਦੀ ਸੇਵਾ**
15 ਫਰਵਰੀ, 2025 (ਦਿਨ ਸ਼ਨਿਚਰਵਾਰ) ਸਵੇਰੇ 11 ਵਜੇ
**ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ**
16 ਫਰਵਰੀ, 2025 (ਦਿਨ ਐਤਵਾਰ) ਸਵੇਰੇ 9:30 ਵਜੇ
**ਕੀਰਤਨ ਦੀਵਾਨ**
16 ਫਰਵਰੀ, 2025 (ਦਿਨ ਐਤਵਾਰ) ਦੁਪਹਿਰ 2:00 ਵਜ ਤੱਕ

**ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਗੁਰੂ ਘਰ ਹਾਜ਼ਰੀਆਂ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।**


ਸੰਤ ਕ੍ਰਿਸ਼ਨ ਨਾਥ ਜੀ ਚਹੇੜੂ ਵਾਲੇ


ਭਾਈ ਬਲਵਿੰਦਰ ਸਿੰਘ ਜੀ ਦਾ ਕੀਰਤਨੀ ਜਥਾ


ਭਾਈ ਉਂਕਾਰ ਸਿੰਘ ਜੀ ਊਨਾ ਵਾਲੇ

ਭਾਈ ਉਂਕਾਰ ਸਿੰਘ ਜੀ ਊਨਾ ਵਾਲੇ ਅਤੇ ਭਾਈ ਬਲਵਿੰਦਰ ਸਿੰਘ ਜੀ ਦਾ ਕੀਰਤਨ ਜਥਾ ਕੀਰਤਨ ਦੀਵਾਨ ਵਿਚ ਗੁਰੂ ਕੀ ਇਲਾਹੀ ਬਾਣੀ ਨਾਲ ਜੋੜ ਕੇ, ਸੰਗਤਾਂ ਨੂੰ ਨਿਹਾਲ ਕਰਨਗੇ ਤੇ ਸੰਤ ਕ੍ਰਿਸ਼ਨ ਨਾਥ ਜੀ ਚਹੇੜੂ ਵਾਲੇ ਕਥਾ ਦੁਆਰਾ ਨਿਹਾਲ ਕਰਨਗੇ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਬੇਨਤੀ ਹੈ ਕਿ ਜੋ ਵੀ ਸੰਗਤ ਲੰਗਰ ਤਿਆਰ ਕਰਨ ਅਤੇ ਸੇਵਾ ਕਰਨ, ਗੁਰੂ ਘਰ ਨੂੰ ਸਾਫ ਸੁਥਰਾ ਰੱਖਣ, ਟ੍ਰੈਫਿਕ/ਪਾਰਕਿੰਗ, ਰਸੋਈ ਸੇਵਾ, ਜੋੜਾ ਸੇਵਾ ਅਤੇ ਹੋਰ ਸੇਵਾਵਾਂ ਤਿੰਨੇ ਦਿਨ ਲਈ ਸਟਾਲ ਜਾਂ ਹੋਰ ਕਿਸੇ ਕਿਸਮ ਦੀ ਸੇਵਾ ਕਰਨ ਦੇ ਚਾਹਵਾਨ ਸੰਗਤ, ਪ੍ਰਧਾਨ **ਸੁਨੀਤਾ ਸਿੰਘ ਬੰਗੜ ਨਾਲ (415) 233-3319 ਤੇ ਜਾਂ ਚੇਅਰਮੈਨ ਵਿਨੋਦ ਕੁਮਾਰ (408) 718-2506** ’ਤੇ ਸੰਪਰਕ ਕੀਤਾ ਜਾ ਸਕਦਾ ਹੈ।

*Gurughar is open every day. Sukhmani Sahib path/ Akhand Path, Kirtan and Langar Sewa is hosted by Sangat or some devotee every Sunday.*

**16 ਫਰਵਰੀ ਅਤੇ 25 ਫਰਵਰੀ ਨੂੰ ਸਵੇਰੇ 10:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਮੈਡੀਕਲ ਕੈਂਪ ਲਗਾਏ ਜਾਣਗੇ। ਇਸ ਕਾਰਜ ਲਈ ਵੀ ਵੱਧ ਤੋਂ ਵੱਧ ਯੋਗਦਾਨ ਪਾਓ ਜੀ।**

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਸਬੰਧਤ 12 ਫਰਵਰੀ 2025 ਦਿਨ ਬੁੱਧਵਾਰ ਸ਼ਾਮ 6 ਵਜੇ ਤੋਂ 8 ਵਜੇ ਤੱਕ ਕੀਰਤਨ ਦੀਵਾਨ ਸਜਣਗੇ, ਜਿਸ ਦੌਰਾਨ ਗੁਰੂ ਘਰ ਦਾ ਰਾਗੀ ਜਥਾ ਭਾਈ ਸਾਹਿਬ ਭਾਈ ਬਲਵਿੰਦਰ ਸਿੰਘ, ਭਾਈ ਕਰਮਜੀਤ ਸਿੰਘ ਅਤੇ ਭਾਈ ਸਤਿੰਦਰ ਸਿੰਘ ਸ਼ਬਦ ਕੀਰਤਨ ਕਰਨਗੇ

## Sangat Sewadars


Chairman
Vinod Kumar


President
Sunita Singh Bangar


Gen. Secretary
Upinder Pal (Ricky)


Treasurer
Shinder Pal Narabut

ੴ


# ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648 ਵੇਂ ਗੁਰਪੁਰਬ ਦੀ ਸਮੂਹ ਸੰਗਤ ਨੂੰ ਕੋਟਿਨ ਕੋਟ ਵਧਾਈਆਂ

"ਬੋਲੇ ਸੋ ਨਿਹਾਲ, ਸਤਿਗੁਰੂ ਰਵਿਦਾਸ ਮਹਾਰਾਜ ਕੀ ਜੈ"

॥ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ॥

ਗੁਰੂ ਪਿਆਰੀ ਸਾਧ ਸੰਗਤ ਜੀ,

ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ 16 ਫ਼ਰਵਰੀ ਦਿਨ ਐਤਵਾਰ ਨੂੰ ਬੜੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ, ਆਪ ਸਮੂਹ ਸੰਗਤ ਨੂੰ ਬੇਨਤੀ ਜੋਦੜੀ ਹੈ ਕਿ ਆਪ ਜੀ ਨੇ ਆਪਣੇ ਪਰਿਵਾਰ ਸਮੇਤ ਹੁੰਮ ਹੁਮਾ ਕੇ ਇਸ ਪਾਵਨ ਤੇ ਪਵਿੱਤਰ ਦਿਹਾੜੇ ਨੂੰ ਮਨਾਉਣ ਲਈ ਭਰਵੀਂ ਹਾਜ਼ਰੀ ਭਰਨੀ ਹੈ ਜੀ। ਇਸ ਵਿੱਚ ਦੁਨੀਆਂ ਭਰ ਤੋਂ ਪ੍ਰਸਿੱਧ ਰਾਗੀ ਢਾਡੀ ਕੀਰਤਨੀਆਂ ਜੱਥੇ ਅਤੇ ਕਥਾਵਾਚਕ ਗੁਰੂ ਜੀ ਦੀ ਇਲਾਹੀ ਬਾਣੀ ਦਾ ਕੀਰਤਨ ਕਰਨਗੇ, ਕਥਾਵਾਚਕ ਗੁਰੂ ਜੀ ਦੀ ਜੀਵਨ ਘਾਲਣਾ ਬਾਰੇ ਜਾਣਕਾਰੀ ਭਰਪੂਰ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ।



DHAN DHAN SHRI GURU RAVIDAS MAHARAJ JI

ਗੁਰਪੁਰਬ ਨੂੰ ਮਨਾਉਂਦਿਆਂ ਹਰ ਸਾਲ ਦੀ ਤਰ੍ਹਾਂ ਗਿਆਰਾਂ ਅਖੰਡ ਪਾਠਾਂ ਦੀ ਲੜੀ ਆਰੰਭ ਕੀਤੀ ਜਾਵੇਗੀ॥

## ਗੁਰੂ ਘਰ ਦੇ ਸੇਵਾਦਾਰ ਗ੍ਰੰਥੀ ਸਿੰਘ



ਬਾਬਾ ਬ੍ਰਹਮ ਦਾਸ ਜੀ | ਗਿਆਨੀ ਓਂਕਾਰ ਸਿੰਘ ਜੀ | ਭਾਈ ਰੂਪ ਸਿੰਘ ਜੀ | ਭਾਈ ਦਿਲਬਾਗ ਸਿੰਘ ਜੀ | ਭਾਈ ਸਰਬਜੀਤ ਸਿੰਘ ਜੀ | ਭਾਈ ਸਤਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਦਰਬਾਰ ਸਾਹਿਬ

ਇਸ ਪਾਵਨ ਤੇ ਪਵਿੱਤਰ ਦਿਹਾੜੇ ਨੂੰ ਮਨਾਉਂਦਿਆਂ ਰਾਤਰੀ ਤੇ ਦਿਨ ਦੇ ਦੀਵਾਨ ਸਜਾਏ ਜਾਣਗੇ, ਵੱਖ-ਵੱਖ ਸੁਆਦਲੇ ਪਕਵਾਨਾਂ ਦੇ ਲੰਗਰ ਤਾਜ਼ੀਆਂ ਜਲੇਬੀਆਂ, ਤਾਜ਼ੀ ਰਸ, ਛੋਲੇ ਭਟੂਰੇ, ਵੈਜੀ ਬਰਗਰ, ਫਰੂਟ ਚਾਟ ਆਦਿ ਅਤੁੱਟ ਵਰਤਣਗੇ

## ਪਹੁੰਚ ਰਹੇ ਪ੍ਰਸਿੱਧ ਕੀਰਤਨੀ ਜਥੇ



ਭਾਈ ਹਰਚਰਨ ਸਿੰਘ ਖ਼ਾਲਸਾ ਅੰਮ੍ਰਿਤਸਰ ਵਾਲੇ | ਭਾਈ ਮਹਾਵੀਰ ਸਿੰਘ ਜੀ ਦਾ ਰਾਗੀ ਜਥਾ | ਭਾਈ ਅਮਰੀਕ ਸਿੰਘ ਗੁਰਦਾਸਪੁਰ ਵਾਲੇ

**11 ਅਖੰਡ ਪਾਠਾਂ ਸਾਹਿਬ ਦੀ ਲੜੀ ਅਰੰਭ : 3 ਫ਼ਰਵਰੀ ਸੋਮਵਾਰ**

**ਫੁੱਲਾਂ ਦੀ ਵਰਖਾ ਤੇ ਰਾਤ ਦੇ ਦੀਵਾਨ : 11 ਫ਼ਰਵਰੀ ਮੰਗਲਵਾਰ**

**ਨਿਸ਼ਾਨ ਸਾਹਿਬ ਦੀ ਸੇਵਾ : 16 ਫ਼ਰਵਰੀ 9:00 ਸਵੇਰੇ**



ਸੰਤ ਜੀਤ ਦਾਸ ਜੀ ਮਾਹਿਲ ਗਹਿਲਾਂ ਵਾਲੇ | ਭਾਈ ਸੁਖਵਿੰਦਰ ਸਿੰਘ ਜੀ ਜਲੰਧਰ ਵਾਲੇ

## ਗੁਰਪੁਰਬ ਦੇ ਵਿਸ਼ੇਸ਼ ਦੀਵਾਨ : 16 ਫ਼ਰਵਰੀ ਦਿਨ ਐਤਵਾਰ

ਸਵੇਰੇ 9 :00 ਤੋਂ ਕੀਰਤਨ ਦੀਵਾਨ ਅਰੰਭ ਹੋਣਗੇ, ਸ਼ਾਮ 5:00 ਨਿਰੰਤਰ ਜਾਰੀ ਰਹਿਣਗੇ

ਢਾਡੀ ਜੱਥਾ :



ਭਾਈ ਮੋਹਣ ਸਿੰਘ ਬਡਾਣਾ, ਸਾਰੰਗੀ ਮਾਸਟਰ ਭਾਈ ਚਮਕੌਰ ਸਿੰਘ ਜਲਾਲਾਬਾਦੀ ਤੇ ਭਾਈ ਅਮਰਜੀਤ ਸਿੰਘ ਸੰਧੂ

## ਆਪ ਸਮੂਹ ਸੰਗਤਾਂ ਦੇ ਗੁਰੂ ਘਰ ਦੀਆਂ ਦਹਿਲੀਜ਼ਾਂ ਤੇ ਸਤਿਕਾਰ ਸਹਿਤ ਉਡੀਕਵਾਨ ਸਮੂਹ ਪ੍ਰਬੰਧਕ

ਪ੍ਰਬੰਧਕ ਕਮੇਟੀ ਮੈਂਬਰ



President: Paramjit Kamam | Chairman: Jaswinder Singh Billa | Senior Vice President: Gurdyal Ram Ladoo | Vice President: Paramjit Lal | General Secretary: Charanjit Jhally | Joint Secretary: Balvinder Bhaura | Head Cashiers: Kirpal Singh | Joint Cashiers: Manohar Kaler | Public Relations Secretary : Tawinder Singh Bains | ਲੰਗਰ ਇੰਨਚਾਰਜ : ਭਾਈ ਗੁਰਨਾਮ ਸਿੰਘ ਵਿਰਦੀ

ਟਰੱਸਟੀ ਮੈਂਬਰ



ਸੁਰਜ ਪ੍ਰਕਾਸ਼ | ਸਤਨਾਮ ਸਿੰਘ | ਲਖਵੀਰ ਕਟਾਰੀਆ | ਮਹਿੰਦਰ ਰਾਮ | ਅਵਤਾਰ ਭਾਟੀਆ | ਬਲਜਿੰਦਰ ਕੁਮਾਰ | ਬੂਟਾ ਰਾਮ | ਅਸ਼ਵਨੀ ਦਾਦਰਾ | ਸੁਖਵਿੰਦਰ ਸਿੰਘ ਵਿਰਦੀ | ਰਾਮੇਸ਼ ਮਹੇ

YouTube ਪ੍ਰੋਗਰਾਮ ਦਾ ਸਿੱਧਾ ਲਾਈਵ ਪ੍ਰਸਾਰਣ ਯੂ-ਟਿਊਬ ਚੈਨਲ : www.shri guru Ravidas sabha of New York LIVE

# SHRI GURU RAVIDAS SABHA OF NEW YORK INC.

61-01 BROADWAY, WOODSIDE, NY 11377 TEL: 1-929-462-0184 guruavidassnyc@gmail.com



ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ



## ਜੀ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648 ਵੇਂ ਆਗਮਨ ਪੁਰਬ ਦੇ ਸਬੰਧ ਵਿਚ ਗੁਰੂ ਘਰ ਵਿਖੇ ਸਮਾਗਮ ਕਰਵਾਏ ਜਾ ਰਹੇ ਹਨ।

7 ਫਰਵਰੀ ਤੋਂ ਪ੍ਰਭਾਤ ਫੇਰੀਆਂ ਆਰੰਭ ਹੋਣ ਜਾ ਰਹੀਆਂ ਹਨ।

ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਦਿਹਾੜੇ ਵਾਲੇ ਦਿਨ ਮੰਗਲਵਾਰ ਸਾਮ 6 ਵਜੇ ਤੋਂ ਰਾਤ 12 ਵਜੇ ਤੱਕ ਰੈਣ ਸਬਾਈ, ਕੀਰਤਨ ਦਰਬਾਰ ਰਾਤ 1 ਵਜੇ ਤੱਕ ਹੋਣਗੇ।

21 ਫਰਵਰੀ 2025 ਦਿਨ ਸ਼ੁੱਕਰਵਾਰ ਨੂੰ ਗੁਰਪੁਰਬ ਦੀਆਂ ਖੁਸ਼ੀਆਂ ਵਿਚ ਸ੍ਰੀ ਅਖੰਡ ਪਾਠ ਸਾਹਿਬ ਜੀ ਸਵੇਰੇ 10 ਵਜੇ ਅਰੰਭ ਕੀਤੇ ਜਾਣਗੇ। 22 ਫਰਵਰੀ 2025 ਦਿਨ ਸ਼ਨਿਚਰਵਾਰ ਸ਼ਾਮ 3.30 ਵਜੇ ਨਿਸ਼ਾਨ ਸਾਹਿਬ ਜੀ ਦੇ ਚੋਲੇ ਬਦਲੇ ਜਾਣਗੇ ਅਤੇ 23 ਫਰਵਰੀ 2025 ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਇਸ ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਦੌਰਾਨ ਪ੍ਰਸਿੱਧ ਰਾਗੀ/ਢਾਡੀ ਜਥੇ, ਕਥਾਵਾਚਕ ਗੁਰਬਾਣੀ ਅਤੇ ਧਾਰਮਿਕ ਵਾਰਾਂ ਅਤੇ ਕਥਾ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

### ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:



ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ- ਪ੍ਰਧਾਨ

ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) 530 713 1823, ਦਲਵਿੰਦਰ ਰੱਲ੍ਹ (ਵਾਈਸ ਚੇਅਰਮੈਨ) 530 933 3938

ਹੈਡ ਗ੍ਰੰਥੀ ਭਾਈ ਅਰਵਿੰਦ ਸਿੰਘ, ਗੁਰੂ ਘਰ ਦਾ ਫੋਨ ਨੰਬਰ 530 674 2564



ਸ੍ਰੀ ਦਲਵਿੰਦਰ ਰੱਲ੍ਹ- ਵਾਈਸ ਚੇਅਰਮੈਨ



ਸ੍ਰੀ ਗੁਰਨਾਮ ਸਿੰਘ ਭੰਡਾਲ- ਚੇਅਰਮੈਨ



ਸ੍ਰੀ ਜਗਮੇਲ ਸਿੰਘ- ਜਨਰਲ ਸਕੱਤਰ



ਸ੍ਰੀ ਜਸਵਿੰਦਰ ਸਿੰਘ- ਵਾਈਸ ਜਨਰਲ ਸਕੱਤਰ



ਸ੍ਰੀ ਰਾਮ ਸੇਵਕ ਭਾਟੀਆ- ਕੈਸ਼ੀਅਰ



ਸ੍ਰੀ ਕਿਸ਼ੋਰ ਬੰਗੜ - ਵਾਈਸ ਕੈਸ਼ੀਅਰ



ਸ੍ਰੀ ਗੁਰਦੀਪ ਸਿੰਘ ਹੀਰਾ- ਸਟੇਜ ਸਕੱਤਰ



ਸ੍ਰੀ ਪ੍ਰਸ਼ੋਤਮ ਸੂਦ - ਟਰੱਸਟੀ

### ਗੁਰੂ ਘਰ ਦੇ ਮੌਜੂਦਾ ਸੇਵਾਦਾਰ

ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ- ਪ੍ਰਧਾਨ, ਸ੍ਰੀ ਗੁਰਨਾਮ ਸਿੰਘ ਭੰਡਾਲ- ਚੇਅਰਮੈਨ, ਸ੍ਰੀ ਦਲਵਿੰਦਰ ਰੱਲ੍ਹ- ਵਾਈਸ ਚੇਅਰਮੈਨ

ਸ੍ਰੀ ਜਗਮੇਲ ਸਿੰਘ- ਜਨਰਲ ਸਕੱਤਰ, ਸ੍ਰੀ ਜਸਵਿੰਦਰ ਸਿੰਘ- ਵਾਈਸ ਜਨਰਲ ਸਕੱਤਰ, ਸ੍ਰੀ ਰਾਮ ਸੇਵਕ ਭਾਟੀਆ- ਹੈਡ ਕੈਸ਼ੀਅਰ

ਸ੍ਰੀ ਕਿਸ਼ੋਰ ਕੁਮਾਰ - ਵਾਈਸ ਕੈਸ਼ੀਅਰ, ਸ੍ਰੀ ਗੁਰਦੀਪ ਸਿੰਘ ਹੀਰਾ- ਸਟੇਜ ਸਕੱਤਰ, ਪ੍ਰਸ਼ੋਤਮ ਸੂਦ - ਟਰੱਸਟੀ

**SHRI GURU RAVIDASS TEMPLE, 1480 HAYNE AVE YUBA CITY, CA 95993**

# ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ, ਸੇਲਮਾ

ਐਸੀ ਲਾਲ ਤੁਝ ਬਿਨ ਕਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥




ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ



Picture credit: Rajesh Chumber Nagra

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

ਗੁਰੂ ਪਿਆਰੀ ਸਾਧ ਸੰਗਤ ਜੀ ਆਪ ਸਭ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ ਮਿਤੀ 21, 22 ਅਤੇ 23 ਫਰਵਰੀ 2025 ਨੂੰ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਸੈਲਮਾਂ ਵਿਖੇ ਬੜੀ ਸ਼ਰਧਾ, ਪਿਆਰ, ਸਤਿਕਾਰ ਅਤੇ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਸਮੂਹ ਪਰਿਵਾਰ ਸਮੇਤ ਤਿੰਨੋ ਦਿਨ ਗੁਰੂ ਘਰ ਵਿਖੇ ਆਪਣੀਆਂ ਹਾਜ਼ਰੀਆਂ ਲਗਾ ਕੇ ਗੁਰੂ ਸਾਹਿਬ ਜੀ ਦਾ ਪਿਆਰ ਅਤੇ ਖੁਸ਼ੀਆਂ ਪ੍ਰਾਪਤ ਕਰੋ ਜੀ।

**ਪ੍ਰੋਗਰਾਮਾਂ ਦਾ ਵੇਰਵਾ**

*ਸ਼ੁਕਰਵਾਰ, 21 ਫਰਵਰੀ, 2025*
ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭਤਾ - ਸਵੇਰੇ 10:30 ਵਜੇ
ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ- ਸਵੇਰੇ 9 ਤੋਂ 10 ਵਜੇ ਤੱਕ

*ਐਤਵਾਰ, 23 ਫਰਵਰੀ 2025*
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ - 11 ਵਜੇ
ਉਪਰੰਤ ਗੁਰੂ ਜੀ ਦੇ ਕੀਰਤਨੀ ਸਿੰਘ ਇਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ

**ਸੰਗਤ ਦੇ ਸੇਵਾਦਾਰ**

ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ :
**ਦੇਵਰਾਜ ਸਿੰਘ 559-916-6202, ਮਨੋਹਰ ਗਾਦੜਾ 559-546-3437**

**Address: 2650 Blaine Avenue Selma (CA) 93662**

ਦੇਸ਼ ਦੁਆਬਾ

# ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ॥

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਅਤੇ ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਜਿਸ ਖ਼ਾਸ ਨੁਕਤੇ ਦੇ ਉੱਤੇ ਕੇਂਦਰਿਤ ਹਨ, ਉਹ ਹੈ ਇਨਸਾਨ ਦੇ ਅੰਦਰ ਸਵੈ-ਮਾਣ, ਸਵੈ-ਨਿਰਭਰਤਾ ਅਤੇ ਕਿਰਤ ਦੇ ਮਾਧਿਅਮ ਰਾਹੀਂ ਇੱਕ ਅਜਿਹੇ ਰਾਜ ਦਾ ਨਿਰਮਾਣ ਕਰਨਾ ਹੈ ਜਿਸ ਵਿੱਚ ਕੋਈ ਵੀ ਕਿਸੇ ਕਿਸਮ ਦੀ ਨੀਚ-ਊਚ, ਭੇਦ ਭਾਵ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿੱਚ ਵਿਆਖਿਆਨ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਭਾਰਤ ਦੇ ਬਿਪਰਵਾਦੀ ਕੇਂਦਰ ਕਾਂਸ਼ੀ ਵਿਖੇ ਵੱਡੇ-ਵੱਡੇ ਬਿਪਰਾਂ ਨੂੰ ਇਸ ਗੱਲ ਦਾ ਅਹਿਸਾਸ ਚੰਗੀ ਤਰ੍ਹਾਂ ਕਰਵਾ ਦਿੱਤਾ ਸੀ ਕਿ ਵਡਿਆਈ, ਨਾ ਬਰਾਬਰਤਾ ਵਿੱਚ ਨਹੀਂ ਹੈ, ਸਗੋਂ ਬਰਾਬਰਤਾ ਦਾ ਹੀ ਦੂਸਰਾ ਨਾਂ ਵਡਿਆਈ ਹੈ। ਗੁਰੂ ਜੀ ਨੇ ਬਰਾਬਰਤਾ ਦਾ ਨਾਹਰਾ ਬੁਲੰਦ ਕਰਦੇ ਹੋਏ ਕਾਂਸ਼ੀ ਵਿਖੇ ਇੱਕ ਨਵੀਂ ਤਰ੍ਹਾਂ ਦੀ ਸ਼ਾਂਤੀ ਲਹਿਰ ਦਾ ਆਗਾਜ਼ ਕਰਕੇ ਭਾਰਤ ਦੀ ਮੂਲਨਿਵਾਸੀ ਕੌਮ ਨੂੰ ਉਤਸ਼ਾਹਿਤ ਕੀਤਾ। ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ॥

ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ॥ ਇਸ ਗੱਲ ਦੀ ਗਵਾਹ ਹੈ ਕਿ ਜਦ ਤੱਕ ਇਨਸਾਨ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਬਾਹਰ ਨਹੀਂ ਆ ਜਾਂਦਾ, ਉਦੋਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਕਿਸੇ ਵੀ ਪੱਧਰ ਤੇ ਬਰਾਬਰਤਾ ਦੀ ਗੱਲ ਕਰਨਾ ਤੱਥਾਂ ਤੋਂ ਦੂਰ ਹੋਣਾ ਹੈ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਲਾਮੀ ਤੋਂ ਛੁਟਕਾਰਾ ਦਵਾਉਣ ਲਈ ਜਿਸ ਮਾਰਗ ਨੂੰ ਚੁਣਿਆ ਉਹ ਸੀ ਕਿਰਤ, ਸਵੈ-ਆਤਮ ਵਿਸ਼ਵਾਸ ਅਤੇ ਨਿਡਰਤਾ। ਉਨ੍ਹਾਂ ਦਾ ਬਰਾਬਰਤਾ ਨੂੰ ਹਾਸਿਲ ਕਰਨ ਦਾ ਸਿਧਾਂਤ ਆਪਣੇ ਆਪ ਵਿੱਚ ਅਲੱਗ ਕਿਸਮ ਦੀ ਮਿਸਾਲ ਪੇਸ਼ ਕਰਦਾ ਹੈ। ਉਹ ਚਾਹੁੰਦੇ ਸਨ ਜਿਸ ਜਾਤ ਪਾਤ ਸਿਧਾਂਤ ਨੇ ਭਾਰਤ ਦੇ ਮੂਲਨਿਵਾਸੀ ਵਰਗ ਨੂੰ ਗੁਲਾਮੀ ਦੀਆਂ ਕਾਲ-ਕੋਠੜੀਆਂ ਵਿੱਚ ਸਦੀਆਂ ਤੋਂ ਬੰਦ ਕੀਤਾ ਹੈ, ਉਸ ਨੂੰ ਜਿਸ ਤਰੀਕੇ ਨਾਲ ਗੁਲਾਮੀ ਤੋਂ ਮੁਕਤ ਕਰਵਾਉਣਾ ਹੈ, ਉਹ ਤਰੀਕਾ ਸੱਚਾ ਤੇ ਸੁੱਚਾ ਹੀ ਨਹੀਂ ਹੋਣਾ ਚਾਹੀਦਾ, ਬਲਕਿ ਅਪਰਾਧੀਆਂ ਨੂੰ ਵੀ ਉਨ੍ਹਾਂ ਦੇ ਅਪਰਾਧ ਤੋਂ ਅਜ਼ਾਦ ਕਰਵਾ ਕੇ ਬਰਾਬਰਤਾ ਦੇ ਸਮਾਜ ਵਿੱਚ ਉਨ੍ਹਾਂ ਦਾ ਯੋਗਦਾਨ ਹਾਸਿਲ ਕਰੇ। ਗੁਰੂ ਜੀ ਦਾ ਜਾਤ ਪਾਤ ਨੂੰ ਖਤਮ ਕਰਨ ਦਾ ਸਿਧਾਂਤ ਜ਼ਾਤ ਅਭਿਮਾਨੀਆਂ ਨੂੰ ਭਗਤੀ ਦੇ ਮਾਧਿਅਮ ਰਾਹੀਂ ਸੋਝੀ ਦੇ ਕੇ ਇੱਕ ਵਿਸ਼ਾਲ ਅਤੇ ਨਿਰਮਾਣ ਦਾ ਮੌਕਾ ਦਿੰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ ॥ ਜੋ ਹਮ ਸਹਰੀ ਸੋ ਮੀਤ ਹਮਾਰਾ॥ ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੇ ਸ਼ਹਿਰ ਵਿੱਚ ਜੋ ਸ਼ਖਸ ਉਨ੍ਹਾਂ ਦੇ ਇਸ ਸਿਧਾਂਤ ਨੂੰ ਅਪਨਾਉਂਦਾ ਗੁਰੂ ਰਵਿਦਾਸ ਜੀ ਉਸ ਨੂੰ ਆਪਣਾ ਮਿੱਤਰ ਸਮਝਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਹੱਕਦਾਰ ਉਹੀ ਬਣ ਸਕਦਾ ਹੈ, ਜਿਸ ਨੇ ਜਾਤੀ ਪਾਤੀ ਘਿਨਾਉਣੀ ਵੰਡ ਨੂੰ ਤਿਆਗ ਕੇ ਬਰਾਬਰਤਾ ਦਾ ਸਿਧਾਂਤ ਅਪਨਾ ਲਿਆ ਹੈ। ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਾਵਨ ਸਿੱਖਿਆਵਾਂ ਤੋਂ ਸਬਕ ਸਿਖਦੇ ਹੋਏ ਜਿਸ ਆਦਿ ਧਰਮ ਲਹਿਰ ਦੀ ਉਸਾਰੀ ਕਰਦੇ ਹਨ, ਉਸ ਦੀ ਸ਼ੁਰੂਆਤ ਅਤੇ ਅੰਤ ਦਾ ਰਸਤਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਬਰਾਬਰਤਾ ਦੇ ਸਿਧਾਂਤਾਂ ਵਿੱਚੋਂ ਹੀ ਹੋ ਕੇ ਜਾਂਦਾ ਹੈ। ਬਾਬਾ ਮੁਗੋਵਾਲੀਆ ਜੀ ਨੇ ਆਦਿ ਧਰਮ ਦੀ ਲਹਿਰ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਨੂੰ ਅਪਨਾਇਆ, ਜਿਸ ਵਿੱਚੋਂ ਸੋਹੰ ਦਾ ਚਿੰਨ੍ਹ ਚੁਣ ਕੇ ਬ੍ਰਾਹਮਣਵਾਦੀ ਕਾਣੀ ਵੰਡ ਦੇ ਖਾਤਮੇ ਦਾ ਬਿਗਲ ਵਜਾਇਆ।

ਉਨ੍ਹਾਂ ਦੀ ਆਦਿ ਧਰਮ ਦੀ ਲਹਿਰ ਜਿੱਥੇ ਅੰਗਰੇਜ਼ ਸਰਕਾਰ ਤੋਂ ਵੱਖਰੇ ਧਰਮ ਦੀ ਮੰਗ ਕਰਦੇ ਹੋਏ ਦਲਿਤ ਮੁਕਤੀ ਦਾ ਆਦੀ ਬਾਣ ਛੱਡਦੀ ਹੈ। ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਸਿੱਖਿਆਵਾਂ ਨੂੰ ਅਪਨਾਉਂਦੇ ਹੋਏ ਦਲਿਤ ਸ਼ਕਤੀ ਕਰਨ ਦਾ ਨਵਾਂ, ਅਨੋਖਾ ਤੇ ਸਵੈ-ਮਾਨ ਭਰਿਆ ਮਾਰਗ ਦਿਖਾਉਂਦੀ। ਅੱਜ ਭਾਵੇਂ ਆਦਿ ਧਰਮ ਦੀ ਲਹਿਰ ਅਪਨੇ ਜਲਾਓ 'ਚ ਨਹੀਂ ਹੈ, ਪ੍ਰੰਤੂ ਜਿਸ ਕਦਰ ਪੰਜਾਬ ਦੇ ਤਕਰੀਬਨ ਹਰ ਪਿੰਡ ਕਸਬੇ ਸ਼ਹਿਰ ਅੰਦਰ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਡੇਰਿਆਂ ਅੰਦਰ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਸੰਗ ਜੁੜਦਾ ਹੈ। ਉਹ ਜਿੱਥੇ ਆਦਿ ਧਰਮ ਦੀ ਲਹਿਰ ਦੀ ਵਿਰਾਸਤ ਦੀ ਤਸਵੀਰ ਪੇਸ਼ ਕਰਦਾ ਹੈ, ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਵਿਚਲੇ ਬਰਾਬਰਤਾ ਦੇ ਸਿਧਾਂਤ ਦੀ ਮੂੰਹ ਬੋਲਦੀ ਤਸਵੀਰ ਹੈ। ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪਾਵਨ ਆਗਮਨ ਪੁਰਬ 5 ਫਰਵਰੀ ਨੂੰ ਮਨਾਏ ਜਾਣ ਦੀਆਂ ਪੂਰੀ ਦੁਨੀਆਂ ਵਿਚ ਤਿਆਰੀਆਂ ਹੋ ਰਹੀਆਂ ਹਨ। ਆਓ ਆਪਾ ਰਲ-ਮਿਲ ਕੇ ਗੁਰੂ ਸਾਹਿਬ ਦਾ ਸਾਂਝੀਵਾਲਤਾ ਦਾ ਸੰਦੇਸ਼ ਘਰ-ਘਰ ਤੱਕ ਪਹੁੰਚਾਈਏ। "ਅਦਾਰਾ ਅੰਬੇਦਕਰ ਟਾਈਮਜ਼" ਤੇ "ਦੇਸ਼ ਦੁਆਬਾ" ਦੇ ਮਾਣਯੋਗ ਪਾਠਕਾਂ, ਇਸ਼ਤਿਹਾਰ ਦਾਤਾ ਅਤੇ ਹੋਰ ਸਨੇਹੀਆਂ ਨੂੰ ਇਸ ਸ਼ੁਭ ਦਿਹਾੜੇ ਤੇ ਬਹੁਤ ਬਹੁਤ ਵਧਾਈਆਂ ਦਿੰਦਾ ਹੈ ਅਤੇ ਆਸ ਕਰਦਾ ਹੈ ਕਿ ਉਨ੍ਹਾਂ ਦਾ ਸਹਿਯੋਗ ਅਦਾਰੇ ਨੂੰ ਹਮੇਸ਼ਾਂ ਪ੍ਰਾਪਤ ਹੁੰਦਾ ਰਹੇਗਾ ਅਤੇ ਅਦਾਰਾ ਗੁਰੂ ਸਾਹਿਬਾਨ ਜੀ ਦੇ ਅਸ਼ੀਰਵਾਦ ਨਾਲ ਬਹੁਜਨ ਦੇ ਹਿੱਤਾਂ ਲਈ ਅਵਾਜ਼ ਬੁਲੰਦ ਕਰਦਾ ਰਹੇਗਾ।

**– ਪ੍ਰੇਮ ਕੁਮਾਰ ਚੁੰਬਰ**

# ਸ਼੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਪੂਜਣ ਨਹੀਂ ਸਗੋਂ ਸਮਝਣ ਅਤੇ ਅਮਲ ਕਰਨ ਦੀ ਲੋੜ

**ਅਵਤਾਰ ਲੰਗੇਰੀ**
**91-94632-60181**

ਇਤਿਹਾਸਕ ਨਜ਼ਰੀਏ ਤੋਂ ਦੇਖੀਏ ਤਾਂ ਇਤਿਹਾਸ ਗਵਾਹੀ ਭਰਦਾ ਹੈ ਕਿ ਸਰਮ-ਾਏਦਾਰੀ ਨਿਜ਼ਾਮ ਅੰਦਰ ਹਮੇਸ਼ਾ ਹੀ ਸ਼ੈਤਾਨ ਅਤੇ ਸਵਾਰਥੀ ਲੋਕਾਂ ਨੇ ਗ਼ਰੀਬ ਜਨਤਾ ਨੂੰ ਗੁਲਾਮ ਬਣਾ ਕੇ ਰੱਖਿਆ। ਇਨ੍ਹਾਂ ਨੇ ਨਾਦਰਸ਼ਾਹੀ ਹੁਕਮ ਚਲਾਏ ਆਪਣੇ ਸਵਾਰਥ ਅਤੇ ਸੁੱਖਾਂ ਲਈ ਝੂਠ ਬੇਈਮਾਨੀ ਭ੍ਰਿਸ਼ਟਾਚਾਰ ਪਾਪ ਅਤੇ ਜ਼ੁਲਮਾਂ ਦੇ ਹੱਦਾਂ ਬੰਨ੍ਹੇ ਟੱਪ ਜਾਤ ਪਾਤ ਦੇ ਨਾਂ ਤੇ ਵੰਡੀਆਂ ਪਾ ਕੇ ਅਤੇ ਕੌਮਾਂ ਧਰਮਾਂ ਤੇ ਮਜ਼ੁਬਾਂ ਵਿੱਚ ਉਲਝਾ ਕੇ ਭ੍ਰਿਸ਼ਟ ਨਿਜ਼ਾਮ ਦੀ ਉਮਰ ਲੰਬੀ ਕੀਤੀ ।

ਕੁਝ ਐਸਾ ਹੀ ਸਮਾਂ ਸੀ ਦੇਸ਼ ਵਿਚ ਅੰਧਕਾਲ। ਇਸ ਅੰਧਕਾਲ ਸਮੇਂ ਤੁਰੇ ਹਿੰਦੂ ਸਮਾਜ ਨੂੰ ਮਨੂ ਸਮਰਿਤੀ ਅਨੁਸਾਰ ਚਾਰ ਵਰਣਾਂ ਵਿੱਚ ਵੰਡਿਆ ਗਿਆ, ਇਸ ਸਮਾਜਿਕ ਵੰਡ ਨੂੰ ਧਾਰਮਿਕ ਪ੍ਰਮਾਣਕਤਾ ਦਿੱਤੀ ਗਈ ਜਿਸ ਦੇ ਬੜੇ ਕਠੋਰ ਨਿਯਮ ਸਨ।ਇਸ ਵਰਣ ਵੰਡ ਵਿੱਚ ਬ੍ਰਾਹਮਣ ਖੱਤਰੀ ਅਤੇ ਵੈਸ਼ ਉਪਰਲੇ ਤਿੰਨ ਵਰਗ ਸਨ ਅਤੇ ਚੌਥਾ ਵਰਗ ਸੀ ਸ਼ੂਦਰ। ਤਿੰਨੇ ਵਰਗ ਮਿਲ ਕੇ ਚੌਥੇ ਵਰਗ ਨੂੰ ਬਹੁਤ ਹੀ ਨੀਵਾਂ ਸਮਝਦੇ ਸਨ ਬਲਕਿ ਉਸ ਵਰਗ ਨੂੰ ਅਛੂਤ ਕਹਿੰਦੇ। ਕੁਦਰਤ ਨੇ ਮਨੁੱਖ ਜਾਤੀ ਨੂੰ ਸ਼ਕਲ ਸੂਰਤ ਕਿਸੇ ਤਰ੍ਹਾਂ ਵੀ ਕਿਸੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਪ੍ਰੰਤੂ ਸਾਡੇ ਮੁਲਕ ਵਿੱਚ ਜਨਮ ਤੋਂ ਹੀ ਸਮਾਜਿਕ ਅਤੇ ਧਾਰਮਿਕ ਅਨਿਆਂ ਕਾਰਨ ਕਿਸੇ ਤੇ ਕੋਈ ਨਾ ਕੋਈ ਜਾਤੀ ਮੋਹਰ ਲੱਗ ਜਾਂਦੀ ਹੈ। ਜਾਤਾਂ ਪਾਤਾਂ ਦੇ ਵਿਤਕਰੇ ਅਤੇ ਅਨਿਆਂ ਦੇ ਦੌਰ ਵਿੱਚ ਇੱਕ ਮਹਾਨ ਰਹਿਬਰ ਸ੍ਰੀ ਗੁਰੂ ਰਵਿਦਾਸ ਜੀ ਨੇ ਜਨਮ ਲਿਆ। ਉਨਾਂ ਦੇ ਜਨਮ ਦੇ ਵੇਰਵੇ ਅਨਿਸ਼ਚਿਤ ਅਤੇ ਵਿਵਾਦਪੂਰਨ ਹਨ। ਪਰ ਫਿਰ ਵੀ ਵਿਦਵਾਨ ਮੰਨਦੇ ਹਨ ਕਿ ਉਹਨਾ ਨੇ 1433 ਈਸਵੀ ਵਿੱਚ ਕਾਸ਼ੀ ਬਨਾਰਸ ਉੱਤਰ ਪ੍ਰਦੇਸ਼ ਵਿੱਚ ਜਨਮ ਲਿਆ। ਉਸ ਸਮੇਂ ਦੀ ਸਮਾਜਿਕ ਵਿਵਸਥਾ ਬੜੀ ਬੁਰੀ ਤਰ੍ਹਾਂ ਨਾਲ ਤਹਿਸ ਨਹਿਸ ਹੋ ਚੁੱਕੀ ਸੀ। ਛੂਦਰਾਂ ਨੂੰ ਮੰਦਰਾਂ ਵਿੱਚ ਜਾ ਕੇ ਪੂਜਾ ਕਰਨ, ਪੜ੍ਹਨ ਲਿਖਣ ਅਤੇ ਦਿਨ ਵੇਲੇ ਪਿੰਡਾਂ ਵਿੱਚ ਘੁੰਮਣ ਦੀ ਮੁਕੰਮਲ ਦੀ ਮਨਾਹੀ ਸੀ। ਜ਼ਿਆਦਾ ਤਰ ਲੋਕ ਪਿੰਡ ਤੋਂ ਬਾਹਰ ਝੁੱ-ਗੀਆਂ ਵਿੱਚ ਰਹਿ ਰਹੇ ਸਨ। ਸਮੁੱਚੇ ਰੂਪ ਵਿੱਚ ਛੂਦਰਾਂ ਦੀ ਜ਼ਿੰਦਗੀ ਪਸ਼ੂਆਂ ਤੋਂ ਵੀ ਬਦਤਰ ਚੱਲ ਰਹੀ ਸੀ ਜਿਸ ਤੇ ਉਹ ਆਪਣੀ ਜਾਤੀ ਬਾਰੇ ਡੰਕੇ ਦੀ ਚੋਟ ਨਾਲ ਆਖਦੇ ਕਿ:

ਮੇਰੀ ਜਾਤ ਕੁੱਟ ਬਾਂਢਲਾ
ਢੋਰ ਢੋਵੰਤਾ ਨਿਤਹਿ ਬਨਾਰਸੀ ਆਸ ਪਾਸਾ॥
ਗੁਰੂ ਗ੍ਰੰਥ ਸਾਹਿਬ ਪੰਨਾ 1293

ਮੌਜੂਦਾ ਦੌਰ ਅੰਦਰ ਅੱਜ ਜਦੋਂ ਅਸੀਂ ਕਿਸੇ ਤੋਂ ਉਸ ਦੀ ਜਾਤੀ ਬਾਰੇ ਪੁੱ-ਛਦੇ ਹਾਂ ਤਾਂ ਉਹ ਬੜੇ ਮਾਣ ਨਾਲ ਦੱਸਦਾ ਹੈ ਪ੍ਰੰਤੂ ਜਦੋਂ ਵੀ ਕੋਈ ਅਛੂਤ ਸਮਾਜ ਦੇ ਆਦਮੀ ਨੇ ਆਪਣੀ ਪਹਿਚਾਣ ਦੇਣੀ ਹੁੰਦੀ ਤਾਂ ਉਹ ਧੁਰ ਅੰਦਰੋਂ ਕੰਬਣ ਲੱਗਦਾ ਹੈ ਕਿ ਮੇਰੀ ਜਾਤੀ ਦਾ ਪਤਾ ਲੱਗਣ ਤੇ ਮੇਰਾ ਰੁਤਬਾ ਇਨ੍ਹਾਂ ਦੇ ਬਰਾਬਰ ਨਹੀਂ ਰਹਿਣਾ ।ਪਰ ਸਮਾਜ ਅੰਦਰ ਅਛੂਤ ਵਰਗ ਦੇ ਮਨੋਬਲ ਨੂੰ ਉੱਚਾ ਚੁੱਕਣ ਲਈ ਸ਼੍ਰੋਮਣੀ ਇਨ-ਕਲਾਬੀ ਵਿਚਾਰਧਾਰਾ ਦੇ ਮਾਲਕ ਸ੍ਰੀ ਗੁਰੂ ਰਵਿਦਾਸ ਜੀ ਤਾਂ ਉੱਚੀ ਆਵਾਜ਼ ਵਿੱਚ ਆਖਦੇ ਸਨ ਕਿ-

ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ ॥
ਜਾਤੀ ਓਸ਼ਾ ਪਾਤੀ ਓਸ਼ਾ ਓਸ਼ਾ ਜਨਮੁ ਹਮਾਰਾ ਰਾਜਾ ਰਾਮ ਕੀ ਸੇਵ ਨਾ ਕੀਨੀ ਕਹੁ ਰਵਿਦਾਸ ਚਮਾਰਾ ॥

ਗੁਰਮੁਖੀ ਹਿੰਦੀ ਫਾਰਸੀ ਤੇ ਸੰਸਕ੍ਰਿਤ ਦੇ ਪ੍ਰਸਿੱਧ ਵਿਦਵਾਨ ਭਾਈ ਗੁਰਦਾਸ ਜੀ ਜੀ ਦੀਆਂ ਵਾਰਾਂ ਨੂੰ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਮੰਨਿਆ ਜਾਂਦਾ ਹੈ। ਉਹ ਸ੍ਰੀ ਰਵਿਦਾਸ ਜੀ ਨੂੰ ਮੈਲੇ ਕੱਪੜਿਆਂ ਵਿੱਚ ਲਿਪਟਿਆ ਇਕ ਅਮੁੱਲ ਹੀਰਾ ਆਖਦੇ ਹਨ। ਉਹ ਹੀਰਾ ਜਿਸ ਦਾ ਕੋਈ ਮੁੱਲ ਨਾ ਪਾ ਸਕੇ ਅਤੇ ਸਾਰੇ ਸੰਸਾਰ ਵਿੱਚ ਜਿਸ ਦੀ ਰੋਸ਼ਨੀ ਹੋਵੇ ਜਿਵੇਂ-

ਭਗਤੁ ਭਗਤੁ ਜੱਗ ਵੱਜਿਆ ਚਹੁੰ ਚੱਕਾਂ ਵਿਚ ਚਮਰੇਟਾ॥
ਪਾਣਾ ਗੰਢੈ ਰਾਹ ਵਿਚ ਕੁੱਲਾ ਧਰਮ ਢੋਇ ਢੋਰ ਸਮੇਟਾ॥
ਜਿਉ ਕਰ ਮੈਲੇ ਚੀਥੜੇ ਹੀਰਾ ਲਾਲ ਅਮੋਲ ਪਲੇਟਾ॥
ਚਹੁੰ ਵਰਨਾ ਉਪਦੇਸ਼ ਦਾ ਗਿਆਨ ਧਿਆਨ ਕਰਿ ਭਗਤ ਸਹੇਟਾ॥

ਸ੍ਰੀ ਗੁਰੂ ਰਵਿਦਾਸ ਜੀ ਦੀ ਇਨਕਲਾਬੀ ਬਾਣੀ ਕਾਰਨ ਚਾਰੇ ਪਾਸੇ ਸੋਭਾ ਹੋਣ ਲੱਗੀ । ਸਿੱਖ ਗੁਰੂਆਂ ਤੇ ਭਗਤਾਂ ਨੇ ਉਨ੍ਹਾਂ ਦੀ ਉਸਤਤ ਵਿੱਚ ਅਮੁੱਲ ਵਿਚਾਰ ਪ੍ਰਗਟ ਕੀਤੇ ਉਨ੍ਹਾਂ ਨੂੰ ਮਹਾਨ ਰਹਿਬਰ ਅਤੇ ਸੱਚੇ ਮਾਰਗ ਦੇ ਰਾਹੀਂ ਦੱਸਿਆ, ਹੱਕ ਸੱਚ ਲਈ ਲੜਨ ਅਤੇ ਰਾਹ ਦਿਖਾਉਣ ਵਾਲਾ ਮਸੀਹਾ ਕਿਹਾ ,ਦੱਬੇ ਕੁਚਲਿਆਂ ਨੂੰ ਇਕ ਆਸ ਦੀ ਕਿਰਨ ਨਜ਼ਰ ਆਉਣ ਲੱਗੀ । ਇਸੇ ਲਈ ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਵਿਦਾਸ ਜੀ ਦੀ ਬਾਣੀ 1506 ਈਸਵੀ ਵਿਚ ਇਕੱਤਰ ਕੀਤੀ ਅਤੇ 1604 ਈਸਵੀ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ੍ਰੀ ਰਵਿਦਾਸ ਜੀ ਦੀ ਬਾਣੀ ਨੂੰ ਦਰਜ ਕਰਕੇ ਸੰਪਾਦਨਾ ਸੰ-ਪੂਰਨ ਕੀਤੀ। ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਨ ਦਾ ਇਹ ਵਰਤਾਰਾ ਸ੍ਰੀ ਰਵਿਦਾਸ ਜੀ ਪ੍ਰਤੀ ਅਥਾਹ ਸ਼ਰਧਾ ਅਤੇ ਸਤਿਕਾਰ ਦਾ ਪ੍ਰਤੀਕ ਸੀ । ਆਪ ਜੀ ਦੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 40 ਸ਼ਬਦ ਵੱਖ ਵੱਖ ਰਾਗਾਂ ਵਿੱਚ ਜਿਵੇਂ ਕਿ ਸਿਰੀਰਾਗ, ਰਾਗ ਗਾਉੜੀ, ਆਸਾ , ਗੂਜਰੀ, ਰਾਗ ਸੋਰਠਿ, ਧਨਾਸਰ, ਜੈਤਸਰੀ, ਰਾਗ ਸੂਹੀ, ਬਿੱਲਾਵਲ, ਰਾਗੁ ਗੋਂਡ, ਰਾਮਕਲੀ, ਭੈਰਉ ਬਾਣੀ,ਬਸੰਤ, ਮਲਾਰ ਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ।

ਅੱਜ ਜਦੋਂ ਸਾਰਾ ਜਗਤ ਹਰ ਰੋਜ਼ ਆਪਣੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੁੰਦਾ ਹੈ ਤਾਂ ਸ੍ਰੀ ਗੁਰੂ ਰਵਿਦਾਸ ਜੀ ਨੂੰ ਇਸ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। ਇਸ ਲਈ ਸਭ ਤੌਂ ਪਹਿਲੇ ਸਿੱਖ ਗੁਰੂ ਸਾਹਿਬਾਨ ਨੇ ਸ੍ਰੀ ਰਵਿਦਾਸ ਜੀ ਦਾ ਸੱਚਾ ਸਤਿਕਾਰ ਕੀਤਾ। ਇਸੇ ਸੰਦਰਭ ਵਿਚ ਸਤਿਕਾਰਯੋਗ ਬ੍ਰਾਹਮਣ ਵਿਦਵਾਨ ਸ੍ਰੀ ਐਸ. ਐਲ. ਪਾਂਡੇ ਲਿਖਦੇ ਹਨ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਪਵਿੱਤਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਕ ਸਨ ਉਨ੍ਹਾਂ ਨੇ 1604 ਈਸਵੀ ਵਿੱਚ ਰਵਿਦਾਸ ਜੀ ਦੀ ਬਾਣੀ ਆਪਣੇ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਕਰਕੇ ਉਨ੍ਹਾਂ ਪ੍ਰਤੀ ਭਾਰੀ ਸ਼ਰਧਾ ਦਾ ਇਜ਼ਹਾਰ ਕੀਤਾ ਹੈ । ਰਵਿਦਾਸ ਜੀ ਦੀ ਬਾਣੀ ਦਾ ਇਹ ਸੰਗ੍ਰਹਿ ਸਭ ਤੋਂ ਪਹਿਲਾਂ ਅਤੇ ਸਭ ਤੋਂ ਪ੍ਰਮਾਣਿਕ ਹੈ , ਕਿਉਂ ਜੋ ਉਨ੍ਹਾਂ ਦੀ ਰਚਨਾ ਬਾਰੇ ਹੋਰ ਤੱਥ ਅਤੇ ਲਿਖਤਾਂ ਇੰਨੀਆਂ ਪੁਰਾਣੀਆਂ ਨਹੀਂ ਜਿੰਨੀਆਂ ਜਿੰਨੀ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਹੈ।

ਅੱਜ ਅਸੀਂ ਸਾਧਾਰਨ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਤਾਂ ਟੇਕ ਰਹੇ ਹਾਂ, ਪੂਜਾ ਤਾਂ ਕਰ ਰਹੇ ਹਾਂ ਪ੍ਰੰਤੂ ਗੁਰਬਾਣੀ ਜਿਹੜਾ ਮਾਰਗ ਦੱਸ ਰਹੀ ਹੈ ਉਸ ਨੂੰ ਸਮਝਣ ਦਾ ਯਤਨ ਨਹੀਂ ਕਰ ਰਹੇ ।ਅਸੀਂ ਲੋਕ ਮੂਰਤੀ ਪੂਜਾ ਵਾਂਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੂਜ ਹੀ ਰਹੇ ਹਾਂ ਉਸ ਵਿਚਲੀ ਗੁਰੂਆਂ ਅਤੇ ਭਗਤਾਂ ਦੀ ਬਾਣੀ ਨੂੰ ਪੜ੍ਹ ਕੇ ਅਮਲ ਕਰਨ ਵੱਲ ਨਹੀਂ ਜਾ ਰਹੇ।

ਅੱਜ ਅਸੀਂ 21ਵੀਂ ਸਦੀ ਦੇ ਵਿਗਿਆਨਕ ਯੁਗ ਵਿੱਚ ਜੀਅ ਰਹੇ ਹਾਂ ਜਿਸ ਲਈ ਸਾਨੂੰ ਉਸ ਵੇਲੇ ਬੜੀ ਹੈਰਾਨੀ ਹੁੰਦੀ ਹੈ ਜਦੋਂ ਅੰਮ੍ਰਿਤ ਵੇਲੇ ਸ੍ਰੀ ਗੁਰੂ ਰਵਿਦਾਸ ਜੀ ਦੀ ਮਹਿਮਾ ਵਿਚ ਕੱਢੀਆਂ ਜਾਂਦੀਆਂ ਪ੍ਰਭਾਤ ਫੇਰੀਆਂ ਵਿੱਚ ਤਰ੍ਹਾਂ ਤਰ੍ਹਾਂ ਦੇ ਮਨਘੜ੍ਹਤ ਸ਼ਬਦ ਸੁਣਨ ਨੂੰ ਮਿਲਦੇ ਹਨ 'ਜਿਵੇਂ ਮੈਂ ਨੰਗੇ ਨੰਗੇ ਪੈਰੀਂ ਆਵਾਂ, ਰਵਿਦਾਸ ਜੀ ਗਲ ਨਾਲ ਲਾ ਲੈਣਾ 'ਤੇਰੀ ਪੂਜਾ ਕਰਨ ਲਈ ਦੁੱਧ ਲਿਆਵਾਂ, ਪੂਜਾ ਕਰਨ ਲਈ ਫੁੱਲ ਲਿਆਵਾਂ ਆਦਿ।

ਸ਼ੈਤਾਨੀ ਦਿਮਾਗ ਲੋਕਾਂ ਵੱਲੋਂ ਹਰ ਖਿੱਤੇ ਅੰਦਰ ਸ਼ੈਤਾਨੀ ਕੀਤੀ ਜਾਣੀ ਲਾਜ਼ਮੀ ਰਹੀ ਹੈ ।ਸੋ ਇਸੇ ਤਰ੍ਹਾਂ ਧਾਰਮਿਕ ਖੇਤਰ ਵਿੱਚ ਵੀ ਰੋਜ਼ੀ ਰੋਟੀ ਰੋਜ਼ੀ ਲਈ ਕਿਰਤ ਕਰਦੀ ਜਮਾਤ ਨੂੰ ਸ੍ਰੀ ਰਵਿਦਾਸ ਜੀ ਦੀ ਇਨਕਲਾਬੀ ਬਾਣੀ ਦੇ ਅਰਥਾਂ ਤੋਂ ਪਰ੍ਹੇ ਰੱਖੇ ਜਾਣ ਦੀ ਸ਼ੈਤਾਨੀ ਚਾਲ ਚਲਦੀ ਰਹਿੰਦੀ ਹੈ ਪ੍ਰੰਤੂ ਵਿਦਵਾਨ ਲੋਕਾਂ ਤੇ ਸ੍ਰੀ ਗੁਰੂ ਗ੍ਰੰਥ ਰਵਿਦਾਸ ਜੀ ਦੇ ਸ਼ਰਧਾਵਾਨ ਸੇਵਕਾਂ ਦਾ ਫ਼ਰਜ਼ ਬਣਦਾ ਹੈ ਕਿ ਰਵਿਦਾਸ ਜੀ ਦੀ ਇਨਕਲਾਬੀ ਰੱਬੀ ਬਾਣੀ ਦੇ ਸਹੀ ਅਰਥ ਲੋਕਾਂ ਸਾਹਮਣੇ ਲੈ ਕੇ ਆਉਣ। ਲੋੜਾਂ ਦੀ ਲੋੜ ਬਾਣੀ ਨੂੰ ਪੂਜਣ ਦੀ ਨਹੀਂ ਸਗੋਂ ਸਮਝਣ ਦੀ ਅਤੇ ਇਸ ਨੂੰ ਮਨੁੱਖੀ ਜੀਵਨ ਉੱਪਰ ਅਮਲੀ ਰੂਪ ਵਿੱਚ ਲਾਗੂ ਕਰਨ ਦੀ ਹੈ।

ਰਵਿਦਾਸ ਜੀ ਦੇ ਇਸ ਪਾਵਨ ਸ਼ਬਦ ਵਿੱਚੋਂ ਸ੍ਰੀ ਗੁਰੂ ਰਵਿਦਾਸ ਜੀ ਦੀ ਇਨਕਲਾਬੀ ਸੋਚ ਪ੍ਰਤੱਖ ਰੂਪ ਵਿੱਚ ਸਪਸ਼ਟ ਹੁੰਦੀ ਹੈ ਕਿ-

ਬੇਗਮਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥੧॥
ਅਬ ਮੋਹਿ ਖੂਬ ਵਤਨ ਗਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥
ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥
ਊਹਾਂ ਗਨੀ ਬਸਹਿ ਮਾਮੂਰ ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥੩॥੨॥

ਧੰਨ ਧੰਨ ਸਾਹਿਬ ਸਤਿਗੁਰੂ ਰਵਿਦਾਸ ਜੀ ਨੇ ਭਾਵੇਂ ਕੁੱਲੀ ਵਿੱਚ ਰਹਿ ਕੇ ਜੀਵਨ ਬਤੀਤ ਕੀਤਾ ਪ੍ਰੰਤੂ ਉਹ ਸੱਚੀ ਕਿਰਤ ਕਰਨ ਦੇ ਨਾਲ ਨਾਲ ਬਹੁਤ ਵੱਡੇ ਵਿਦ-ਵਾਨ ਅਤੇ ਫਿਲਾਸਫਰ ਸਨ ਉਨ੍ਹਾਂ ਵੱਲੋਂ 'ਬੇਗਮਪੁਰਾ ਸਹਰ ਕੋ ਨਾਉ' ਸ਼ਬਦ ਵਿੱਚ ਦੁਨਿਆਵੀ ਤੌਰ 'ਤੇ ਇਕ ਐਸੀ ਆਈਡਲ ਸਟੇਟ ਦੀ ਕਲਪਨਾ ਕੀਤੀ ਹੈ ਜਿਸਨੂੰ ਅਸੀਂ ਵਰਲਡ ਸਟੇਟ ਕਹਿ ਸਕਦੇ ਹਾਂ ਉਨ੍ਹਾਂ ਅਨੁਸਾਰ ਵਿਸ਼ਵ ਵਤਨ ਜਿਸ ਦਾ ਨਾਮ ਬੇਗਮਪੁਰਾ ਹੈ ਪਰਮ ਆਨੰਦ ਨਾਲ ਭਰਪੂਰ ਹੈ ਇਸ ਵਤਨ ਦਾ ਮਨੁੱਖ ਸਮਾਜਿਕ, ਸਦਾਚਾਰਕ , ਵਿੱਦਿਅਕ ਅਤੇ ਧਾਰਮਿਕ ਆਦਿ ਹਰ ਕਿਸਮ ਦੇ ਦੁੱਖ ਤੋਂ ਮੁਕਤ ਹੈ ਅਤੇ ਉਸ ਨੂੰ ਕਿਸੇ ਤਰ੍ਹਾਂ ਦੀ ਕੋਈ ਚਿੰਤਾ ਅਤੇ ਘਬਰਾਹਟ ਨਹੀਂ। ਵਿਸ਼ਵ ਦਾ ਮਨੁੱਖ ਮਾਨਸਿਕ ਤੌਰ ਤੇ ਸੁਤੰਤਰ ਹੈ, ਮਨੁੱਖ ਨੂੰ ਕੋਈ ਟੈਕਸ ਦੇਣ ਦੀ ਘਬਰਾਹਟ ਨਹੀਂ ਅਤੇ ਨਾ ਹੀ ਇੱਕ ਰਾਜੇ ਵੱਲੋਂ ਦੂਸਰੇ ਰਾਜਾਂ ਨੂੰ ਅਧੀਨਗੀ ਕਰ ਦੇਣ ਦੀ ਚਿੰਤਾ ਹੈ ਭਾਵ ਇਸ ਪਾਤਸ਼ਾਹੀ ਵਿੱਚੋਂ ਕੋਈ ਰਾਜਾ ਨਹੀਂ ਹੈ। ਇੱਥੇ ਸਾਮੰਤੀ ਯੁੱਗ ਦਾ ਖ਼ਾਤਮਾ ਹੈ ਇਸੇ ਕਾਰਨ ਇੱਥੇ ਕਿਸੇ ਦੀ ਕੋਈ ਜ਼ੱਦੀ ਜਾਂ ਨਿੱਜੀ ਜਾਇਦਾਦ ਨਹੀਂ ਹੈ। ਇੱਥੋਂ ਦਾ ਸ਼ਹਿਰੀ ਆਰਥਿਕ ਤੌਰ ਤੇ ਸੁਤੰਤਰ ਹੈ ,ਇਹ ਸਮਾਜਵਾਦੀ ਲੋਕਤੰਤਰ ਯੁੱਗ ਹੈ ਸੋ ਰਾਜਾਂ ਦੇ ਜ਼ੁਲਮਾਂ ਦਾ ਡਰ ਨਹੀਂ ਹੈ। ਆਪਸੀ ਵੈਰ ਵਿਰੋਧ ਨਹੀਂ ਹੈ। ਇਸ ਵਤਨ ਦਾ ਸ਼ਹਿਰੀ ਨਿਰਭਉ ਤੇ ਨਿਰਵੈਰ ਹੈ, ਇੱਥੋਂ ਤੱਕ ਕਿ ਇੱਛਾਵਾਂ ਤੇ ਕਾਬੂ ਹੋਣ ਕਰਕੇ ਕਿਸੇ ਵੀ ਕਿਸਮ ਦੀ ਅਵਉਨਤੀ ਦਾ ਡਰ ਨਹੀਂ ਹੈ। ਇਸ ਤਰ੍ਹਾਂ ਇੱਥੋਂ ਦਾ ਸ਼ਹਿਰੀ ਰਾਜਨੀਤਕ ਤੌਰ ਤੇ ਸੁਤੰਤਰ ਹੈ ਸਿੱਟੇ ਵਜੋਂ ਵਿਸ਼ਵ ਵਤਨ ਹਰ ਪੱਖੋਂ ਪਰਮ ਆਨੰਦ ਨਾਲ ਭਰਪੂਰ ਹੈ।

ਹੇ ਮੇਰੇ ਭਾਈ! ਹੁਣ ਮੈਂ ਅਜਿਹੇ ਉੱਤਮ ਵਤਨ ਦਾ ਸ਼ਹਿਰੀ ਹਾਂ ਜਿੱਥੇ ਹਰ ਤਰ੍ਹਾਂ ਦਾ ਹਰ ਪੱਖੋਂ ਉਤਮ ਸੁਖ ਹੈ। ਸਦੀਵੀਂ ਪਰਮ ਆਨੰਦ ਹੈ। ਸੋ ਇਹ ਵਿਸ਼ਵ ਮਾਨਵਵਾਦੀ ਵਤਨ ਹੈ, ਜਿਥੇ ਪਾਤਸ਼ਾਹ ਤੇ ਪਰਜਾ ਦਾ ਰਿਸ਼ਤਾ ਸਦੀਵੀ ਸੁਖ, ਆਨੰਦ ਅਤੇ ਪਿਆਰ ਵਾਲਾ ਹੈ। ਇਹ ਸਥਿਰ, ਅਟੱਲ ਅਤੇ ਸੀਮਾ ਰਹਿਤ ਸਦੀਵੀਂ ਪਾਤਸ਼ਾਹੀ ਹੈ। ਇਹ ਰੂਹਾਨੀ ਵਿਸ਼ਵ ਵਤਨ ਸਦਾ ਤੋਂ ਹੀ ਪ੍ਰਸਿੱਧ ਹੈ। ਇਸ ਦੇ ਸ਼ਹਿਰੀ ਦੂਜੇ ਅਤੇ ਤੀਜੇ ਦਰਜੇ ਦੇ ਨਹੀਂ ਹਨ, ਉਨ੍ਹਾਂ ਕੋਲ ਹਰ ਪੱਖੋਂ ਹਰ ਖੇਤਰ ਵਿੱਚ ਬਰਾਬਰੀ ਵਾਲੇ ਅਧਿਕਾਰ ਹਨ । ਉਹ ਸਦਾਚਾਰਕ ਅਤੇ ਆਤਮਕ ਸ਼ਕਤੀ ਵਿੱਚ ਭਰਪੂਰ ਸੂਝ ਬੂਝ ਅਤੇ ਸਬਰ ਸੰਤੋਖ ਵਾਲੇ ਹਰ ਪੱਖੋਂ ਸੰਤੁਸ਼ਟ ਹਨ। ਇੱਥੇ ਤਾਨਾਸ਼ਾਹੀ ਨਹੀਂ ਹੈ, ਇਹ ਵਿਸ਼ਵ ਸਰਕਾਰ ਨਿਆਂ ਬਰਾਬਰੀ ਅਤੇ ਅਤੇ ਪਿਆਰ ਵਿੱਚ ਜਨਮੀ ਹੈ। ਇਸ ਦਾ ਭਾਈਚਾਰਾ ਸੂਝ ਬੂਝ, ਸਬਰ ਸੰਤੋਖ ਸਦਾਚਾਰਕ ਅਤੇ ਆਤਮਕ ਸ਼ਕਤੀ ਸੰਪੰਨ ਹੈ।

ਬੇਗਮਪੁਰਾ ਦੇ ਵਾਸੀ ਜਿੱਥੇ ਵੀ ਚਾਹੁਣ ਆਨੰਦ ਨਾ ਘੁੰਮ ਫਿਰ ਸਕਦੇ ਹਨ। ਮਹਿਲਾਂ ਦੇ ਪੂਰਨ ਭੇਤੀ ਵੀ ਉਨ੍ਹਾਂ ਨੂੰ ਨਹੀਂ ਰੋਕਦੇ । ਭਾਵ ਪਰਜਾ ਪਾਤਸ਼ਾਹ ਦੇ ਹਰ ਭੇਦ ਤੋਂ ਜਾਣੂ ਹੈ। ਪਾਤਸ਼ਾਹ ਤੇ ਪਰਜਾ ਦੇ ਪਰਸਪਰ ਸਬੰਧ ਡੂੰਘੇ ਵਿਸ਼ਵਾਸ ਅਤੇ ਪ੍ਰੇਮ ਤੇ ਟਿਕੇ ਹੋਏ ਹਨ । ਇਸ ਵਤਨ ਦੇ ਵਾਸੀ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੋ ਵੀ ਇਸ ਵਿਸ਼ਵ ਵਤਨ ਦਾ ਸ਼ਹਿਰੀ ਹੈ, ਉਹੋ ਹੀ ਸਾਡਾ ਮਿੱਤਰ ਹੈ, ਭਾਵ ਸਮੁੱਚਾ ਵਿਸ਼ਵ ਸਮਾਜ ਮਿੱਤਰਤਾ ਵਿਚ ਬੱਝਿਆ ਹੋਇਆ ਹੈ। ਵਿਸ਼ਵ ਭਾਈਚਾਰੇ ਦਾ ਆਧਾਰ ਕੇਵਲ ਤੇ ਕੇਵਲ ਆਪਸੀ ਪਿਆਰ ਹੀ ਹੈ । ਇਹੋ ਹੀ ਵਿਸ਼ਵ ਸਰਕਾਰ ਦਾ ਆਧਾਰ ਅਤੇ ਇਹੋ ਹੀ ਬੇਗਮਪੁਰਾ ਹੈ।


ਸੋ ਗੁਰੂ ਸਾਹਿਬ ਜੀ ਵੱਲੋਂ ਦਰਸਾਇਆ ਬੇਗਮਪੁਰਾ ਸਮਾਜ ਦੇ ਦੱਬੇ ਕੁਚਲੇ ਵਰਗ ਲਈ ਗੁਰੂ ਰਵਿਦਾਸ ਜੀ ਦੀ ਕਲਪਨਾ ਸੀ। ਜਿਸ ਦੀ ਪੂਰਤੀ ਲਈ ਅੱਜ ਸਾਨੂੰ ਆਪਣੇ ਬੱਚਿਆਂ ਅਤੇ ਨੌਜਵਾਨ ਪੀੜ੍ਹੀ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੀ ਇਨਕਲਾਬੀ ਬਾਣੀ ਦੇ ਅਰਥਾਂ ਨੂੰ ਸਮਝਾਉਣ ਲਈ ਪਿੰਡ ਪਿੰਡ ਚੇਤਨਾ ਪਰਖ ਪ੍ਰੀਖਿਆਵਾਂ, ਸੈਮੀਨਾਰ ਅਤੇ ਵਿਚਾਰ ਚਰਚਾਵਾਂ ਕਰਾਉਣ ਦੀ ਅਣਸਰਦੀ ਲੋੜ ਹੈ ਕਿਤੇ ਅਜਿਹਾ ਨਾ ਹੋ ਜਾਵੇ ਕਿ ਅਸੀਂ ਪੂਜਾ ਹੀ ਕਰਦੇ ਰਹਿ ਜਾਈਏ ਸਗੋਂ ਸਾਨੂੰ ਸਭ ਨੂੰ ਹਕੀਕੀ ਕੰਮ ਨੂੰ ਵੀ ਪੂਜਾ ਸਮਝਣ ਦੀ ਲੋੜ ਬਣਦੀ ਹੈ ਤਾਂ ਜੋ ਬੇਗਮਪੁਰੇ ਦੇ ਸੰਕਲਪ ਨੂੰ ਪੂਰਾ ਕੀਤਾ ਜਾ ਸਕੇ।

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥ ਗਰੀਬ ਨਿਵਾਜ ਗੁਸਾਈਆ ਮੇਰਾ ਮਾਥੈ ਛਤ੍ਰੁ ਧਰੈ ॥ ਰਹਾਉ ॥
ਜਾ ਕੀ ਛੋਤਿ ਜਗਤੁ ਕਉ ਲਾਗੈ ਤਾ ਪਰ ਤੁਹੀ ਢਰੈ॥ ਨੀਚਹ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ॥

# ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ)




**All devotees are co ordialy invited to attend as per programme to have Guru's blessings.**

With the blessings of Satguru Shri Guru Ravidass ji Maharaj **Shri Guru Ravidass Sabha Fresno** with co operation of Sangat is going to celebrate 648th Prakash Purab of **Shri Guru Ravidass Ji Maharaj on 2 March 2025 Sunday at Gurughar.**

Model picture of Sri Guru Ravidass Temple Fresno (California)



**Programme:**

**Friday february 28, 2025, 10:00 AM**
Arambh shri akhand path under the supervision of Bhai Ram Singh ji Head Granthi of Gurughar.

**Saturday March 1, 2025, 4 PM**
**Nishan Sahib Sewa (Ceremony)**

**Sunday, March 2, 2025, 10 PM**
Bhog Shri Akhand Path Sahib
Kirtan Darbar followed by Bhog up to 2:30 PM.

**Kirtan will be performed by**
Bhai Harvinder Singh Rasia, Bhai Lakhvir Singh Rasia
Bhai Harblas Singh Jhinger and Bibi Amar Kaur Ji
Guru's Langer will be served through out all three days.

**BLOOD DONATION AND MEDICAL CAMP**
Dedicated to Gurpurab special medical camp and Blood Donation Camp is being organised by Dr. Nirmal Bhatti MD, Dr. Satnam Banger MD, Dr. Surdeep Singh DDS and their associates.

# ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ) ਦੇ ਸੇਵਾਦਾਰ


ਬੀਬੀ ਸੁਰਿੰਦਰ ਕੌਰ ਬੰਗੜ (ਚੇਅਰਪਰਸਨ)


ਰਤਨ ਪਾਲ ਜੱਸੀ (ਵਾਈਸ ਚੇਅਰਮੈਨ)


ਸ੍ਰੀ ਅਮਰ ਦੜੋਚ (ਪ੍ਰਧਾਨ)


ਸ੍ਰੀ ਸੁੱਚਾ ਸਿੰਘ ਝੰਮਟ (ਵਾਈਸ ਪ੍ਰਧਾਨ)


ਸ੍ਰੀ ਸ਼ਿਵਚਰਨ (ਜਨਰਲ ਸਕੱਤਰ)


ਸ੍ਰੀ ਤੇਗਵੀਰ ਸਿੰਘ ਭਾਟੀਆ (ਸਹਾਇਕ ਜਨਰਲ ਸਕੱਤਰ)


ਦਵਿੰਦਰ ਸਿੰਘ ਨਿਗਾਹ (ਖਜਾਨਚੀ)


ਸ੍ਰੀ ਕੁਲਦੀਪ ਸਿੰਘ (ਸਹਾਇਕ ਖਜਾਨਚੀ)


ਸ੍ਰੀ ਕੁਲਦੀਪ ਸਿੰਘ ਬੰਗੜ (ਸਟੇਜ ਸਕੱਤਰ)


ਬੀਬੀ ਦੀਪਿਕਾ ਕਲੇਰ (ਸਹਾਇਕ ਸਟੇਜ ਸਕੱਤਰ)


ਸ੍ਰੀ ਪਵਨ ਸਰੋਇਆ (ਮੀਡੀਆ ਪਰਸਨ)


ਭਾਈ ਰਾਮ ਸਿੰਘ ਜੀ ਹੈੱਡ ਗ੍ਰੰਥੀ

**5025 S Cherry Ave Fresno, CA 93706**

**ਗੁਰੂ ਘਰ ਦਾ ਫੋਨ ਨੰਬਰ: 559-486-3091**

# ਫਲਸਤੀਨੀਆਂ ਨੂੰ ਹੋਰ ਕਿਤੇ ਜਗਾ ਦਿੱਤੀ ਜਾਣੀ ਚਾਹੀਦੀ ਹੈ, ਗਾਜ਼ਾ ਪੱਟੀ ਨੂੰ ਅਮਰੀਕਾ ਆਪਣੇ ਕਬਜ਼ੇ ਵਿਚ ਲਵੇਗਾ- ਟਰੰਪ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਅਮਰੀਕਾ ਗਾਜ਼ਾ ਪੱਟੀ ਨੂੰ ਆਪਣੇ ਕਬਜ਼ੇ ਵਿਚ ਲੈ ਲਵੇਗਾ। ਉਨਾਂ ਨੇ ਕਿਹਾ ਹੈ ਕਿ ਉਹ ਨਹੀਂ ਸੋਚਦੇ ਕਿ ਫਲਸਤੀਨੀਆਂ ਦਾ ਗਾਜ਼ਾ ਵਿਚ ਸਥਾਈ ਭਵਿੱਖ ਹੈ।

ਟਰੰਪ ਨੇ ਆਪਣੇ ਇਸਰਾਈਲੀ ਹਮਰੁੱਤਬਾ ਬੈਨਜਾਮਿਨ ਨੇਤਨਯਾਹੂ ਨਾਲ ਸਾਂਝੇ ਤੌਰ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ 'ਅਮਰੀਕਾ ਗਾਜ਼ਾ ਪੱਟੀ ਨੂੰ ਆਪਣੇ ਕਬਜ਼ੇ ਵਿਚ ਲੈ ਲਵੇਗਾ ਤੇ ਉਥੇ ਮੌਜੂਦ ਖਤਰਨਾਕ ਅਣਚੱਲੇ ਬੰਬਾਂ ਨੂੰ ਨਕਾਰਾ ਕਰੇਗਾ ਤੇ ਤਬਾਹ ਹੋ ਚੁੱਕੀਆਂ ਇਮਾਰਤਾਂ ਤੋਂ ਛੁੱਟਕਾਰਾ ਦਿਵਾਏਗਾ।' ਇਹ ਪੁੱਛੇ ਜਾਣ 'ਤੇ ਕਿ ਕੀ ਉਹ ਗਾਜ਼ਾ ਵਿਚ ਅਮਰੀਕੀ ਫੌਜ ਭੇਜਣਗੇ ਤਾਂ ਉਨਾਂ ਨੇ ਇਸ ਨੂੰ ਰੱਦ ਨਹੀਂ ਕੀਤਾ।

ਉਨਾਂ ਕਿਹਾ ਕਿ ਜਿਥੋਂ ਤੱਕ ਗਾਜ਼ਾ ਦਾ ਸਬੰਧ ਹੈ, ਅਸੀਂ ਉਹ ਹਰ ਕਾਰਵਾਈ ਕਰਾਂਗੇ ਜਿਸ ਦੀ ਲੋੜ ਹੈ। ਅਜਿਹਾ ਕਰਨਾ ਜਰੂਰੀ ਹੈ। ਅਸੀਂ ਗਾਜ਼ਾ ਟੁੱਕੜੇ ਨੂੰ ਆਪਣੇ ਕਬਜ਼ੇ ਵਿਚ ਲਵਾਂਗੇ ਤੇ ਉਸ ਦਾ ਵਿਕਾਸ ਕਰਾਂਗੇ। ਟਰੰਪ ਦਾ ਇਹ ਬਿਆਨ ਇਹਿਤਾਹਸਕ ਹੈ।

ਖਾਸ ਕਰਕੇ ਉਸ ਰਾਸ਼ਟਰਪਤੀ ਦਾ ਬਿਆਨ ਜੋ ਮੱਧ ਪੂਰਬ ਵਿਚ ਅਮਰੀਕਾ ਵੱਲੋਂ ਲੰਬੇ ਸਮੇ ਤੋਂ ਲੜੇ ਜਾ ਰਹੇ ਯੁੱਧ ਦੀ ਅਲੋਚਨਾ ਕਰਕੇ ਸੱਤਾ ਉਪਰ ਆਇਆ ਹੋਵੇ। ਇਸ ਤੋਂ ਪਹਿਲਾਂ ਟਰੰਪ ਨੇ ਸੁਝਾਅ ਦਿੱਤਾ ਕਿ ਗਾਜ਼ੀਅਨ ਲੋਕਾਂ ਨੂੰ ਕਿਸੇ ਹੋਰ ਜਗਾ ਚਲੇ ਜਾਣਾ ਚਾਹੀਦਾ ਹੈ ਜੋ ਕਿਸੇ ਇਕ ਦੇਸ਼ ਜਾਂ ਮੱਧ ਪੂਰਬ ਦੇ ਜਿਆਦਾ ਦੇਸ਼ਾਂ ਵੱਲੋਂ ਮੁਹੱਈਆ ਕਰਵਾਈ ਜਾਵੇ। ਨੇਤਨਯਾਹੂ ਨਾਲ ਓਵਾਲ ਦਫਤਰ ਵਿਚ ਗੱਲਬਾਤ ਕਰਨ ਤੋਂ ਪਹਿਲਾਂ ਟਰੰਪ ਨੇ ਕਿਹਾ ਮੇਰਾ ਮਤਲਬ ਹੈ ਕਿ ਫਲਸਤੀਨੀਆਂ ਕੋਲ ਹੋਰ ਕੋਈ ਬਦਲ ਨਹੀਂ ਹੈ।

ਗਾਜ਼ਾ ਪੱਟੀ ਹੁਣ ਮਲਬੇ ਦਾ ਢੇਰ ਬਣ ਚੁੱਕੀ ਹੈ। ਇਕ ਪੱਤਰਕਾਰ ਵੱਲੋਂ ਉੱਚੀ ਆਵਾਜ਼ ਵਿਚ ਗਾਜ਼ਾ ਪੱਟੀ ਨੂੰ ਫਲਸਤੀਨੀਆਂ ਦਾ ਘਰ ਕਹੇ ਜਾਣ ਨੂੰ ਅਖੋਂ ਪਰੋਖੇ ਕਰਦਿਆਂ ਟਰੰਪ ਨੇ ਸਵਾਲੀਆ ਅੰਦਾਜ ਵਿਚ ਕਿਹਾ ਉਹ ਉਥੇ ਵਾਪਿਸ ਕਿਉਂ ਆਉਣਾ ਚਹੁੰਣਗੇ ਜੋ ਜਗਾ ਹੁਣ ਨਰਕ ਬਣ ਚੁੱਕੀ ਹੈ। ਟਰੰਪ ਨੇ ਕਿਹਾ ਗਾਜ਼ਾ ਦੀ ਬਜਾਏ ਫਲਸਤੀਨੀਆਂ ਨੂੰ ਜਮੀਨ ਦਾ ਵਧੀਆ ਸੁੰਦਰ ਟੁੱਕੜਾ ਮੁਹੱਈਆ ਕਰਵਾਇਆ ਜਾਣਾ ਚਾਹੀਦਾ ਹੈ। ਉਨਾਂ ਕਿਹਾ ਕਿ ਗਾਜ਼ਾ ਪੱਟੀ ਲੋਕਾਂ ਦੇ ਰਹਿਣਯੋਗ ਸਥਾਨ ਨਹੀਂ ਹੈ।

## ਜਹਾਜ਼ ਹਾਦਸੇ ਦੀ ਵੀਡੀਓ ਲੀਕ ਕਰਨ ਦੇ ਦੋਸ਼ਾਂ ਤਹਿਤ ਹਵਾਈ ਅੱਡੇ ਦੇ ਦੋ ਮੁਲਾਜ਼ਮ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਪਿਛਲੇ ਹਫਤੇ ਡੀ ਸੀ ਵਿਚ ਰੋਨਾਲਡ ਰੀਗਨ ਵਸ਼ਿੰਗਟਨ ਨੈਸ਼ਨਲ ਏਅਰਪੋਰਟ ਨੇੜੇ ਅਸਮਾਨ ਵਿਚ ਹੋਏ ਭਿਆਨਕ ਹਵਾਈ ਹਾਦਸੇ ਦੀ ਵੀਡੀਓ ਲੀਕ ਕਰਨ ਦੇ ਦੋਸ਼ਾਂ ਤਹਿਤ ਹਵਾਈ ਅੱਡੇ ਦੇ ਦੋ ਮੁਲਾਜ਼ਮਾਂ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਮੈਟਰੋਪੋਲੀਟਨ ਵਸ਼ਿੰਗਟਨ ਏਅਰਪੋਰਟਸ ਅਥਾਰਿਟੀ ਦੇ ਬੁਲਾਰੇ ਰਾਬ ਯਿੰਗਲਿੰਗ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਗ੍ਰਿਫਤਾਰ ਕੀਤੇ ਦੋਨਾਂ ਮੁਲਾਜ਼ਮਾਂ ਵਿਰੁੱਧ ਏਅਰਪੋਰਟਸ ਅਥਾਰਿਟੀ ਰਿਕਾਰਡ ਦੀ ਅਣਅਧਿਕਾਰਤ ਕਾਪੀ ਬਣਾਉਣ ਦੇ ਦੋਸ਼ ਲਾਏ ਗਏ ਹਨ। ਗ੍ਰਿਫਤਾਰ ਮੁਲਾਜ਼ਮਾਂ ਦੀ ਪਛਾਣ ਮੁਹੰਮਦ ਲਮਾਈਨ ਬੈਂਗੂ (21) ਤੇ ਜੋਨਾਥਨ ਸਾਵੋਏ (45) ਵਜੋਂ ਹੋਈ ਹੈ ਜਿਨਾਂ ਵਿਰੁੱਧ ਕੰਪਿਊਟਰ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ ਦਰਜ ਕੀਤੇ ਗਏ ਹਨ। ਇਸ ਭਿਆਨਕ ਹਵਾਈ ਹਾਦਸੇ ਜਿਸ ਵਿਚ ਇਕ ਹਵਾਈ ਜਹਾਜ਼ ਫੌਜ ਦੇ ਹੈਲੀਕਾਪਟਰ ਨਾਲ ਟਕਰਾ ਗਿਆ ਸੀ, ਵਿਚ 67 ਵਿਅਕਤੀ ਮਾਰੇ ਗਏ ਸਨ।

## ਪੈਨਸਿਲਵਾਨੀਆ ਵਿਚ ਟਰਾਲੀ ਵਿਚੋਂ ਇਕ ਲੱਖ ਆਂਡੇ ਹੋਏ ਚੋਰੀ, ਮਾਮਲਾ ਜਾਂਚ ਅਧੀਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਪੈਨਸਿਲਵਾਨੀਆ ਰਾਜ ਵਿਚ ਸਟੋਰਾਂ ਉਪਰ ਆਂਡਿਆਂ ਦੀ ਸਪਲਾਈ ਕਰਨ ਵਾਲੀ ਟਰਾਲੀ ਵਿਚੋਂ ਇਕ ਲੱਖ ਆਂਡੇ ਚੋਰੀ ਹੋ ਜਾਣ ਦੀ ਖਬਰ ਹੈ। ਅਧਿਕਾਰੀਆਂ ਨੇ ਕਿਹਾ ਹੈ ਕਿ ਉਹ ਚੋਰੀ ਦੀ ਇਸ ਘਟਨਾ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੇ ਹਨ ਤੇ ਮਾਮਲਾ ਜਾਂਚ ਅਧੀਨ ਹੈ। ਅਧਿਕਾਰੀਆਂ ਅਨੁਸਾਰ ਬਰਡ ਫਲੂ ਕਾਰਨ ਕੁਝ ਖੇਤਰਾਂ ਵਿਚ ਆਂਡਿਆਂ ਦੀ ਘਾਟ ਪੈਦਾ ਹੋ ਗਈ ਹੈ ਤੇ ਕੀਮਤਾਂ ਰਿਕਾਰਡ ਪੱਧਰ ਵੱਲ ਵਧ ਰਹੀਆਂ ਹਨ। ਪੈਨਸਿਲਵਾਨੀਆ ਸਟੇਟ ਪੁਲਿਸ ਦੀ ਰਿਪੋਰਟ ਅਨੁਸਾਰ ਗਰੀਨਕੈਸਲ ਵਿਚ ਪੈਟ ਐਂਡ ਗੈਰੀ ਆਰਗੈਨਿਕਸ ਤੋਂ ਚੋਰੀ ਹੋਏ ਆਂਡਿਆਂ ਦੀ ਅਨੁਮਾਨਤ ਕੀਮਤ 40000 ਡਾਲਰ ਹੈ। ਪੈਟ ਐਂਡ ਗੈਰੀ ਆਰਗੈਨਿਕਸ ਕੰਪਨੀ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਉਹ ਸਥਾਨਕ ਅਧਿਕਾਰੀਆਂ ਨਾਲ ਜਾਂਚ ਵਿਚ ਸਹਿਯੋਗ ਕਰ ਰਹੇ ਹਨ। ਕੰਪਨੀ ਅਨੁਸਾਰ ਇਹ ਮਾਮਲਾ ਬਹੁਤ ਗੰਭੀਰ ਹੈ ਤੇ ਉਹ ਚਹੁੰਦੇ ਹਨ ਕਿ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ।

## ਭਾਰਤੀ ਮੂਲ ਦੀ ਸਿਆਟਲ ਦੀ ਸਾਬਕਾ ਕੌਂਸਲ ਮੈਂਬਰ ਵੱਲੋਂ ਭਾਰਤ ਉਪਰ ਵੀਜ਼ਾ ਨਾ ਦੇਣ ਦਾ ਦੋਸ਼

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਭਾਰਤੀ ਮੂਲ ਦੀ ਸਾਬਕਾ ਸਿਆਟਲ ਸਿਟੀ ਕੌਂਸਲ ਮੈਂਬਰ ਕਸ਼ਮਾ ਸਾਵੰਤ ਨੇ ਭਾਰਤੀ ਅਧਿਕਾਰੀਆਂ ਉਪਰ ਦੋਸ਼ ਲਾਇਆ ਹੈ ਕਿ ਉਨਾਂ ਨੇ ਮਈ 2024 ਤੋਂ ਬਾਅਦ



ਉਸ ਦੀ ਦੋ ਵਾਰ ਵੀਜ਼ਾ ਬੇਨਤੀ ਨੂੰ ਪ੍ਰਵਾਨ ਨਹੀਂ ਕੀਤਾ। ਉਨਾਂ ਕਿਹਾ ਕਿ ਉਹ ਆਪਣੀ ਬਿਮਾਰ ਮਾਂ ਨੂੰ ਵੇਖਣ ਲਈ ਭਾਰਤ ਆਉਣਾ ਚਹੁੰਦੀ ਹੈ ਪਰੰਤੂ ਭਾਰਤੀ ਅਧਿਕਾਰੀ ਵੀਜ਼ਾ ਦੇਣ ਤੋਂ ਇਨਕਾਰ ਕਰ ਰਹੇ ਹਨ। ਸਾਵੰਤ ਅਨੁਸਾਰ ਉਸ ਵੱਲੋਂ ਐਮਰਜੰਸੀ ਵੀਜ਼ੇ ਲਈ ਕੀਤੀ ਬੇਨਤੀ ਉਪਰ ਵੀ ਭਾਰਤੀ ਅਧਿਕਾਰਆਂ ਨੇ ਅਜੇ ਕੋਈ ਫੈਸਲਾ ਨਹੀਂ ਲਿਆ । ਉਸ ਦਾ ਵਿਸ਼ਵਾਸ਼ ਹੈ ਕਿ ਭਾਰਤੀ ਅਧਿਕਾਰੀਆਂ ਦਾ ਵੀਜ਼ਾ ਦੇਣ ਤੋਂ ਇਨਕਾਰ ਰਾਜਨੀਤੀ ਤੋਂ ਪ੍ਰੇਰਿਤ ਹੈ ਕਿਉਂਕਿ ਉਹ ਜਾਤੀ ਮੁੱਦਿਆਂ ਅਤੇ ਸੱਜੇ ਪੱਖੀ ਰਾਜਨੀਤੀ ਬਾਰੇ ਬੇਬਾਕ ਬੋਲਦੀ ਰਹੀ ਹੈ। ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਰਤ ਸਰਕਾਰ ਦੀ ਅਲੋਚਨਾ ਕਰਦੀ ਰਹੀ ਹੈ। ਸਵਾਤੀ ਦੀ 82 ਸਾਲਾ ਮਾਂ ਵਾਸੁੰਧਰਾ ਰਮਨੁਜਾਮ ਕਈ ਬਿਮਾਰੀਆਂ ਤੋਂ ਪੀੜਤ ਹੈ। ਸਾਵੰਤ ਅਨੁਸਾਰ ਮਾਂ ਦਾ ਇਲਾਜ ਕਰ ਰਹੇ ਡਾਕਟਰ ਦੁਆਰਾ ਮਾਂ ਦੀ ਡਿੱਗ ਰਹੀ ਸਿਹਤ ਬਾਰੇ ਇਕ ਪੱਤਰ ਦੇਣ ਦੇ ਬਾਵਜੂਦ ਉਸ ਦੀ ਵੀਜ਼ਾ ਬੇਨਤੀ ਬਿਨਾਂ ਕੋਈ ਕਾਰਨ ਦੱਸੇ ਰੱਦ ਕਰ ਦਿੱਤੀ ਗਈ ਹੈ। ਸਾਵੰਤ ਨੇ ਕਿਹਾ ਹੈ ਕਿ ਉਸ ਨੇ ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਤੱਕ ਵੀ ਪਹੁੰਚ ਕੀਤੀ ਸੀ ਤੇ ਉਨਾਂ ਨੂੰ ਮਾਂ ਦੀ ਸਿਹਤ ਬਾਰੇ ਦੱਸਿਆ ਸੀ ਪਰੰਤੂ ਕੋਈ ਜਵਾਬ ਨਹੀਂ ਆਇਆ।

## ਓਹਾਈਓ ਵਿਚ ਹੋਈ ਗੋਲੀਬਾਰੀ ਵਿਚ 2 ਮੌਤਾਂ ਤੇ 4 ਜਖਮੀ, ਸ਼ੱਕੀ ਹਮਲਾਵਰ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–**ਅਮਰੀਕਾ ਦੇ ਹਾਈ ਰਾਜ ਵਿਚ ਹੋਈ ਗੋਲੀਬਾਰੀ ਵਿਚ 2 ਮੌਤਾਂ ਹੋਣ ਤੇ 4 ਹੋਰ ਵਿਅਕਤੀ ਜਖਮੀ ਹੋ ਜਾਣ ਦੀ ਖਬਰ ਹੈ। ਇਹ ਜਾਣਕਾਰੀ ਪੁਲਿਸ ਨੇ ਦਿੱਤੀ ਹੈ। ਇਕ ਵਿਅਕਤੀ ਮੌਕੇ ਉਪਰ ਹੀ ਦਮ ਤੋੜ ਗਿਆ ਜਦ ਕਿ ਜਖਮੀ ਹੋਏ 5 ਹੋਰ ਵਿਅਕਤੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਜਿਨਾਂ ਵਿਚੋਂ ਇਕ ਦੀ ਹਸਪਤਾਲ ਵਿਚ ਮੌਤ ਹੋ ਗਈ ਹੈ। ਨਿਊ ਅਲਬੈਨੀ ਪੁਲਿਸ ਵਿਭਾਗ ਅਨੁਸਾਰ ਗੋਲੀਬਾਰੀ ਵਿਚ ਜਖਮੀ ਹੋਇਆ ਸ਼ਾਖਰ ਚਪਾਗਈ (30) ਨਾਮੀ ਵਿਅਕਤੀ ਮਾਊਂਟ ਕਾਰਮਲ ਈਸਟ ਹਸਪਤਾਲ ਵਿਚ ਦਮ ਤੋੜ ਗਿਆ। ਇਹ ਸਾਰੇ ਨਿਊ ਅਲਬੈਨੀ ਵਿਚ ਸਥਿੱਤ ਇਕ ਕਾਸਮੈਟਿਕਸ ਤੇ ਬਿਊਟੀ ਪ੍ਰੋਡੱਕਟ ਵੇਅਰ ਹਾਊਸ ਵਿਚ ਮੁਲਾਜਮ ਹਨ ਜਿਥੇ ਗੋਲੀਬਾਰੀ ਦੀ ਘਟਨਾ ਵਾਪਰੀ। ਪੁਲਿਸ ਅਨੁਸਾਰ 4 ਜਖਮੀ ਅਜੇ ਹਸਪਤਾਲ ਵਿਚ ਇਲਾਜ ਅਧੀਨ ਹਨ। ਪੁਲਿਸ ਨੇ ਸ਼ੱਕੀ ਦੋਸ਼ੀ ਜੋ ਵੇਅਰ ਹਾਊਸ ਦਾ ਮੁਲਾਜਮ ਹੀ ਦਸਿਆ ਜਾ ਰਿਹਾ ਹੈ, ਨੂੰ ਗ੍ਰਿਫਤਾਰ ਕਰ ਲਿਆ ਹੈ।


SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਰਾਸ਼ਟਰਪਤੀ ਟਰੰਪ ਵੱਲੋਂ ਕਿਨਰ ਲੜਕੀਆਂ ਨੂੰ ਖੇਡਾਂ ਵਿਚ ਹਿੱਸਾ ਲੈਣ ਤੋਂ ਰੋਕਣ ਲਈ ਆਦੇਸ਼ ਜਾਰੀ

## 2028 ਦੀਆਂ ਉਲੰਪਿਕ ਖੇਡਾਂ ਲਈ ਕਿਨਰ ਖਿਡਾਰੀਆਂ ਦਾ ਅਮਰੀਕਾ ਦਾਖਲਾ ਬੰਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਹੋਰ ਆਦੇਸ਼ ਜਾਰੀ ਕਰਕੇ ਕਿਨਰ ਔਰਤਾਂ ਤੇ ਲੜਕੀਆਂ ਉਪਰ ਔਰਤਾਂ ਦੀਆਂ ਖੇਡਾਂ ਵਿਚ ਹਿੱਸਾ ਲੈਣ 'ਤੇ ਰੋਕ ਲਾ ਦਿੱਤੀ ਹੈ। ਇਸ ਆਦੇਸ਼ ਤਹਿਤ ਸੰਘੀ ਅਧਿਕਾਰੀ ਉਨਾਂ ਸਕੂਲਾਂ ਦੀ ਵਿੱਤੀ ਸਹਾਇਤਾ ਰੋਕ ਸਕਦੇ ਹਨ ਜੋ ਕਿਨਰ ਔਰਤਾਂ ਜਾਂ ਲੜਕੀਆਂ ਨੂੰ ਔਰਤਾਂ ਦੀਆਂ ਖੇਡਾਂ ਵਿਚ ਹਿੱਸਾ ਲੈਣ ਦੀ ਇਜਾਜਤ ਦੇਣਗੇ। ਰਾਸ਼ਟਰਪਤੀ ਦੇ ਇਸ ਨਵੇਂ ਆਦੇਸ਼ ਕਾਰਨ ਅਮਰੀਕਾ ਵਿਚ ਹੋਣ ਵਾਲੀਆਂ 2028 ਦੀਆਂ ਉਲੰਪਿਕ ਖੇਡਾਂ ਵਿਚ ਵੀ ਕਿਨਰ ਖਿਡਾਰੀ ਹਿੱਸਾ ਨਹੀਂ ਲੈ ਸਕਣਗੇ। ਅਜਿਹੇ ਖਿਡਾਰੀਆਂ ਨੂੰ ਅਮਰੀਕਾ ਵੀਜ਼ਾ ਨਹੀਂ ਦੇਵੇਗਾ। ਟਰੰਪ ਨੇ ਆਦੇਸ਼ ਉਪਰ ਦਸਤਖਤ ਕਰਨ ਤੋਂ ਪਹਿਲਾਂ ਵਾਈਟ ਹਾਊਸ ਵਿਚ ਆਪਣੇ ਸਮਰਥਕਾਂ ਦੀ ਭਾਰੀ ਭੀੜ ਦੌਰਾਨ ਕਿਹਾ ਕਿ ਉਨਾਂ ਸਕੂਲਾਂ ਦੀ ਵਿੱਤੀ ਸਹਾਇਤਾ ਬੰਦ ਕਰ ਦਿੱਤੀ ਜਾਵੇਗੀ ਜੋ ਇਸ ਆਦੇਸ਼ ਦੀ ਪਾਲਣਾ ਨਹੀਂ ਕਰਨਗੇ। ਉਨਾਂ ਕਿਹਾ ਕਿ ਅੱਜ ਤੋਂ ਔਰਤਾਂ ਦੀਆਂ ਖੇਡਾਂ ਕੇਵਲ ਔਰਤਾਂ ਲਈ ਹੀ ਹੋਣਗੀਆਂ। ਰਾਸ਼ਟਰਪਤੀ ਨੇ ਕਿਹਾ ਕਿ ਸੰਘੀ ਅਧਿਕਾਰੀ ਸਿਰਲੇਖ 10 ਤਹਿਤ ਜਾਂਚ ਕਰ ਸਕਣਗੇ ਜੋ ਸੰਘੀ ਕਾਨੂੰਨ ਸਿਖਿਆ ਸੰਸਥਾਵਾਂ ਵਿਚ ਲਿੰਗ ਅਧਾਰਤ ਭੇਦਭਾਵ ਨੂੰ ਰੋਕਦਾ ਹੈ। ਕੁਝ ਕਾਨੂੰਨੀ ਮਾਹਿਰਾਂ ਨੇ ਟਰੰਪ ਦੇ ਆਦੇਸ਼ ਉਪਰ ਸਵਾਲ ਉਠਾਇਆ ਹੈ। ਉਨਾਂ ਦਾ ਕਹਿਣਾ ਹੈ ਕਿ ਟਰੰਪ ਪ੍ਰਸ਼ਾਸਨ ਦੁਆਰਾ ਕਾਨੂੰਨ ਦੀ ਕੀਤੀ ਵਿਆਖਿਆ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਜਾ ਸਕਦੀ ਹੈ। ਇਥੇ ਜਿਕਰਯੋਗ ਹੈ ਕਿ ਆਪਣੀ ਚੋਣ ਮੁਹਿੰਮ ਦੌਰਾਨ ਟਰੰਪ ਨਿਰੰਤਰ ਕਿਨਰਾਂ ਦੁਆਰਾ ਔਰਤਾਂ ਦੀਆਂ ਖੇਡਾਂ ਵਿਚ ਹਿੱਸਾ ਲੈਣ ਦੀ ਵਿਰੋਧਤਾ ਕਰਦੇ ਰਹੇ ਹਨ ਤੇ ਆਪਣੇ ਇਸ ਵਾਅਦੇ ਨੂੰ ਪੂਰਾ ਕਰਨ ਦੇ ਮੰਤਵ ਨਾਲ ਉਨਾਂ ਨੇ ਇਹ ਆਦੇਸ਼ ਜਾਰੀ ਕੀਤਾ ਹੈ।

# ਲਾਪਤਾ ਜਹਾਜ਼ ਦਾ ਮਲਬਾ ਲੱਭਾ, 3 ਮੌਤਾਂ ਤੇ ਬਾਕੀ 7 ਦੀ ਭਾਲ ਜਾਰੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਅਮਰੀਕਾ ਦੇ ਰਾਜ ਅਲਾਸਕਾ ਦੇ ਪੱਛਮੀ ਤੱਟ ਨੇੜੇ ਲਾਪਤਾ ਹੋਏ ਇਕ ਜਹਾਜ਼ ਦਾ ਮਲਬਾ ਲੱਭ ਜਾਣ ਦੀ ਖਬਰ ਹੈ। ਜਹਾਜ਼ ਵਿਚ ਪਾਇਲਟ ਸਮੇਤ 10 ਲੋਕ ਸਵਾਰ ਸਨ, ਜਿਨਾਂ ਵਿਚੋਂ 3 ਦੀਆਂ ਲਾਸ਼ਾਂ ਮਿਲ ਗਈਆਂ ਹਨ ਜਦ ਕਿ ਬਾਕੀ 7 ਦੀ ਭਾਲ ਜਾਰੀ ਹੈ। ਇਹ ਜਾਣਕਾਰੀ ਯੂ ਐਸ ਕੋਸਟ ਗਾਰਡ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਕੋਸਟ ਗਾਰਡ ਨੇ ਐਕਸ ਉਪਰ ਪਾਈ ਇਕ ਪੋਸਟ ਵਿਚ ਕਿਹਾ ਹੈ ਕਿ 3 ਵਿਅਕਤੀ ਜਹਾਜ਼ ਵਿਚ ਹੀ ਮ੍ਰਿਤਕ ਮਿਲੇ ਹਨ। ਜਹਾਜ਼ ਦਾ ਮਲਬਾ ਨੋਮ ਦੇ ਦੱਖਣ ਪੂਰਬ ਵਿਚ ਤਕਰੀਬਨ 34 ਮੀਲ ਦੂਰ ਮਿਲਿਆ। ਕੋਸਟ ਗਾਰਡ ਨੇ ਕਿਹਾ ਹੈ ਕਿ ਬਾਕੀ 7 ਵਿਅਕਤੀਆਂ ਦੀ ਹੋਣੀ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਤੇ ਅਸੀਂ ਇਸ ਦੁੱਖ ਦੀ ਘੜੀ ਵਿਚ ਪੀੜਤ ਪਰਿਵਾਰਾਂ ਦੇ ਨਾਲ ਖੜੇ ਹਾਂ। ਅਲਾਸਕਾ ਜਨਤਿਕ ਸੁਰੱਖਿਆ ਵਿਭਾਗ ਅਨੁਸਾਰ ਬਰਿੰਗ ਏਅਰ ਦੁਆਰਾ ਸੰਚਾਲਿਤ ਜਹਾਜ਼ ਨੇ ਉਨਾਲਾਕਲੀਟ, ਅਲਾਸਕਾ ਤੋਂ ਨੋਮ ਲਈ ਉਡਾਣ ਭਰੀ ਸੀ। ਉਪਰੰਤ ਸਮੁੰਦਰੀ ਤੱਟ ਤੋਂ 12 ਮੀਲ ਦੂਰ ਅਚਾਨਕ ਲਾਪਾਤ ਹੋ ਗਿਆ। ਲੈਫਟੀਨੈਂਟ ਬੈਨਜਾਮਿਨ ਮੈਕਇਨਟਾਇਰ ਕੋਬਲ ਨੇ ਕਿਹਾ ਹੈ ਕਿ ਹਾਦਸੇ ਦਾ ਕਾਰਨ ਅਜੇ ਸਪਸ਼ਟ ਨਹੀਂ ਹੈ। ਜਹਾਜ਼ ਵਿਚ ਸਵਾਰ ਸਾਰੇ ਵਿਅਕਤੀਆਂ ਦੇ ਪਰਿਵਾਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਉਨਾਂ ਕਿਹਾ ਕਿ ਬਚਾਅ ਤੇ ਰਾਹਤ ਕਾਰਜ ਅਜੇ ਜਾਰੀ ਹਨ। ਫਾਇਰ ਵਿਭਾਗ ਅਨੁਸਾਰ ਯੂ ਐਸ ਕੋਸਟ ਗਾਰਡ ਦੀ ਮਦਦ ਨਾਲ ਰਾਜ ਦੇ ਪੱਛਮੀ ਤੱਟ ਦੇ ਨਾਲ ਲਾਪਤਾ ਵਿਅਕਤੀਆਂ ਨੂੰ ਲੱਭਣ ਦੀਆਂ ਕੋਸ਼ਿਸ਼ਾਂ ਜਾਰੀ ਹੈ ਪਰੰਤੂ ਖਰਾਬ ਮੌਸਮ ਕਾਰਨ ਬਚਾਅ ਤੇ ਰਾਹਤ ਕੋਸ਼ਿਸ਼ਾਂ ਵਿਚ ਰੁਕਾਵਟ ਪਈ ਹੈ।

# ਅਲਾਬਾਮਾ ਵਿਚ ਜਬਰਜਿਨਾਹ ਤੇ ਹੱਤਿਆ ਦੇ ਮਾਮਲੇ ਵਿੱਚ ਦੋਸ਼ੀ ਨੂੰ ਨਾਈਟਰੋਜਨ ਗੈਸ ਨਾਲ ਦਿੱਤੀ ਮੌਤ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਅਮਰੀਕਾ ਦੇ ਅਲਾਬਾਮਾ ਰਾਜ ਵਿਚ 41 ਸਾਲਾ ਔਰਤ ਪੌਲਾਈਨ ਬਰਾਊਨ ਨਾਲ ਜਬਰਜਿਨਾਹ ਕਰਨ ਉਪਰੰਤ ਉਸ ਦੀ ਹੱਤਿਆ ਕਰ ਦੇਣ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤੇ ਗਏ 52 ਸਾਲਾ ਡੈਮ-ਟਰੀਅਸ ਟੈਰੈਂਸ ਫਰੇਜ਼ੀਅਰ ਨੂੰ ਨਾਈਟਰੋਜਨ ਗੈਸ ਨਾਲ ਮੌਤ ਦਿੱਤੀ ਗਈ। ਜਬਰਜਿਨਾਹ ਤੇ ਹੱਤਿਆ ਦੀ ਇਹ ਘਟਨਾ 1991 ਵਿਚ ਬਰਮਿੰਘਮ ਵਿਚ ਵਾਪਰੀ ਸੀ। ਗਵਰਨਰ ਦੇ ਦਫਤਰ ਅਨੁਸਾਰ ਫਰੇਜ਼ੀਅਰ ਨੂੰ ਸ਼ਾਮ 6।36 ਵਜੇ ਮ੍ਰਿਤਕ ਐਲਾਨ ਦਿੱਤਾ ਗਿਆ। ਫਰੇਜ਼ੀਅਰ ਨੇ ਆਪਣੇ ਆਖਰੀ ਬਿਆਨ ਵਿਚ ਕਿਹਾ ਕਿ ਸਭ ਤੋਂ ਪਹਿਲਾਂ ਮੈ ਪੌਲਾਈਨ ਬਰਾਊਨ ਦੇ ਮਿੱਤਰਾਂ ਤੇ ਪਰਿਵਾਰ ਤੋਂ ਮੁਆਫੀ ਮੰਗਦਾ ਹਾਂ ਜੋ ਕੁਝ ਬਰਾਊਨ ਨਾਲ ਹੋਇਆ ਉਹ ਮੁੜ ਕਦੀ ਨਾ ਵਾਪਰੇ। ਮੈ ਕਾਲੇ ਭਾਈਚਾਰੇ ਤੋਂ ਵੀ ਮੁਆਫੀ ਮੰਗਦਾ ਹਾਂ। ਆਖਰੀ ਬਿਆਨ ਵਿਚ ਫਰੇਜ਼ੀਅਰ ਨੇ ਮਿਸ਼ੀਗਨ ਦੇ ਗਵਰਨਰ ਗਰੇਚਨ ਵਾਈਟਮਰ ਦੀ ਵੀ ਮਾਮਲੇ ਵਿਚ ਦਖਲ ਨਾ ਦੇਣ ਲਈ ਨਿੰਦਾ ਕੀਤੀ। ਫਰੇਜ਼ੀਅਰ ਨੂੰ 2011 ਵਿਚ ਮਿਸ਼ੀਗਨ ਤੋਂ ਅਲਾਬਾਮਾ ਤਬਦੀਲ ਕਰ ਦਿੱਤਾ ਗਿਆ ਸੀ ਜਿਥੇ ਉਹ ਹੱਤਿਆ ਦੇ ਇਕ ਹੋਰ ਮਾਮਲੇ ਵਿਚ ਉਮਰ ਕੈਦ ਕੱਟ ਰਿਹਾ ਸੀ। ਫਰੇਜ਼ੀਅਰ ਨੂੰ ਨਾਈਟਰੋਜਨ ਗੈਸ ਚੜਾਉਣ ਸਮੇ ਪੱਤਰਕਾਰ ਵੀ ਹਾਜਰ ਸਨ।

# 1984 ਸਿੱਖ ਵਿਰੋਧੀ ਦੰਗੇ: ਸੱਜਣ ਕੁਮਾਰ ਦੋਸ਼ੀ ਕਰਾਰ





**ਨਵੀਂ ਦਿੱਲੀ-** ਦਿੱਲੀ ਦੀ ਇੱਕ ਅਦਾਲਤ ਨੇ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਵਿਰੁੱਧ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਸਬੰਧੀ ਹੱਤਿਆ ਦੇ ਇੱਕ ਮਾਮਲੇ ’ਚ ਅੱਜ ਉਸ ਨੂੰ ਦੋਸ਼ੀ ਕਰਾਰ ਦਿੱਤਾ ਹੈ। ਇਸ ਤੋਂ ਪਹਿਲਾਂ ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਇਸ ਸਬੰਧੀ ਫੈਸਲਾ ਮੁਲਤਵੀ ਕਰ ਦਿੱਤਾ ਸੀ। ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਦੋਸ਼ੀ ਠਹਿਰਾਉਣ ਦਾ ਹੁਕਮ ਦਿੱਤਾ ਅਤੇ ਸਜ਼ਾ ’ਤੇ ਬਹਿਸ 18 ਫਰਵਰੀ ਨੂੰ ਪਾ ਦਿੱਤੀ। ਕੁਮਾਰ ਨੂੰ ਫ਼ੈਸਲਾ ਸੁਣਾਉਣ ਲਈ ਤਿਹਾੜ ਜੇਲ੍ਹ ਤੋਂ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਹ ਮਾਮਲਾ 1984 ਦੇ ਸਿੱਖ ਕਤਲੇਆਮ ਦੌਰਾਨ ਇੱਥੇ ਸਰਸਵਤੀ ਵਿਹਾਰ ’ਚ ਦੋ ਵਿਅਕਤੀਆਂ ਦੀ ਹੱਤਿਆ ਨਾਲ ਸਬੰਧਤ ਹੈ। ਦਿੱਲੀ ਦੰਗਿਆਂ ਦੌਰਾਨ 1 ਨਵੰਬਰ, 1984 ਨੂੰ ਜਸਵੰਤ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਤਰੁਣਦੀਪ ਸਿੰਘ ਦੀ ਹੱਤਿਆ ਨਾਲ ਸਬੰਧਤ ਮਾਮਲੇ ’ਚ ਆਖ਼ਰੀ ਦਲੀਲਾਂ ਸੁਣਨ ਮਗਰੋਂ ਅਦਾਲਤ ਨੇ ਆਪਣਾ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਹਾਲਾਂਕਿ ਸ਼ੁਰੂਆਤ ’ਚ ਕੇਸ ਪੰਜਾਬੀ ਬਾਗ਼ ਪੁਲੀਸ ਸਟੇਸ਼ਨ ਨੇ ਦਰਜ ਕੀਤਾ ਸੀ ਪਰ ਬਾਅਦ ਵਿਚ ਇੱਕ ਵਿਸ਼ੇਸ਼ ਜਾਂਚ ਟੀਮ ਨੇ ਮਾਮਲੇ ਦੀ ਜਾਂਚ ਆਪਣੇ ਹੱਥ ਲੈ ਲਈ ਸੀ।

# ਅਨਿਲ ਵਿੱਜ ਨੇ ਕਾਰਨ ਦੱਸੋ ਨੋਟਿਸ ’ਤੇ ਹਾਈਕਮਾਂਡ ਨੂੰ ਸੌਂਪਿਆ 8 ਪੰਨਿਆਂ ਦਾ ਜਵਾਬ

**ਚੰਡੀਗੜ੍ਹ**–ਹਰਿਆਣਾ ਦੇ ਅਵਾਜਾਈ, ਬਿਜਲੀ ਅਤੇ ਕਿਰਤ ਮੰਤਰੀ ਅਨਿਲ ਵਿੱਜ ਨੇ ਭਾਰਤੀ ਜਨਤਾ ਪਾਰਟੀ ਵਲੋਂ ਅਨੁਸ਼ਾਸਨਹੀਨਤਾ ਦੇ ਮਾਮਲੇ ’ਚ ਦਿੱਤੇ ਗਏ ਕਾਰਨ ਦੱਸੋ ਨੋਟਿਸ ਦਾ ਜਵਾਬ ਦੇ ਦਿੱਤਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਪਣੇ ਅੱਠ ਸਫ਼ਿਆਂ ਦੇ ਜਵਾਬ ਵਿੱਚ ਕਈ ਮਾਮਲਿਆਂ ਦਾ ਖੁਲਾਸਾ ਕੀਤਾ ਹੈ। ਇਨ੍ਹਾਂ ਵਿੱਚ ਰਾਜ ਵਿੱਚ ਅਧਿਕਾਰੀਆਂ ਵਲੋਂ ਕੀਤੀ ਜਾ ਰਹੀ ਮਨ-ਮਰਜ਼ੀ ਤੋਂ ਲੈ ਕੇ ਵਿਧਾਨ ਸਭਾ ਚੋਣਾਂ ਵਿੱਚ ਹਰਾਉਣ ਦੀ ਸਾਜ਼ਿਸ਼ ਦਾ ਵੀ ਜ਼ਿਕਰ ਕੀਤਾ ਗਿਆ ਹੈ। ਹਾਲਾਂਕਿ ਮੀਡੀਆ ਨਾਲ ਗੱਲਬਾਤ ਕਰਦਿਆਂ ਵਿੱਜ ਨੇ ਜਵਾਬ ਬਾਰੇ ਕੋਈ ਖੁਲਾਸਾ ਨਹੀਂ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੇ ਨੋਟਿਸ ਦਾ ਜਵਾਬ ਦੇ ਦਿੱਤਾ ਹੈ ਪਰ ਕੀ ਜਵਾਬ ਦਿੱਤਾ ਹੈ, ਇਸ ਬਾਰੇ ਉਹ ਨਹੀਂ ਦੱਸਣਗੇ। ਇਹ ਪਾਰਟੀ ਦਾ ਅੰਦਰੂਨੀ ਮਾਮਲਾ ਹੈ। ਜ਼ਿਕਰਯੋਗ ਹੈ ਕਿ ਪਾਰਟੀ ਦੇ ਕੌਮੀ ਪ੍ਰਧਾਨ ਜੇਪੀ ਨੱਡਾ ਦੇ ਹੁਕਮਾਂ ’ਤੇ ਸੂਬਾ ਪ੍ਰਧਾਨ ਮੋਹਨ ਲਾਲ ਬੜੌਲੀ ਨੇ ਵਿੱਜ ਨੂੰ ਨੋਟਿਸ ਭੇਜਿਆ ਸੀ ਅਤੇ ਤਿੰਨ ਦਿਨਾਂ ਵਿੱਚ ਜਵਾਬ ਦੇਣ ਲਈ ਕਿਹਾ ਸੀ। 10 ਫਰਵਰੀ ਨੂੰ ਉਨ੍ਹਾਂ ਨੂੰ ਨੋਟਿਸ ਦਿੱਤਾ ਗਿਆ ਸੀ ਅਤੇ ਬੁੱਧਵਾਰ ਨੂੰ ਜਵਾਬ ਭੇਜਣ ਦਾ ਆਖ਼ਰੀ ਦਿਨ ਸੀ। ਇਸ ਕਾਰਨ ਅੱਜ ਸਵੇਰੇ ਹੀ ਉਨ੍ਹਾਂ ਨੇ ਪਾਰਟੀ ਪ੍ਰਧਾਨ ਨੂੰ ਆਪਣਾ ਜਵਾਬ ਭੇਜ ਦਿੱਤਾ ਹੈ। ਅਨਿਲ ਵਿੱਜ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਕਾਰਜਸ਼ੈਲੀ ’ਤੇ ਸਵਾਲ ਉਠਾਏ ਸਨ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਮੁੱਖ ਮੰਤਰੀ ਉੱਡਣਖਟੋਲੇ ਵਿੱਚ ਰਹਿੰਦੇ ਹਨ, ਇਸ ਲਈ ਉਨ੍ਹਾਂ ਨੂੰ ਨਹੀਂ ਪਤਾ ਲਗਦਾ ਕਿ ਜ਼ਮੀਨ ‘ਤੇ ਕੀ ਹੋ ਰਿਹਾ ਹੈ। ਇਸ ਤੋਂ ਇਲਾਵਾ ਸੀਐੱਮ ਨੂੰ ਨਸੀਹਤ ਦਿੱਤੀ ਸੀ ਕਿ ਉਹ ਵਿਧਾਇਕਾਂ, ਸੰਸਦ ਮੈਂਬਰਾ ਅਤੇ ਮੰਤਰੀਆਂ ਨਾਲ ਬੈਠ ਕੇ ਉਨ੍ਹਾਂ ਦੀ ਸੁਣਵਾਈ ਕਰਨ ਅਤੇ ਜਨਤਾ ਦੀ ਵੀ ਸੁਣਵਾਈ ਕਰਨ। ਆਪਣੇ ਕੰਮਕਾਜ ਨੂੰ ਲੈ ਕੇ ਹਮੇਸ਼ਾ ਚਰਚਾ ਵਿਚ ਰਹਿੰਦੇ ਵਿੱਜ ਨੇ ਕੁਝ ਤਸਵੀਰਾਂ ਵੀ ਜਾਰੀ ਕੀਤੀਆਂ ਸਨ, ਜਿਨ੍ਹਾਂ ਵਿੱਚ ਸ਼ਾਮਲ ਲੋਕ ਮੁੱਖ ਮੰਤਰੀ ਦੇ ਨਾਲ ਸਨ। ਵਿੱਜ ਨੇ ਦੋਸ਼ ਲਾਇਆ ਕਿ ਇਨ੍ਹਾਂ ਲੋਕਾਂ ਨੇ ਚੋਣਾਂ ਹਰਾਉਣ ਦੀ ਕੋਸ਼ਿਸ਼ ਕੀਤੀ ਅਤੇ ਕਿਹਾ ਇਹ ਉਹ ਚਿਹਰੇ ਹਨ ਜੋ ਅੰਬਾਲਾ ਕੈਂਟ ਤੋਂ ਆਜ਼ਾਦ ਉਮੀਦਵਾਰ ਚਿਤ੍ਰਾ ਸਰਵਾਰਾ ਦੇ ਨਾਲ ਵੀ ਨਜ਼ਰ ਆ ਰਹੇ ਸਨ। ਦੂਜੇ ਪਾਸੇ ਅਧਿਕਾਰੀਆਂ ਵਲੋਂ ਕਾਰਵਾਈ ਨਾ ਕਰਨ ਬਾਰੇ ਵਿੱਜ ਨੇ ਕਿਹਾ ਸੀ ਕਿ ਜਿਨ੍ਹਾਂ ਅਧਿਕਾਰੀਆਂ ਅਤੇ ਕਰਮਚਾਰੀਆਂ ਖ਼ਿਲਾਫ਼ ਕਾਰਵਾਈ ਲਈ ਕਿਹਾ ਜਾਂਦਾ ਹੈ, ਪਰ ਉਨ੍ਹਾਂ ’ਤੇ ਕੋਈ ਕਾਰਵਾਈ ਨਹੀਂ ਹੁੰਦੀ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928

Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਅਸਥਾਨ ਸੀਰ ਗਵਰਧਨ ਕਾਂਸ਼ੀ ਵਿਖੇ ਗ੍ਰੀਸ ਦੀਆਂ ਸੰਗਤਾਂ ਵੱਲੋਂ ਚੜਾਇਆ ਸੋਨੇ ਦਾ ਹਰਿ ਦਾ ਨਿਸ਼ਾਨ

**ਫਗਵਾੜਾ (ਬੀ.ਕੇ. ਰੱਤੂ)** ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਜਨਮ ਅਸਥਾਨ ਸੀਰ ਗਵਰਧਨ ਕਾਂਸ਼ੀ (ਵਾਰਾਨਸੀ) ਯੂ।ਪੀ।ਵਿਖੇ ਗ੍ਰੀਸ ਦੀਆਂ ਸੰਗਤਾਂ ਵੱਲੋਂ ਸੋਨੇ ਦਾ ਹਰਿ ਨਿਸ਼ਾਨ ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ ਸੰਤ ਨਿਰੰਜਨ ਦਾਸ ਮਹਾਰਾਜ ਜੀ ਨੂੰ ਭੇਟ ਕੀਤਾ ਗਿਆ। ਸੰਤ ਨਿਰੰਜਨ ਦਾਸ ਮਹਾਰਾਜ ਜੀ ਦੇ ਆਸ਼ੀਰਵਾਦ ਅਤੇ ਕਰ ਕਮਲਾ ਨਾਲ ਹਰਿ ਦਾ ਨਿਸ਼ਾਨ (ਸੋਨੇ) ਕਾਂਸ਼ੀ ਬਨਾਰਸ ਵਿਖੇ ਚੜਾਇਆ ਗਿਆ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ



ਗ੍ਰੀਸ ਦੇ ਪ੍ਰਧਾਨ ਜਸਵਿੰਦਰ ਰਈਆ ਨੇ ਦੇਸ਼ ਵਿਦੇਸ਼ ਵਿੱਚ ਵੱਸਦੀ ਸੰਗਤ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੰਦਿਆ ਦੱਸਿਆ ਕਿ ਇਹ ਹਰਿ ਦਾ ਨਿਸ਼ਾਨ (ਸੋਨੇ) ਸ੍ਰੀ ਗੁਰੂ ਰਵਿਦਾਸ ਦਰਬਾਰ ਨੈਸ਼ਨਲ ਗੁਰੂਘਰ ਕਰੋਪੀ ਗਰੀਸ, ਸ੍ਰੀ ਰਵਿਦਾਸ ਸੁਖਸਾਗਰ ਮੇਨੀਦੀ, ਸ੍ਰੀ ਗੁਰੂ ਰਵਿਦਾਸ ਭਵਨ ਸੀਮਾਧਾਰੀ, ਸ੍ਰੀ ਗੁਰੂ ਰਵੀਦਾਸ ਦਰਬਾਰ ਰਿਜਾਰੀ ਰੋਡ ਮਾਰਾਥੋਨਾ ਗ੍ਰੀਸ ਅਤੇ ਸਮੂਹ ਗ੍ਰੀਸ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਤਿਆਰ ਕਰਕੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਜਨਮ ਅਸਥਾਨ ਸੀਰ ਗਵਰਧਨ ਕਾਂਸ਼ੀ (ਵਾਰਾਨਸੀ) ਵਿਖੇ ਚੜਾਉਣ ਲਈ 108 ਸੰਤ ਨਿਰੰਜਨ ਦਾਸ ਮਹਾਰਾਜ ਜੀ ਨੂੰ ਭੇਂਟ ਕੀਤਾ ਗਿਆ ਹੈ। ਜਸਵਿੰਦਰ ਰਈਆ ਨੇ ਇਸ ਨੇਕ ਤੇ ਉੱਤਮ ਕਾਰਜ ਵਿੱਚ ਸਹਿਯੋਗ ਕਰਨ ਲਈ ਗ੍ਰੀਸ ਦੀ ਸਮੁੱਚੀ ਸੰਗਤ ਦਾ ਧੰਨਵਾਦ ਕੀਤਾ।

# ਪੀ. ਸੀ.ਏ ਬਰੈਂਟਵੁੱਡ ਵੱਲੋ "ਧੀਆਂ ਨੂੰ ਸਮਰਪਤ" ਲੋਹੜੀ ਦਾ ਸਮਾਗਮ ਕਰਾਇਆ ਗਿਆ









**ਬਰੈਂਟਵੁੱਡ–** ਲੰਘੇ ਸ਼ਨੀਵਾਰ ਪੰਜਾਬੀ ਕਲਚਰਲ ਐਸੋਸੀਏਸ਼ਨ (ਪੀ. ਸੀ. ਏ) ਬਰੈਂਟਵੁੱਡ ਨੇ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਉਧੀਆ ਦੀ ਲੋਹੜੀ" ਮਨਾਈ। ਇਸ ਸਮਾਗਮ ਨੂੰ ਸੁਖਦੇਵ ਸਾਹਿਲ ਤੇ ਮਨਦੀਪ ਸਿੱਧੂ ਦੀ ਸੁਰੀਲੀ ਅਵਾਜ ਨੇ ਤਕਰੀਬਨ ਦੋ ਘੰਟੇ ਸਰੋਤਿਆ ਨੂੰ ਕੀਲੀ ਰੱਖਿਆ। ਬਰੈਂਟਵੁੱਡ ਦੀਆਂ ਲੋਕਲ ਪੰਜਾਬਣਾਂ ਵੱਲੋ ਤਿਆਰ ਕੀਤੀ ਗਈ ਗਿੱਧਾ ਟੀਮ "ਰੌਣਕ ਪੰਜਾਬ ਦੀ" ਇਸ ਸਮਾਗਮ ਦੀ ਖਿੱਚ ਬਣੀ ਰਹੀ। ਇਸ ਸਮਾਗਮ ਦੀ ਸਭ ਤੋ ਮੁੱਖ ਗੱਲ ਇਹ ਰਹੀ ਕਿ ਇਹ ਲੋਹੜੀ ਇੱਕ ਖੁੱਲੇ ਮੈਦਾਨ ਚ ਕਰਵਾਈ ਗਈ। ਭਾਵੇ ਕਿ ਇਸ ਇਲਾਕੇ ਚ ਪੰਜਾਬੀਆ ਦੀ ਵੱਸੋ ਬਹੁਤ ਘੱਟ ਹੈ ਪਰ ਹਾਜਰੀ ਪੱਖੋ ਇਸ ਸਮਾਗਮ ਬਹੁਤ ਹੀ ਕਾਮਯਾਬ ਰਿਹਾ।

ਇਸ ਪ੍ਰੋਗਰਾਮ ਦੇ ਬਾਬਤ ਵਧੇਰੇ ਜਾਣਕਾਰੀ ਦਿੰਦੇ ਹੋਏ ਕਲੱਬ ਦੇ ਚੇਅਰਮੈਨ ਭੁਪਿੰਦਰ ਸਿੰਘ ਬਾਜਵਾ ਨੇ ਫੋਨ ਤੇ ਗੱਲਬਾਤ ਕਰਦੇ ਦੱਸਿਆ ਕਿ ਇਸ ਸਾਲ ਲੋਹੜੀ ਦਾ ਸਮਾਗਮ ਬਹੁਤ ਹੀ ਸਫਲ ਰਿਹਾ। ਸਫਲਤਾ ਦਾ ਕਾਰਨ ਇਹ ਲੋਹੜੀ ਧੀਆਂ ਨੂੰ ਸਮਰਪਿਤ ਹੋਣਾ ਦੱਸਿਆ ਗਿਆ। ਕਲੱਬ ਬਾਰੇ ਹੋਰ ਚਾਨਣਾ ਪਾਉਂਦੇ ਹੋਏ ਭੁਪਿੰਦਰ ਬਾਜਵਾ ਨੇ ਦੱਸਿਆ ਕਿ ਇਹ ਕੱਲੱਬ ਇਸ ਸਾਲ ਅਮਰੀਕਾ ਦੀ ਲੋਕਲ ਅਜਾਦੀ ਪਰੇਡ ਚ ਵੱਧ ਚੜ ਕੇ ਹਿੱਸਾ ਲਵੇਗਾ ਤੇ ਪਰੇਡ ਦੌਰਾਨ ਪਾਣੀ, ਜੂਸ ਤੇ ਸੋਡੇ ਦਾ ਲੰਗਰ ਲਾਇਆ ਜਾਵੇਗਾ। ਇਸ ਸਾਲ ਲੱਗਣ ਵਾਲੇ ਖੂਨਦਾਨ ਕੈਂਪ ਬਾਰੇ ਵੀ ਜਾਣਕਾਰੀ ਦਿੰਦੇ ਹੋਏ ਬਾਜਵਾ ਸਾਹਿਬ ਨੇ ਦੱਸਿਆ ਕਿ ਜਲਦੀ ਹੀ ਇਸ ਖੂਨਦਾਨ ਕੈਂਪ ਦੀਆ ਤਰੀਕਾ ਦਾ ਐਲਾਨ ਜਲਦੀ ਹੀ ਕਰ ਦਿਤਾ ਜਾਵੇਗਾ। ਇਸ ਸਮਾਗਮ 'ਚ ਹੋਰਨਾਂ ਤੋ ਇਲਾਵ ਸ਼ਹਿਰ ਦੇ ਪੁਰਾਣੇ ਕੋਸਲ ਮੈਬਰ ਬਲਵਿੰਦਰ ਗਰੇਵਾਲ, ਡਾ. ਮਨਦੀਪ ਸਿੱਧੂ, ਮਨਧੀਰ ਕੰਗ, ਰਚਨਾ ਭਟਨਾਗਰ, ਪ੍ਰਦੀਪ ਵਾਲੀਆ, ਅਨਸ਼ੂਮਨ ਸ਼ੁਕਲਾ, ਸਤਵਿੰਦਰ ਸੰਘੂ, ਅਵਤਾਰ ਲਾਖਾ, ਵਿਜੇ ਸਿੰਘ, ਕਰਨ ਮਹਿੰਦਰੂ. ਵਿਕਰਮ ਰੰਧਾਵਾ, ਨਿਤਿਨ ਖੰਨਾ, ਸਤਵਿੰਦਰ ਮਾਨਹੇੜਾ, ਰਾਜਬੀਰ ਸਰਕਾਰੀਆ, ਸੰਨੀ ਸਰਕਰਾਰੀਆ, ਸਚਿਨ ਕੁਮਾਰ ਅਤੇ ਹਰਸ਼ ਗਰੇਵਾਲ ਸਮੇਤ ਕਈ ਉਘੀਆਂ ਸ਼ਖਸ਼ੀਅਤਾ ਨੇ ਹਿੱਸਾ ਲਿਆ। ਸਮਾਗਮ ਦੇ ਅੰਤ ਚ ਕਮੇਟੀ ਦੇ ਸਾਰੇ ਮੈਂਬਰਾ ਨੇ ਅਗਲੇ ਸਾਲ ਦਾ ਸਮਾਗਮ ਦਾ ਐਲਾਨ ਨੂੰ ਧੀਆਂ ਨੂੰ ਸਮਰਪਤ ਕਰਨ ਦਾ ਅਹਿਦ ਲਿਆ। ਕੁੱਲ ਮਿਲਾ ਕੇ ਇਹ ਸਮਾਗਮ ਬਹੁਤ ਹੀ ਕਾਮਯਾਬ ਰਿਹਾ ।

# ਗਿਆਨੀ ਹਰਜਿੰਦਰ ਸਿੰਘ, ਫੱਕਰ, ਦੀ ਧਰਮ ਪਤਨੀ ਬੀਬੀ ਪਿਆਰ ਕੌਰ ਜੀ ਅਕਾਲ ਚਲਾਣਾ ਕਰ ਗਏ

**ਸੁਲਤਾਨਪੁਰ ਲੋਧੀ–** ਪ੍ਰਸਿੱਧ ਪੰਥਕ ਢਾਡੀ ਜਥਾ ਸੁਲਤਾਨਪੁਰ ਲੋਧੀ, ਗਿਆਨੀ ਹਰਜਿੰਦਰ ਸਿੰਘ ਫੱਕਰ ਨੂੰ ਉਸ ਵਕਤ ਗਹਿਰਾ ਸਦਮਾ ਪਹੁੰਚਿਆ, ਜਦੋਂ ਉਹਨਾਂ ਦੀ ਜੀਵਨ ਸਾਥਣ ਬੀਬੀ ਪਿਆਰ ਕੌਰ ਜੀ 29 ਜਨਵਰੀ 2025 ਨੂੰ ਅਚਾਨਕ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਨਿਵਾਜੇ। ਬੀਬੀ ਜੀ 60 ਵਰ੍ਹਿਆਂ ਦੀ ਉਮਰ ਭੋਗ ਕੇ ਸੱਚਖੰਡ ਪਧਾਰ ਗਏ। ਬੀਬੀ ਪਿਆਰ ਕੌਰ ਜੀ ਬਹੁਤ ਹੀ ਨਿਮਰਤਾ ਵਾਲੇ ਸੁਭਾਅ ਦੇ ਸਨ, ਜੋ ਹਮੇਸ਼ਾ ਪਰਿਵਾਰ ਅਤੇ ਸਮਾਜ ਵਿਚ ਪ੍ਰੇਰਨਾਦਾਇਕ ਜੀਵਨ ਬਤੀਤ ਕਰਦੇ ਰਹੇ। ਉਹਨਾਂ ਦੀ ਗਰਬਾਣੀ ਅਤੇ ਗੁਰਮਤਿ ਨਾਲ ਗਹਿਰੀ ਸ਼ਰਧਾ ਸੀ। ਪਰਿਵਾਰ ਵਿਚ ਉਹ ਇਕ ਮਜ਼ਬੂਤ ਥੰਮ ਸਨ, ਜਿਹਨਾਂ ਨੇ ਪਿਆਰ, ਸੰਸਕਾਰ ਅਤੇ ਸਮਰਪਣ ਦੀ ਰਾਹ ਦਿਖਾਈ। ਬੀਬੀ ਜੀ ਪਿੱਛੇ ਦੋਹਤਰੇ ਤੇ ਪੋਤਰੇ ਵਜੋਂ ਸੋਹਣੀ ਫੁਲਵਾੜੀ ਛੱਡ ਗਏ ਹਨ। ਵੱਡੇ ਪੁੱਤਰ ਸ਼ਮਸ਼ੇਰ ਸਿੰਘ ਹਰਾ ਯੂ. ਕੇ. ਵਿਚ ਰਹਿੰਦੇ ਹਨ, ਜਦਕਿ ਛੋਟੇ ਪੁੱਤਰ ਅੰਮ੍ਰਿਤਪਾਲ ਸਿੰਘ ਇੱਥੇ ਬਤੌਰ ਹੈੱਡ ਗ੍ਰੰਥੀ ਆਪਣੀ ਸੇਵਾ ਨਿਭਾਅ ਰਹੇ ਹਨ। ਪਰਿਵਾਰ ਦੇ ਹੋਰ ਮੈਂਬਰ ਵੀ ਗੁਰਮੁਖੀ ਜੀਵਨ ਅਨੁਸਾਰ ਰਹਿੰਦੇ ਹੋਏ ਸੰਗਤ ਤੇ ਸਮਾਜ ਦੀ ਭਲਾਈ ਲਏ ਹਮੇਸ਼ਾ ਅੱਗੇ ਰਹਿੰਦੇ ਹਨ। ਬੀਬੀ ਪਿਆਰ ਕੌਰ ਜੀ ਦੇ ਅਕਾਲ ਚਲਾਣੇ ਨਾਲ ਪੂਰੇ ਪਰਿਵਾਰ, ਰਿਸ਼ਤੇਦਾਰਾਂ ਅਤੇ ਪਿੰਡ ਵਾਸੀਆਂ ਵਿਚ ਗਹਿਰਾ ਸੋਗ ਹੈ। ਪਿਆਰ ਤੇ ਨਿਮਰਤਾ ਦੀ ਮੂਰਤ ਬੀਬੀ ਪਿਆਰ ਕੌਰ ਜੀ ਹਮੇਸ਼ਾ ਹੀ ਯਾਦ ਰਹਿਣਗੇ। ਪ੍ਰਮਾਤਮਾ ਉਹਨਾਂ ਦੀ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।




Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਬਹੁਜਨਾਂ ਦੇ ਮਸੀਹਾ, ਬਹੁਜਨ ਨਾਇਕ, ਕ੍ਰਾਂਤੀਕਾਰੀ, ਮਹਾਨ ਤਿਆਗੀ, ਮਹਾਨ ਤਪੱਸਵੀ, ਬਹੁਜਨਾਂ ਦੇ ਮਾਰਗ ਦਰਸ਼ਕ ਅਤੇ ਸਾਇੰਸਦਾਨ ਤੋਂ ਬਣੇ ਸਮਾਜਿਕ ਸਾਇੰਸਦਾਨ ਮਾਨਿਆਵਰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ



ਅਵਤਾਰ ਸਿੰਘ ਰਾਏਸਰ ਬਰਨਾਲਾ, 91-98143-21087

ਬਹੁਜਨਾਂ ਦੇ ਮਸੀਹਾ, ਬਹੁਜਨ ਨਾਇਕ, ਕ੍ਰਾਂਤੀਕਾਰੀ, ਮਹਾਨ ਤਿਆਗੀ, ਮਹਾਨ ਤਪੱਸਵੀ, ਬਹੁਜਨਾਂ ਦੇ ਮਾਰਗ ਦਰਸ਼ਕ ਅਤੇ ਸਾਇੰਸਦਾਨ ਤੋਂ ਬਣੇ ਸਮਾਜਿਕ ਸਾਇੰਸਦਾਨ ਮਾਨਿਆਵਰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਤਿਆਗ ਅਤੇ ਸਘੰਰਸ਼ ਭਰੀ ਜ਼ਿੰਦਗੀ ਦੀ ਦਾਸਤਾਨ ਦੇ ਅੰਸ ਬਾਬੂ ਕਾਂਸ਼ੀ ਰਾਮ ਜੀ ਵਰਗੇ ਮਹਾਨ ਇਨਸਾਨ, ਰਹਿਬਰ ਕੌਮ ਨੂੰ ਸਦੀਆਂ ਬਾਅਦ ਮਿਲਦੇ ਹਨ ਸਾਡੀ ਬਦਕਿਸਮਤੀ ਹੈ ਕਿ ਅਸੀਂ ਉਹਨਾਂ ਨੂੰ ਸਹੀ ਵਕਤ ਤੇ ਪਹਿਚਾਣ ਨਹੀਂ ਸਕੇ। ਪੰਜਾਬ, ਜੋ ਕਿ ਉਹਨਾਂ ਦੀ ਜੰਮਣ ਭੋਂਇ ਹੈ, ਇੱਥੋਂ ਉਹ ਹਮੇਸ਼ਾ ਹੀ ਨਿਰਾਸ਼ ਰਹੇ। ਕਦੇ ਕਦੇ ਮੈਨੂੰ ਲੱਗਦਾ ਹੈ ਕਿ ਸਾਡੇ ਨਾਲੋਂ ਤਾਂ ਯੂ ਪੀ ਤੇ ਬਿਹਾਰ ਵਰਗੇ ਸੂਬਿਆਂ ਦੇ ਲੋਕ ਹੀ ਸਿਆਣੇ ਰਹੇ, ਜਿੰਨਾ ਉਹਨਾਂ ਦੀ ਸਰਵਪੱਖੀ ਸੋਚ ਤੇ ਅਜ਼ੀਮ ਸ਼ਖ਼ਸੀਅਤ ਨੂੰ ਸਮਝਕੇ ਸਰਕਾਰਾਂ ਬਣਾ ਦਿੱਤੀਆਂ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਵਰਗੇ ਮਹਾਨ ਇਨਸਾਨ ਹੁਣ ਕਦ ਕੌਮ ਨੂੰ ਮਿਲਣਗੇ ਜਾਂ ਨਹੀਂ। ਉਹਨਾਂ ਦੇ ਦੋ ਤਿੰਨ ਵਾਰ ਸਾਹਮਣਿਓਂ ਦਰਸ਼ਨ ਕਰਨ ਦਾ ਮੌਕਾ ਮਿਲਿਆ। ਯਾਦਾਂ ਦੇ ਝਰੋਖੇ ਵਿੱਚੋਂ ਸਾਂਝੀਆਂ ਕਰਨ ਲੱਗਿਆਂ ਹਾਂ। ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਉਹ ਮਾਲਵਾ ਖੇਤਰ ਦੇ ਬਰਨਾਲਾ ਜ਼ਿਲ੍ਹੇ ਵਿੱਚ ਆਪਣੇ ਚੋਣ ਪ੍ਰਚਾਰ ਤੇ ਨਿਕਲੇ ਹੋਏ ਸਨ। ਉਸ ਵੇਲੇ ਉਹਨਾਂ ਨੇ ਪੰਜਾਬ ਦੇ ਜੰਮਪਲ ਇੱਕ ਧਨਾਢ ਪਰਿਵਾਰ ਦੇ ਮੈਂਬਰ ਸ ਰਵੀਇੰਦਰ ਸਿੰਘ ਨੂੰ ਆਪਣੇ ਵੱਲੋਂ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਐਲਾਨਿਆ ਹੋਇਆ ਸੀ। ਬਰਨਾਲਾ ਵਿਧਾਨ ਸਭਾ ਹਲਕੇ ਤੋਂ ਉਮੀਦਵਾਰ ਐਡਵੋਕੇਟ ਨਰੇਸ਼ ਕੁਮਾਰੀ ਦੇ ਚੋਣ ਜਲਸੇ ਨੂੰ ਸੰਬੋਧਨ ਕਰਨ ਲਈ ਆ ਰਹੇ ਸਨ। ਬਰਨਾਲਾ ਦੇ ਹੰਢਿਆਇਆ ਬਜ਼ਾਰ ਵਿੱਚ ਸਟੇਜ ਲੱਗੀ ਹੋਈ ਸੀ, ਸ਼ਾਮ ਨੂੰ ਲੋਕ ਉਨ੍ਹਾਂ ਨੂੰ ਉਡੀਕ ਰਹੇ ਸਨ। ਸਥਾਨਕ ਲੀਡਰ ਬੋਲ ਚੁੱਕੇ ਸਨ, ਸਟੇਜ ਤੋਂ ਸਾਹਿਬ ਦੇ ਆਉਣ ਦਾ ਵਾਰ ਵਾਰ ਜ਼ਿਕਰ ਹੋ ਰਿਹਾ ਸੀ। ਹੁਣ ਲੋਕਾਂ ਵਿੱਚ ਚਰਚਾ ਛਿੜ ਪਈ ਕਿ ਸਾਹਿਬ ਲੇਟ ਹੋ ਗਏ ਹਨ। ਉਹ ਹੁਣ ਨੀ ਆਉਂਦੇ।ਬਸ ਲੋਕ ਉੱਠਣ ਲੱਗ ਪਏ ਸਨ। ਪੰਡਾਲ ਖਾਲੀ ਹੋਣ ਲੱਗ ਪਿਆ ਕਿ ਅਚਾਨਕ ਹੀ ਸਾਹਿਬ ਸਟੇਜ ਤੇ ਆ ਗਏ। ਉਹਨਾਂ ਆਉਂਦਿਆਂ ਹੀ ਵਿਧਾਨ ਸਭਾ ਹਲਕੇ ਬਰਨਾਲੇ ਦੇ ਉਮੀਦਵਾਰ ਐਡਵੋਕੇਟ ਨਰੇਸ਼ ਕੁਮਾਰੀ ਬਾਵਾ ਦਾ ਨਾਂਅ ਲੈਕੇ ਕਿਹਾ ਕਿ ਮੈਂ ਬਰਨਾਲੇ ਤੋਂ ਇਸ ਚੁਮਾਰੀ ਨੂੰ ਤੁਹਾਡੇ ਲਈ ਵਧੀਆ ਉਮੀਦਵਾਰ ਵਜੋਂ ਟਿਕਟ ਦੇਕੇ ਮੈਦਾਨ ਵਿੱਚ ਉਤਾਰਿਆ ਹੈ ਇਸ ਲਈ ਹੁਣ ਤੁਹਾਡੀ ਵਾਰੀ ਆ ਇਸ ਨੂੰ ਜਿਤਾਉਣ ਦੀ। ਬਸਪਾ ਦੇ ਮੌਕੇ ਦੇ ਆਗੂਆਂ ਦੀ ਉਹਨਾਂ ਸਟੇਜ ਤੋਂ ਹੀ ਚੰਗੀ ਝਾੜ ਝੰਬ ਵੀ ਕੀਤੀ ਕਿ ਤੁਸੀਂ ਰਜਵਾੜਿਆਂ ਅਕਾਲੀਆਂ ਕਾਂਗਰਸੀਆਂ ਵਾਂਗ ਲੋਕਾਂ ਨੂੰ ਨੀਵੇਂ ਸਮਝਦੇ ਹੋ। ਤੁਸੀਂ ਵਿਗੜੇ ਹੋਏ ਹੋ, ਜਿਸ ਕਰਕੇ ਮੈਨੂੰ ਇੱਕ ਜੱਟ ਰਵੀਇੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਐਲਾਨਣਾ ਪਿਆ, ਕਿ ਜੇਕਰ ਕੋਈ ਸਾਡਾ ਭਾਰ ਫ੍ਰੀ ਵਿਚ ਢੋਅ ਦੇਵੇ ਤਾਂ ਸਾਨੂੰ ਉਸ ਨੂੰ ਵਰਤ ਲੈਣਾ ਚਾਹੀਦਾ ਹੈ। ਉਹਨਾਂ ਦੇ ਤਿੱਖੇ ਤੇ ਰੜਕਦੇ ਬੋਲ ਪਾਰਟੀ ਆਗੂਆਂ ਨੂੰ ਹਲੂਣਾ ਦਿੰਦੇ ਸਨ। ਉਸ ਵਕਤ ਰਾਤ ਦੇ ਗਿਆਰਾਂ ਵੱਜ ਗਏ ਸਨ ਤੇ ਉਨ੍ਹਾਂ ਕਿਹਾ ਕਿ ਮੈਂ ਬਠਿੰਡੇ ਜਿਲ੍ਹੇ ਦੇ ਹਲਕੇ ਰਾਮਪੁਰਾ ਫੂਲ ਚ ਬਾਰਾਂ ਵਜੇ ਸੰਬੋਧਨ ਕਰਨਾ ਹੈ। ਉਹਨਾਂ ਸਾਡੇ ਸਾਹਮਣੇ ਸਟੇਜ ਤੇ ਖਲੋਕੇ ਹੀ ਇੱਕ ਦੋ ਰੋਟੀਆਂ ਵੀ ਛਕੀਆਂ। ਉਹਨਾਂ ਸਦੀਆਂ ਤੋਂ ਸੁੱਤੇ ਪਏ ਆਪਣੇ ਸਮਾਜ ਨੂੰ ਜਗਾਉਣ ਲਈ ਨਾ ਦਿਨ ਦੇਖਿਆ ਨਾ ਰਾਤ। ਪਰ ਸਾਡੇ ਆਪਣੇ ਹੀ ਲੀਡਰ ਬਣਕੇ ਸਾਹਿਬ ਕਾਂਸ਼ੀ ਰਾਮ ਜੀ ਨਾਲ ਦਗ਼ਾ ਕਮਾਵਣ ਵਾਲੇ ਸਨ।

ਸਾਹਿਬ ਕਾਂਸ਼ੀ ਰਾਮ ਜੀ ਅਕਸਰ ਹੀ ਸਟੇਜ ਤੇ ਖਲੋਕੇ ਚੁਮਾਰ ਭਾਈਚਾਰੇ ਨੂੰ ਚੰਗਾ ਪਰੋਸਾ ਦਿੰਦੇ ਸਨ ਕਿ ਮੇਰੇ ਲੋਕ, ਦੁਆਬੇ ਦੇ ਚੁਮਾਰ ਵਿਕਾਊ ਹਨ, ਇਹ ਧਨਾਢ ਪਰਿਵਾਰਾਂ ਦੀ ਚਾਪਲੂਸੀ ਕਰਨ ਵਿੱਚ ਮਾਣ ਮਹਿਸੂਸ ਕਰਦੇ ਹਨ ਜਦਕਿ ਮੈਂ ਇਹਨਾਂ ਨੂੰ ਬਹੁਜਨ ਸਮਾਜ ਦੀ ਉਸਾਰੀ ਲਈ ਕਹਿੰਦਾ ਹਾਂ। ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਵਾਰੇ ਇੱਕ ਹੋਰ ਜਾਣਕਾਰੀ ਹੈ ਕਿ ਉਹ 1983 ਦੇ ਦਿਨਾਂ ਵਿੱਚ ਇੱਕ ਵਾਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਮਿਲੇ ਸਨ। ਉਹਨਾਂ ਦੀ ਸ਼ਖ਼ਸੀਅਤ ਤੋਂ ਸੰਤ ਜੀ ਵੀ ਕਾਫੀ ਪ੍ਰਭਾਵਿਤ ਹੋਏ। ਦੇਸ਼ ਦੀ ਰਾਜਨੀਤੀ ਵਾਰੇ ਦੋਵੇਂ ਆਗੂਆਂ ਵਿੱਚ ਕਾਫੀ ਵਿਚਾਰ ਵਟਾਂਦਰਾ ਹੋਇਆ, ਪਰ ਦੋਹਾਂ ਆਗੂਆਂ ਦੇ ਰਸਤੇ ਵੱਖਰੇ ਵੱਖਰੇ ਸਨ। ਭਾਵੇਂ ਕਿ ਕਾਂਗਰਸ ਤੇ ਭਾਜਪਾ ਦੇ ਮੁਕਾਬਲੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਲਈ ਸਾਹਿਬ ਕਾਂਸ਼ੀ ਰਾਮ ਜੀ ਹੀ ਵਧੇਰੇ ਸਾਰਥਿਕ ਸਨ ਪਰ ਕੋਈ ਸਾਂਝਾ ਪਲੇਟਫਾਰਮ ਨਾ ਬਣ ਸਕਿਆ। ਅਖੀਰ ਸਾਹਿਬ ਜੀ ਨੇ ਸੰਤਾਂ ਤੋਂ ਵਿਦਾਇਗੀ ਲੈਂਦਿਆਂ ਕਿਹਾ ਕਿ ਸੰਤ ਜੀ, ਤੁਸੀਂ ਵੀ ਬੰਬ ਬਣਾਉਦੇ ਹੋ, ਮੈਂ ਵੀ ਬੰਬ ਬਣਾਉਂਦਾ ਹਾਂ। ਯਾਦ ਰੱਖਿਓ ਤੁਹਾਡੇ ਬਣਾਏ ਹੋਏ ਬੰਬਾਂ ਨੂੰ ਕੇਂਦਰ ਸਰਕਾਰ ਦੀ ਫੌਜ ਤਬਾਹ ਕਰ ਦੇਵੇਗੀ, ਪਰ ਮੇਰੇ ਬਣਾਏ ਹੋਏ ਬੰਬ ਪਾਰਲੀਮੈਂਟ ਵਿੱਚ ਕਾਂਗਰਸ ਨੂੰ ਤਬਾਹ ਕਰ ਦੇਣਗੇ। ਸਾਹਿਬ ਦੀ ਇਹ ਗੱਲ ਸਮਾਂ ਪਾਕੇ ਸੱਚ ਸਾਬਤ ਹੋਈ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਉਹਨਾਂ ਦੇ ਜੁਝਾਰੂ ਸਿੰਘ ਜੂਨ ਚੁਰਾਸੀ ਵਿੱਚ ਭਾਰਤੀ ਫੌਜ ਨਾਲ ਲੜਦਿਆਂ ਸ਼ਹੀਦੀ ਪ੍ਰਾਪਤ ਕਰ ਗਏ ਤੇ ਬਸਪਾ ਦੇ ਐਮ ਪੀਆਂ ਨੇ ਪਾਰਲੀਮੈਂਟ ਵਿੱਚ ਕਾਂਗਰਸ ਪਾਰਟੀ ਨੂੰ ਖਤਮ ਕਰਨ ਦੇ ਕੰਢੇ ਤੇ ਪਹੁੰਚਾ ਦਿੱਤਾ ਸੀ। ਇਹ ਗੱਲ 1998 ਦੀ ਹੈ। ਸਾਹਿਬ, ਜੋਧਪੁਰ (ਰਾਜਸਥਾਨ) ਦੇ ਵਿਧਾਨ ਸਭਾ ਹਲਕਾ 'ਓਸੀਅਨ' ਵਿੱਚ ਬਹੁਤ ਭਾਰੀ ਜਲੂਸ ਕੱਢਿਆ ਗਿਆ ਸੀ। ਜਿਵੇਂ ਹੀ ਸਾਹਿਬ ਇਕੱਠ ਨੂੰ ਸੰਬੋਧਨ ਕਰਨ ਲਈ ਖੜ੍ਹੇ ਹੋਏ ਤਾਂ ਉਥੋਂ ਦੀ ਭੀੜ ਵਿੱਚ ਚੀਕਣ ਅਤੇ ਚਿਲਾਉਣ ਦੀ ਆਵਾਜ਼ ਸੁਣਾਈ ਦੇਣ ਲੱਗੀ। ਸਾਹਿਬ ਨੂੰ ਸਮਝ ਨਹੀਂ ਆ ਰਹੀ ਸੀ ਕਿ ਕੀ ਹੋ ਰਿਹਾ ਹੈ। ਅਸਲ ਵਿੱਚ ਇੱਕ ਸੌ ਔਰਤਾਂ ਅਤੇ ਬੱਚੇ ਰੋਣ ਲੱਗ ਪਏ ਸਨ। ਸਾਹਿਬ ਨੇ ਸਟੇਜ 'ਤੇ ਬੈਠੇ ਸ਼ਿਵਦਾਨ ਮੇਘਵਾਲ ਨੂੰ ਪੁੱਛਿਆ, ਇਹ ਕੀ ਗੱਲ ਹੈ? ਸ਼ਿਵਦਾਨ ਨੇ ਸਾਹਿਬ ਨੂੰ ਕਿਹਾ, "ਸਾਹਿਬ ਜੀ, ਇਹ ਔਰਤਾਂ ਅਤੇ ਮਰਦ ਆਪਣੀ ਮਾਰਵਾੜੀ ਭਾਸ਼ਾ ਵਿੱਚ ਬੋਲ ਰਹੇ ਹਨ। ਉਹ ਕਹਿ ਰਹੇ ਹਨ ਕਿ ਅਸੀਂ ਪਿੰਡ ਮਠਾਣੀਆਂ ਤੋਂ ਆਏ ਹਾਂ। ਸਾਡੇ ਪਿੰਡ ਦਾ ਮੁੱਖੀਆ ਉੱਚੀ ਜਾਤ ਦਾ ਹੈ। ਉਹ ਸਾਡੇ ਗਰੀਬ ਲੋਕਾਂ ਨੂੰ ਆਪਣੇ ਗੁੰਡਿਆਂ ਰਾਹੀਂ ਡਰਾ ਧਮਕਾ ਕੇ ਪਿੰਡ ਛੱਡਣ ਲਈ ਮਜਬੂਰ ਕਰ ਰਿਹਾ ਹੈ। ਸਾਡੇ ਘਰਾਂ ਨੂੰ ਅੱਗ ਲਾ ਦਿੱਤੀ ਗਈ। ਸਾਨੂੰ ਕੁੱਟਿਆ ਗਿਆ ਅਤੇ ਸਾਡੀ ਇੱਜ਼ਤ ਨੂੰ ਢਾਹ ਲੱਗੀ। ਸਰਕਾਰ ਹੋਵੇ ਜਾਂ ਅਦਾਲਤ, ਸਾਡੀ ਸ਼ਿਕਾਇਤ ਕਿਸੇ ਨੇ ਨਹੀਂ ਸੁਣੀ। ਤੁਸੀਂ ਦੱਸੋ ਸਾਨੂੰ ਕੀ ਕਰਨਾ ਚਾਹੀਦਾ ਹੈ?" ਜਦੋਂ ਸਾਹਿਬ ਨੇ ਇਹ ਸਭ ਸੁਣਿਆ ਤਾਂ ਇੰਜ ਜਾਪਿਆ ਜਿਵੇਂ ਉਨ੍ਹਾਂ ਦੀਆਂ ਅੱਖਾਂ ਵਿਚ ਖ਼ੂਨ ਵਹਿ ਗਿਆ ਹੋਵੇ। ਉਸ ਨੇ ਸ਼ਿਵਦਾਨ ਨੂੰ ਗੁੱਟ ਤੋਂ ਫੜ ਕੇ ਕਿਹਾ, ਹੁਣ ਮੇਰੀ ਤਰਫੋਂ ਮਾਰਵਾੜੀ ਭਾਸ਼ਾ ਵਿੱਚ, ਤੁਸੀਂ ਇਹਨਾਂ ਨੂੰ ਦੱਸੋ ਕਿ ਕਾਂਸ਼ੀ ਰਾਮ ਕਹਿ ਰਿਹਾ ਹੈ ਕਿ ਮੈਨੂੰ ਰੋਂਦੇ ਅਤੇ ਚੀਕਣ ਵਾਲੇ ਕੁੱਤੇ ਨਹੀਂ ਚਾਹੀਦੇ, ਸਗੋਂ ਦੁਸ਼ਮਣ ਨੂੰ ਵੱਢਣ/ਕੱਟਣ ਅਤੇ ਮਾਰਨ ਵਾਲੇ ਕੁੱਤੇ ਚਾਹੀਦੇ ਹਨ। ਬਠਿੰਡਾ ਜ਼ਿਲ੍ਹੇ ਦੇ ਕਸਬੇ ਭਗਤਾ ਭਾਈ ਕਾ ਵਿਖੇ ਸਾਹਿਬ ਚੋਣ ਪ੍ਰਚਾਰ ਦੌਰਾਨ ਸਟੇਜ ਤੋਂ ਬੋਲ ਰਹੇ ਸਨ ਕਿ ਅਸਮਾਨ ਤੇ ਇੱਕ ਹੈਲੀਕਾਪਟਰ ਦੀ ਗੂੰਜ ਨਾਲ ਲੋਕਾਂ ਦਾ ਧਿਆਨ ਉਧਰ ਨੂੰ ਹੋ ਗਿਆ, ਤਾਂ ਸਾਹਿਬ ਜੀ ਕਹਿਣ ਲੱਗੇ,ਆਹ ਯੂ ਪੀ ਦੀ 'ਇੱਕ ਚੁਮਾਰੀ' ਨੇ ਮੇਰੀ ਗੱਲ ਮੰਨੀ ਸੀ, ਹੁਣ ਦੇਖੋ ਤੁਹਾਡੇ ਸਾਹਮਣੇ ਆਉਂਦੀ ਹੈ ਨਾ ਹੈਲੀਕਾਪਟਰ ਵਿਚ ਘੁੰਮਦੀ । ਲੋਕਾਂ ਵਿੱਚ ਹਾਸੜ ਮੱਚ ਗਈ। ਸੱਚ ਮੁੱਚ ਇਸ ਹੈਲੀਕਾਪਟਰ 'ਚੋਂ ਉਸ ਸਮੇਂ ਦੀ ਯੂ ਪੀ ਦੀ ਮੁੱਖ ਮੰਤਰੀ ਕੁਮਾਰੀ ਮਾਇਆਵਤੀ ਅਗਲੇ ਪਲਾਂ ਵਿਚ ਸਟੇਜ ਤੇ ਲੋਕਾਂ ਦੀਆਂ ਭਾਵਨਾਵਾਂ ਦਾ ਹੱਥ ਹਿਲਾਕੇ ਸਵਾਗਤ ਕਰ ਰਹੀ ਸੀ।




KB USED AUTO SALES



8655 B Monterey Street Gilroy, CA 95020

Kashmiri Bhatia, Dealer/Broker 408-848-2365

50% OFF WARRANTY with Qualifying Car Purchase

IN HOUSE FINANCING AVALIABLE www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kamaljit Kaur Bhatia & Kashmiri Bhatia

K&K AUTO REPAIR and Car Wash

63 Muckelemi St San Juan Bautista 95045

Kashmiri Bhatia (Owner) 831-623-4702

20% OFF LABOUR on your next qualifying service

Car Care You Can Trust

# ਜੋ ਬੋਲੇ ਸੋ ਨਿਰਭੈ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਜੈ ਦੇ ਜੈਕਾਰਿਆਂ ਨਾਲ ਗੂੰਜਿਆਂ ਸ਼ਹਿਰ ਫਗਵਾੜਾ

## ਵਿਸ਼ਾਲ ਸ਼ੋਭਾ ਯਾਤਰਾ ਦੋਰਾਨ ਪਾਲਕੀ ਸਾਹਿਬ ਅੱਗੇ ਲੱਖਾਂ ਸੰਗਤਾਂ ਹੋਈਆਂ ਨਤਮਸਤਕ, ਫੁੱਲਾਂ ਦੀ ਵਰਖਾ ਨਾਲ ਸੰਗਤਾਂ ਕੀਤਾ ਭਰਵਾਂ ਸਵਾਗਤ







**ਫਗਵਾੜਾ (ਬੀ.ਕੇ. ਰੱਤੂ)** – ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 648 ਵੇਂ ਪ੍ਰਕਾਸ਼ ਦਿਵਸ ਨੂੰ ਸਮਰਪਿਤ ਵਿਸ਼ਾਲ ਸ਼ੋਭਾ ਯਾਤਰਾ ਦਾ ਅਰੰਭ ਇਤਿਹਾਸਕ ਅਸਥਾਨ ਸ੍ਰੋਮਣੀ ਸ੍ਰੀ ਗੁਰੂ ਰਵਿਦਾਸ ਮੰਦਿਰ ਜੀ. ਟੀ. ਰੋਡ ਚੱਕ ਹਕੀਮ ਫਗਵਾੜਾ ਤੋਂ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਉਪਰੰਤ ਹੋਇਆ। ਵੱਡੀ ਗਿਣਤੀ ਵਿੱਚ ਹਾਜ਼ਰ ਸੰਗਤਾਂ ਵਲੋਂ ਥਾਂ ਥਾਂ ਤੇ ਫੁੱਲਾਂ ਦੀ ਵਰਖਾ ਕਰਕੇ ਪਾਲਕੀ ਸਾਹਿਬ ਜੀ ਦਾ ਭਰਵਾਂ ਸਵਾਗਤ ਕੀਤਾ ਗਿਆ। ਸੰਗਤਾਂ ਨੂੰ ਸੇਵਾਦਾਰਾਂ ਵਲੋਂ ਲੱਡੂ ਅਤੇ ਫਰੂਟ ਆਦਿ ਲੰਗਰ ਵਰਤਾਏ ਗਏ। ਇਸ ਮੌਕੇ ਸੰਤਾਂ ਮਹਾਂਪੁਰਸ਼ਾਂ, ਵੱਖ ਪਾਰਟੀਆਂ ਦੇ ਆਗੂ ਸਹਿਬਾਨਾਂ, ਸਮਾਜ ਸੇਵੀਆ ਅਤੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਅਤੇ ਵਿਸ਼ਾਲ ਸ਼ੋਭਾ ਯਾਤਰਾ ਵਿੱਚ ਸ਼ਮੂਲੀਅਤ ਅਤੇ ਸਹਿਯੋਗ ਕਰਨ ਵਾਲਿਆਂ ਦਾ ਸ੍ਰੋਮਣੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਕਮੇਟੀ ਰਜਿ ਪੰਜਾਬ ਜੀ। ਟੀ। ਰੋਡ ਚੱਕ ਹਕੀਮ ਦੇ ਪ੍ਰਧਾਨ ਦਵਿੰਦਰ ਕੁਲਥਮ, ਕਿਸ਼ਨ ਦਾਸ ਛਿੰਦੀ, ਯਸ਼ ਬਰਨਾ, ਬਲਦੇਵ ਰਾਜ ਕੋਮਲ, ਅਸ਼ੋਕ ਭਾਟੀਆ, ਗੁਰਦਿਆਲ ਸੋਢੀ, ਸੀਟੂ ਬਾਈ ਅਤੇ ਮਕਬੂਲ ਆਦਿ ਸਮੂਹ ਪ੍ਰਬੰਧਕਾਂ ਵਲੋਂ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਬਹੁਤ ਸੁੰਦਰ ਝਾਕੀਆਂ ਵਿਸ਼ਾਲ ਸ਼ੋਭਾ ਯਾਤਰਾ ਦੀ ਸ਼ੋਭਾ ਨੂੰ ਵਧਾਉਣ ਵਿੱਚ ਆਪਣਾ ਯੋਗਦਾਨ ਪਾ ਰਹੀ ਜੋ ਬਹੁਤ ਖਿੱਚ ਦਾ ਕੇਂਦਰ ਰਹੀਆਂ ।ਮਿਸ਼ਨਰੀ ਕਲਾਕਾਰਾਂ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਦਾ ਗੁਣਗਾਣ ਕੀਤਾ। ਬੈਂਡ ਦੀਆਂ ਧੁੰਨਾਂ ਨੇ ਸਭ ਨੂੰ ਮੰਤਰਮੁਗਧ ਕਰ ਦਿੱਤਾ। ਲੱਖਾਂ ਦੀ ਗਿਣਤੀ ਵਿੱਚ ਸੰਗਤਾ ਨੇ ਸ਼ੋਭਾ ਯਾਤਰਾ ਵਿਚ ਸ਼ਿਰਕਤ ਕਰਕੇ ਪਾਲਕੀ ਸਾਹਿਬ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਐਡਵੋਕੇਟ ਸ਼ਰਧਾ ਰਾਮ, ਮੈਂਬਰ ਕਮਲਜੀਤ ਬੰਗਾ, ਠੇਕੇਦਾਰ ਗੁਰਬਚਨ ਰਾਮ, ਅਸ਼ੋਕ ਸੱਲਣ, ਡਾ। ਪ੍ਰਮਾਨੰਦ, ਅਜੇ ਕੁਮਾਰ ਟੂਰਾ ਇਲਾਵਾ ਸੰਤ ਕੁਲਵੰਤ ਰਾਮ ਭਰੋਮਜਾਰਾ, ਸੰਤ ਦੇਸ ਰਾਜ ਡੇਰਾ ਗੋਬਿੰਦਪੁਰਾ, ਸੰਤ ਜਸਵਿੰਦਰ ਪਾਲ ਡੇਰਾ ਪੰਡਵਾਂ, ਸਾਬਕਾ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਕੈਂਥ, ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ, ਆਪ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ, ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾਂ, ਬਸਪਾ ਪੰਜਾਬ ਦੇ ਇੰਚਾਰਜ ਕੁਲਦੀਪ ਸਿੰਘ ਸਰਦੂਲਗੜ੍ਹ, ਜਰਨੈਲ ਨੰਗਲ ਆਪ ਆਗੂ, ਤਜਿੰਦਰ ਬਾਵਾ, ਐਡਵੋਕੇਟ ਕੁਲਦੀਪ ਭੱਟੀ , ਦਲਜੀਤ ਰਾਜੂ, ਸੰਤੋਸ ਕੁਮਾਰ ਗੋਗੀ, ਅਸੋਕ ਕੁਲਥਮ,ਸੁਰਿੰਦਰ ਢੰਡਾ, ਰਾਮ ਪਾਲ ਉਪਲ, ਤੇਜ ਪਾਲ ਬਸਰਾ, ਬਲਵੀਰ ਸਿੰਘ ਬੈਂਸ,ਪਰਵੀਨ ਬੰਗਾ, ਰਜਿੰਦਰ ਘੇੜਾ, ਮਨੀਸ਼ ਮਹਿਮੀ, ਰਮੇਸ਼ ਕੌਲ, ਚਰੰਜੀ ਲਾਲ ਕਾਲਾ ਕੌਂਸਲਰ, ਅਮਨਦੀਪ ਕੌਰ ਕੌਸਲਰ, ਅਮਰਜੀਤ ਖੁੱਤਣ, ਨਰਿੰਦਰ ਬਿੱਲਾ ਸਾਬਕਾ ਸਰਪੰਚ ਆਦਿ ਤੋਂ ਇਲਾਵਾ ਲੱਖਾਂ ਹੀ ਸੰਗਤਾਂ ਹਾਜਰ ਸਨ।

# ਸ੍ਰੀ ਗੁਰੂ ਰਵਿਦਾਸ ਨਗਰ ਭੋਗਪੁਰ ਵੱਲੋਂ ਸਜਾਏ ਮਹਾਨ ਨਗਰ ਕੀਰਤਨ ਮੌਕੇ ਹਜ਼ਾਰਾਂ ਸੰਗਤਾਂ ਨਤਮਸਤਕ ਹੋਈਆਂ

ਸ੍ਰੀ ਗੁਰੂ ਰਵਿਦਾਸ ਨਗਰ ਕੀਰਤਨ ਸਭਾ ਬਲਾਕ ਭੋਗਪੁਰ ਦੇ 28ਵੇਂ ਬਲਾਕ ਪੱਧਰੀ ਮਹਾਨ ਨਗਰ ਕੀਰਤਨ ਦਾ ਆਯੋਜਨ ਮਹੱਲਾ ਸ੍ਰੀ ਗੁਰੂ ਰਵਿਦਾਸ ਨਗਰ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਵੇਰੇ 11 ਵਜੇ ਆਰੰਭ ਹੋਇਆ। ਉਪਰੰਤ ਸ਼ਹੀਦ ਭਗਤ ਸਿੰਘ ਚੌਂਕ ਤੋਂ ਪਿੰਡ ਮੋਗਾ, ਸਨੌਰਾ, ਪੁਰਾਣੀ ਆਬਾਦੀ ਭੋਗਪੁਰ, ਨਵੀਂ ਆਬਾਦੀ, ਪਿੰਡ ਡੱਲੀ, ਸੱਧਾ ਚੱਕ, ਘੋੜਾਵਾਹੀ, ਕਿੰਗਰਾ ਚੋ ਵਾਲਾ, ਲੁਹਾਰਾਂ, ਚੱਕ-ਝੰਡੂ, ਲਾਹਦੜਾ, ਨੰਗਲ ਅਰਾਈਆਂ, ਬਿਨਪਾਲਕੇ ਤੋਂ ਮੁਹੱਲਾ ਸ੍ਰੀ ਗੁਰੂ ਰਵਿਦਾਸ ਨਗਰ ਭੋਗਪੁਰ ਵਿਖੇ ਸੰਪਨ ਹੋਇਆ। ਭੋਗਪੁਰ ਦੇ ਸਾਰੇ ਮੁਹੱਲਿਆ ਅਤੇ ਪਿੰਡਾਂ ਦੀਆਂ ਸੰਗਤਾਂ ਅਤੇ ਗੁਰੂ ਘਰ ਪ੍ਰਬੰਧਕ ਕਮੇਟੀਆਂ ਨੇ ਇਸ ਨਗਰ ਕੀਰਤਨ ਦਾ ਉਤਸ਼ਾਹ ਭਰਪੂਰ ਨਿੱਘਾ ਸਵਾਗਤ ਕੀਤਾ। ਸਾਰੇ ਨਗਰਾਂ ਨੇ ਸੰਗਤਾਂ ਨੂੰ ਅਨੇਕਾਂ ਪ੍ਰਕਾਰ ਦੇ ਲੰਗਰ ਛਕਾਏ। ਸੰਗਤਾਂ ਵਾਸਤੇ ਗੁਰੂ ਕੇ ਲੰਗਰਾਂ ਦੀ ਵਿਸ਼ੇਸ਼ ਸੇਵਾ ਪਿੰਡ ਡੱਲੀ ਦੀ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਨਿਵਾਸੀ ਸੰਗਤਾਂ ਨੇ ਕੀਤੀ। ਕੀਰਤਨੀ ਜਥੇ ਦੀ ਸੇਵਾ ਭਾਈ ਹਰਦੀਪ ਸਿੰਘ ਅਤੇ ਉਨਾਂ ਰਾਗੀ ਦੇ ਜਥੇ ਨੇ ਨਿਭਾਈ। ਸਟੇਜ ਸਕੱਤਰ ਦੀ ਸੇਵਾ ਚਰਨਜੀਤ ਸਿੰਘ ਬਿਨਪਾਲਕੇ ਅਤੇ ਮਨਜੀਤ ਸਿੰਘ ਨੇ ਕੀਤੀ। ਗੁਰੂ ਘਰ ਦੇ ਮੁੱਖ ਸੇਵਾਦਾਰ ਅਤੇ ਨਗਰ ਕੌਂਸਲ ਭੋਗਪੁਰ ਦੇ ਸੀਨੀਅਰ ਮੀਤ ਪ੍ਰਧਾਨ ਰਕੇਸ਼ ਬੱਗਾ ਨੇ ਸਮੂਹ ਸੰਗਤਾਂ ਅਤੇ ਸਾਰੇ ਨਗਰ ਨਿਵਾਸੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਨਗਰ ਕੀਰਤਨ ਦੇ ਵਿੱਚ ਆਪਣੀਆਂ ਵਡਮੁੱਲੀਆਂ ਸੇਵਾਵਾਂ ਦਾ ਯੋਗਦਾਨ ਪਾਇਆ। ਇਸ ਮੌਕੇ ਤਾਰੀ ਲਾਲ, ਹਰਭਜਨ ਭਜੀ, ਪ੍ਰਿੰਸ, ਯੋਗੇਸ਼, ਗੁਰਵਿੰਦਰ, ਸ਼ੀਰਾ, ਵੀਰਾ, ਜਤਿੰਦਰ, ਹਿੰਮਤ ਸਿੰਘ, ਰਿਖੀ, ਜਤਿੰਦਰ, ਕਮਲਜੀਤ ਸਿੰਘ, ਅਮਰਜੀਤ, ਹੈਪੀ ਡੱਲੀ, ਸ਼ਨੀ, ਸ਼ਵੀਨਾ, ਜਗਦੀਸ਼, ਰੌਸ਼ਨ, ਪੱਪੀ, ਗੁਰਪ੍ਰੀਤ, ਕੁਕੂ, ਦਾਰਾ ਅਤੇ ਹੋਰ ਸੰਗਤਾਂ ਨੇ ਹਿੱਸਾ ਲਿਆ।



**ਭੋਗਪੁਰ -- ਰਿਪੋਰਟ ਚਰਨਜੀਤ ਸਿੰਘ ਬਿਨਪਾਲਕੇ**


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor

Recap Truck Tire $ 249 + Labor

Recap Trailar Tires and Kind $ 199 + Labor

LUCAS OIL LUCAS INJECTOR CLEANER $28.99

NEW & USED TIRES

WASH, LUBE, BRAKES

Call:

650-642-0697

3525 Highway 99, West Corning, CA 96021

Across the Street from TA Truck Stop

# ਚੰਦਭਾਨ ਦੇ ਗ੍ਰਿਫ਼ਤਾਰ ਮਜ਼ਦੂਰਾਂ ਨੂੰ ਫੌਰੀ ਰਿਹਾਅ ਕਰਨ ਦੀ ਮੰਗ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੇਂਡੂ ਮਜਦੂਰ ਯੂਨੀਅਨ ਜਿਲਾ ਸ਼ਹੀਦ ਭਗਤ ਸਿੰਘ ਨਗਰ ਨੇ ਬੀਤੇ ਦਿਨੀਂ ਜ਼ਿਲ੍ਹਾ ਫ਼ਰੀਦਕੋਟ ਦੇ ਪਿੰਡ ਚੰਦਭਾਨ ਵਿੱਚ ਪੁਲਿਸ ਵਲੋਂ ਮਜਦੂਰਾਂ ਉੱਤੇ ਕੀਤੇ ਗਏ ਲਾਠੀਚਾਰਜ ਦੀ ਸਖਤ ਨਿੰਦਾ ਕਰਦੇ ਹੋਏ ਗ੍ਰਿਫਤਾਰ ਮਜਦੂਰਾਂ ਨੂੰ ਫੌਰੀ ਰਿਹਾਅ ਕਰਨ ਦੀ ਮੰਗ ਕੀਤੀ ਹੈ। ਯੂਨੀਅਨ ਦੀ ਮੀਟਿੰਗ ਉਪਰੰਤ ਯੂਨੀਅਨ ਦੇ ਸੂਬਾਈ ਆਗੂ ਕਮਲਜੀਤ ਸਨਾਵਾ ਪ੍ਰੈਸ ਨੂੰ ਜਾਰੀ ਬਿਆਨ ਵਿੱਚ ਆਖਿਆ ਹੈ ਕਿ ਪੁਲਸ ਨੇ 50 ਦੇ ਕਰੀਬ ਮਜ਼ਦੂਰ ਮਰਦ ਔਰਤਾਂ ਨੂੰ ਗ੍ਰਿਫਤਾਰ ਕਰਕੇ ਕੀਤਾ ਹੈ ਪਰ ਪੁਲਿਸ ਦੀ ਹਾਜ਼ਰੀ ਵਿੱਚ ਮਜ਼ਦੂਰਾਂ ਉੱਪਰ ਗੋਲੀ ਚਲਾਉਣ ਵਾਲੇ ਵਿਅਕਤੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਸਨਾਵਾ ਨੇ ਗ੍ਰਿਫ਼ਤਾਰ ਕੀਤੇ ਗਏ ਮਜ਼ਦੂਰਾਂ ਨੂੰ ਫੌਰੀ ਰਿਹਾਅ ਕਰਨ,ਮਜਦੂਰਾਂ ਉੱਤੇ ਗੋਲੀ ਚਲਾਉਣ ਵਾਲਿਆਂ ਖਿਲਾਫ਼ ਇਰਾਦਾ ਕਤਲ ਤੇ ਐਸ ਸੀ ਐਸ ਟੀ ਐਟਰੋਸਿਟੀ ਐਕਟ ਤਹਿਤ ਮਾਮਲਾ ਦਰਜ ਕਰਕੇ ਉਹਨਾਂ ਨੂੰ ਗ੍ਰਿਫਤਾਰ ਕਰਨ, ਜੈਤੋ ਥਾਣੇ ਦੇ ਮੁਖੀ ਖਿਲਾਫ਼ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਯੂਨੀਅਨ ਦੇ ਸੂਬਾ ਆਗੂ ਹਰੀ ਰਾਮ ਰਸੂਲਪੁਰ ਤੇ ਯੂਥ ਵਿੰਗ ਦੇ ਸੂਬਾਈ ਆਗੂ ਕਿਰਨਜੀਤ ਕੌਰ ਨੇ ਕਿਹਾ ਕਿ ਅਖਬਾਰਾਂ ਅਤੇ ਸੋਸ਼ਲ ਮੀਡੀਆ ਵਿੱਚ ਖਬਰਾਂ ਨਸ਼ਰ ਹੋਣ ਦੇ ਬਾਵਜੂਦ ਪੁਲਸ ਅਜੇ ਵੀ ਮਜ਼ਦੂਰਾਂ ਉੱਪਰ ਸ਼ਰੇਆਮ ਗੋਲੀਆਂ ਚਲਾਉਣ ਵਾਲੇ ਵਿਅਕਤੀਆਂ ਨੂੰ ਬਚਾਉਣ ਲੱਗੀ ਹੋਈ ਹੈ। ਪੁਲਿਸ ਵਲੋਂ ਮਜ਼ਦੂਰਾਂ ਵਿਰੁੱਧ ਇੱਕ ਪਾਸੜ ਕਾਰਵਾਈ ਕੀਤੀ ਗਈ ਅਤੇ ਮਜ਼ਦੂਰਾਂ ਵਿੱਚ ਬੇਗਾਨਗੀ ਦੀ ਭਾਵਨਾ ਪੈਦਾ ਕਰਕੇ ਬਲਦੀ ਉੱਤੇ ਤੇਲ ਪਾਉਣ ਦਾ ਕੰਮ ਕਰ ਰਹੀ ਹੈ।

ਉਹਨਾਂ ਕਿਹਾ ਕਿ ਫਰੀਦਕੋਟ ਵਿੱਚ ਬਣੀ ਐਕਸ਼ਨ ਕਮੇਟੀ ਜੋ ਵੀ ਸੰਘਰਸ਼ ਦਾ ਸੱਦਾ ਦੇਵੇਗੀ ਉਸ ਵਿੱਚ ਭਰਵੀਂ ਸਮੂਲੀਅਤ ਕੀਤੀ ਜਾਵੇਗੀ। ਇਸ ਮੌਕੇ ਸੁਰਿੰਦਰ ਮੀਰਪੁਰੀ ਅਤੇ ਲਾਡੀ ਕੋਟਰਾਂਝਾ ਵੀ ਮੌਜੂਦ ਸਨ।

# ਦੁਨੀਆਂ ਦਾ ਪਲੇਠਾ "ਮੇਲਾ ਗੀਤਕਾਰਾਂ ਦਾ" ਹੋਵੇਗਾ 22 ਫ਼ਰਵਰੀ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ



**ਫਰਿਜ਼ਨੋ, ਕੈਲੇਫੋਰਨੀਆ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਪੰਜਾਬੀ ਗੀਤਕਾਰੀ ਦੇ ਇਤਿਹਾਸ ਵਿੱਚ ਪਲੇਠਾ ਮੇਲਾ ਗੀਤਕਾਰਾਂ ਦਾ 22 ਫ਼ਰਵਰੀ 2025 ਦਿਨ ਸ਼ਨੀਵਾਰ ਨੂੰ ਪੰਜਾਬੀ ਭਵਨ ਲੁਧਿਆਣਾ ਵਿਖ਼ੇ ਸਵੇਰ ਦੇ 11 ਵਜੇ ਤੋਂ ਸ਼ਾਮ ਦੇ 5 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਵਿਸ਼ਵ ਪੰਜਾਬੀ ਗੀਤਕਾਰ ਪਰਿਵਾਰ ਅਤੇ ਪੰਜਾਬੀ ਗੀਤਕਾਰ ਮੰਚ (ਰਜਿ:) ਲੁਧਿਆਣਾ ਵੱਲੋਂ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੇ ਸਹਿਯੋਗ ਅਤੇ ਸਮੂਹ ਗੀਤਕਾਰਾਂ ਵੱਲੋਂ ਕੀਤੇ ਸਾਂਝੇ ਉਪਰਾਲੇ ਸਦਕਾ ਇਸ ਮੇਲੇ ਵਿੱਚ ਪੰਜਾਬ ਦੇ ਲੱਗਭਗ 1000 ਤੋਂ ਉੱਪਰ ਗੀਤਕਾਰਾਂ ਦੇ ਪੁੱਜਣ ਦੀ ਸੰਭਾਵਨਾ ਹੈ। ਗੀਤਕਾਰਾਂ ਦੇ ਇਸ ਮੇਲੇ ਵਿੱਚ ਪੰਜਾਬ ਦੇ ਨਾਮੀ ਗੀਤਕਾਰਾਂ ਤੋਂ ਇਲਾਵਾ ਨਵੇਂ ਗੀਤਕਾਰ ਅਤੇ ਓਹ ਗੀਤਕਾਰ ਜਿਹਨਾਂ ਦੇ ਗੀਤ ਤਾਂ ਵੱਡੇ ਵੱਡੇ ਕਲਾਕਾਰਾਂ ਦੀ ਆਵਾਜ਼ ਵਿੱਚ ਸੁਣੇ ਹਨ ਪਰ ਅਸੀਂ ਕਦੇ ਉਹਨਾਂ ਨੂੰ ਦੇਖਿਆ ਨਹੀਂ ਓਹ ਸਾਰੇ ਗੀਤਕਾਰ ਵੀ ਆਪਣੀ ਹਾਜ਼ਰੀ ਭਰਨਗੇ!

ਮੇਲੇ ਬਾਰੇ ਜਾਣਕਾਰੀ ਦੇਂਦਿਆਂ ਮੇਲੇ ਦੇ ਮੁੱਖ ਪ੍ਰਬੰਧਕ ਅਤੇ ਉੱਘੇ ਗੀਤਕਾਰ ਤੇ ਪੇਸ਼ਕਾਰ ਭੱਟੀ ਭੜੀਵਾਲਾ ਨੇ ਦੱਸਿਆ ਕਿ ਮੇਲੇ ਦਾ ਮੁੱਖ ਮਕਸਦ ਸਾਡੇ ਗੀਤਕਾਰ ਵੀਰਾਂ ਨੂੰ ਇੰਡੀਅਨ ਪ੍ਰਫਾਰਮਿੰਗ ਰਾਈਟ ਸੋਸਾਇਟੀ ਸੰਸਥਾ ਨਾਲ ਜੋੜਕੇ ਉਹਨਾਂ ਨੂੰ ਉਹਨਾਂ ਦੇ ਗੀਤਾਂ ਦੀ ਉਮਰ ਭਰ ਰਾਇਲਟੀ ਦੁਆਉਣਾ, ਗੀਤਾਂ ਦੀ ਚੋਰੀ ਨੂੰ ਰੋਕਣਾਂ, 60 ਸਾਲ ਤੋਂ ਉੱਪਰ ਬਜ਼ੁਰਗ ਤੇ ਬੀਮਾਰ ਗੀਤਕਾਰਾਂ ਨੂੰ ਸਰਕਾਰ ਤੋਂ ਪੈਨਸ਼ਨ ਅਤੇ ਮੁਫ਼ਤ ਇਲਾਜ਼ ਦਾ ਪ੍ਰਬੰਧ ਕਰਵਾਉਣਾ ਹੈ!

ਇਸ ਸੰਬੰਧੀ ਭੱਟੀ ਭੜੀ ਵਾਲਾ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਹ ਮੇਲਾ ਸਮੂਹ ਗੀਤਕਾਰਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਮੇਲੇ ਦੀ ਪ੍ਰਬੰਧਕ ਟੀਮ ਵਿੱਚ ਸ਼੍ਰੀ ਜਸਵੰਤ ਸੰਦੀਲਾ, ਪਾਲੀ ਦੇਤਵਾਲੀਆ,ਸੇਵਾ ਸਿੰਘ ਨੌਰਥ, ਬਲਬੀਰ ਮਾਨ, ਭੱਟੀ ਭੜੀਵਾਲਾ, ਬਿੱਟੂ ਖੰਨੇ ਵਾਲਾ, ਬੂਟਾ ਭਾਈ ਰੂਪਾ, ਬੱਬੂ ਬਰਾੜ, ਨਿੰਮਾ ਲੁਹਾਰਕੇ, ਗੁਰਵਿੰਦਰ ਕੈਂਡੋਵਾਲ, ਅਜੀਤਪਾਲ ਜੀਤੀ ਅਤੇ ਭੰਗੂ ਫਲੇੜੇਵਾਲਾ ਦੇ ਨਾਮ ਜ਼ਿਕਾਰਯੋਗ ਹਨ! ਮੇਲੇ ਦੇ ਸਰਪ੍ਰਸਤ ਸ. ਬਾਬੂ ਸਿੰਘ ਮਾਨ, ਸ਼੍ਰੀ ਗੁਰਭਜਨ ਗਿੱਲ, ਸ਼੍ਰੀ ਸ਼ਮਸ਼ੇਰ ਸੰਧੂ, ਸ਼੍ਰੀ ਜਰਨੈਲ ਘੁਮਾਣ ਅਤੇ ਸ. ਅਮਰੀਕ ਸਿੰਘ ਤਲਵੰਡੀ ਹਨ! ਮੇਲੇ ਦੇ ਮੁੱਖ ਪ੍ਰਬੰਧਕ ਉੱਘੇ ਗੀਤਕਾਰ ਤੇ ਪੇਸ਼ਕਾਰ ਭੱਟੀ ਭੜੀਵਾਲਾ ਹਨ ਜਿਹਨਾਂ ਦੀ ਰਹਿਨੁਮਾਈ ਥੱਲੇ ਮੇਲੇ ਦੀ ਕੋਆਰਡੀਨੇਟਰ ਟੀਮ ਅਮਨ ਫੁੱਲਾਂਵਾਲ, ਗਿੱਲ ਦੁੱਗਰੀ, ਅਨੂਪ ਸਿੱਧੂ ਅਤੇ ਦਿਲਬਾਗ ਹੁੰਦਲ ਪੂਰੇ ਜ਼ੋਰ ਸ਼ੋਰ ਨਾਲ ਮੇਲੇ ਨੂੰ ਹਰ ਪੱਖੋਂ ਕਾਮਯਾਬ ਬਣਾਉਣ ਵਿੱਚ ਦਿਨ ਰਾਤ ਇੱਕ ਕਰ ਰਹੇ ਹਨ। ਮੇਲੇ ਦੇ ਸਟੇ ਜ ਪ੍ਰਬੰਧਕਾਂ ਵਿੱਚ ਪ੍ਰੋ ਨਿਰਮਲ ਜੌੜਾ, ਬਿੱਟੂ ਖੰਨੇਵਾਲਾ, ਜਗਤਾਰ ਜੱਗੀ ਅਤੇ ਕਰਨੈਲ ਸਿਵੀਆਂ ਦੇ ਨਾਮ ਸ਼ਾਮਲ ਹਨ।

ਮੇਲੇ ਵਿੱਚ ਅਸ਼ੋਕ ਬਾਂਸਲ ਮਾਨਸਾ, ਸ਼ਮਸ਼ੇਰ ਸੰਧੂ, ਬਲਬੀਰ ਮਾਨ, ਜਰਨੈਲ ਘੁਮਾਣ ਅਤੇ ਗੁਰਭਜਨ ਗਿੱਲ ਪੰਜਾਬੀ ਗੀਤਕਾਰੀ ਵਿੱਚ ਆਏ ਨਿੱਘਾਰ ਅਤੇ ਅਜੋਕੀ ਗੀਤਕਾਰੀ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਮੇਲੇ ਦੌਰਾਨ ਤਕਰੀਬਨ 2:30 ਵਜੇ ਤੋਂ ਪੰਜਾਬ ਦੇ ਸਿਰਕੱਢ ਗਾਇਕ ਗੀਤਕਾਰ ਪਾਲੀ ਦੇਤਵਾਲੀਆ, ਜਸਵੰਤ ਸੰਦੀਲਾ, ਦੇਬੀ ਮਖਸੂਸਪੁਰੀ, ਸਰਬਜੀਤ ਚੀਮਾ, ਹਾਕਮ ਬਖ਼ਤੜੀ ਵਾਲਾ, ਆਤਮਾ ਬੁੱਢੇਵਾਲੀਆ, ਬਲਬੀਰ ਬੋਪਾਰਾਏ, ਹਰਿੰਦਰ ਸੰਧੂ, ਵੀਤ ਬਲਜੀਤ, ਹੈਪੀ ਰਾਏਕੋਟੀ, ਬਿੱਟੂ ਖੰਨੇਵਾਲਾ, ਫ਼ਤਹਿ ਸ਼ੇਰਗਿੱਲ, ਬਿੰਦਰ ਨੱਥੂਮਾਜਰਾ, ਪ੍ਰੀਤ ਹਰਪਾਲ, ਕੁਲਦੀਪ ਕੰਡਿਆਰਾ, ਸ਼ਨੀ ਸ਼ਾਹ ਅਤੇ ਸ਼ੇਰ ਰਾਣਵਾਂ ਆਪਣੇ ਫ਼ਨ ਦਾ ਮੁਜ਼ਾਹਰਾ ਕਰਨਗੇ।

ਗੀਤਕਾਰਾਂ ਦੇ ਇਸ ਮੇਲੇ ਵਿੱਚ ਪੰਜਾਬ ਦੇ ਸਾਰੇ ਗਾਇਕਾਂ, ਸੰਗੀਤਕਾਰਾਂ, ਵੀਡੀਓ ਡਾਇਰੈਕਟਰਾਂ, ਕਵੀਆਂ, ਲੇਖਕਾਂ, ਸਾਹਿਤਕਾਰਾਂ, ਗ਼ਜ਼ਲਗੋਆਂ, ਕਹਾਣੀਕਾਰਾਂ, ਭੰਗੜੇ ਗਿੱਧੇ ਦੇ ਕਲਾਕਾਰਾਂ, ਪੱਤਰਕਾਰਾਂ, ਲੇਖਕਾਂ, ਸ਼ਾਇਰਾਂ, ਬੁੱਧੀਜੀਵੀਆਂ,ਮੀਡੀਆ ਤੇ ਪ੍ਰੈਸ ਨੂੰ ਖੁੱਲ੍ਹਾ ਸੱਦਾ ਹੈ!

ਮੇਲੇ ਦੀ ਖਾਸ਼ੀਅਤ ਇਹ ਹੈ ਕਿ ਮੇਲੇ ਵਿੱਚ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ ਅਤੇ ਯੂਰਪ ਤੋਂ ਵਿਸ਼ੇਸ਼ ਕਰਕੇ ਗੀਤਕਾਰ ਭਾਗ ਲੈ ਰਹੇ ਹਨ। ਮੇਲੇ ਵਾਲੇ ਦਿਨ ਸਵੇਰ ਤੋਂ ਚਾਹ ਅਤੇ ਲੰਗਰ ਅਟੁੱਟ ਵਰਤੇਗਾ। ਮੇਲੇ ਦਾ ਲਾਈਵ ਪ੍ਰਸਾਰਣ ਅਮਨ ਫੁੱਲਾਂਵਾਲ ਵੱਲੋਂ "ਸੋਚ ਪੰਜਾਬ ਦੀ" ਅਤੇ ਹੋਰ ਚੈਨਲਾਂ ਤੇ ਕੀਤਾ ਜਾਵੇਗਾ। ਗੀਤਕਾਰਾਂ ਦੇ ਮਾਣ-ਸਨਮਾਨ ਲਈ ਹੋ ਰਹੇ ਇਸ ਪ੍ਰੋਗਰਾਮ ਲਈ "ਧਾਲੀਆਂ ਅਤੇ ਮਾਛੀਕੇ ਮੀਡੀਆਂ ਅਮਰੀਕਾ" ਵੱਲੋਂ ਸਮੂੰਹ ਪ੍ਰਬੰਧਕਾਂ ਲਈ ਸ਼ੁਭ ਇੱਛਾਵਾਂ ਭੇਜੀਆਂ ਗਈਆਂ ਹਨ। ਪਰਮਾਤਮਾ ਕਰੇ ਇਹ ਕਦਮ ਪੰਜਾਬੀ ਗੀਤਾਂ ਅਤੇ ਗੀਤਕਾਰਾਂ ਲਈ ਨਵਾਂ ਹੌਸਲਾ ਅਤੇ ਸੱਭਿਆਚਾਰਕ ਸੋਚ ਲੈ ਕੇ ਆਵੇ।



# ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਪ੍ਰਕਾਸ ਉਤਸਵ ਦੇ ਸਬੰਧ ਵਿੱਚ ਪਿੰਡ ਅਖਰੋਟਾ ਵਿਖੇ ਕੱਢੀ ਗਈ ਸੋਭਾ ਯਾਤਰਾ

## ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਸੋਭਾ ਯਾਤਰਾ ਵਿੱਚ ਸਾਮਲ ਹੋ ਕੇ ਮੰਦਿਰ ਵਿਖੇ ਹੋਏ ਨਤਮਸਤਕ





**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ 648 ਵੇਂ ਪ੍ਰਕਾਸ ਪਰਵ ਨੂੰ ਸਮਰਪਿਤ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਅਖਰੋਟਾ ਵਿਖੇ ਸੋਭਾ ਯਾਤਰਾ ਕੱਢੀ ਗਈ ਹੈ ਇਸ ਮੋਕੇ ਤੇ ਉਨ੍ਹਾਂ ਵੱਲੋਂ ਸਾਰੇ ਇਲਾਕਾ ਨਿਵਾਸੀਆ ਨੂੰ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਪ੍ਰਕਾਸ ਪਰਵ ਦੀਆਂ ਲੱਖ ਲੱਖ ਵਧਾਈਆਂ।

ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈ-ਬਨਿਟ ਮੰਤਰੀ ਪੰਜਾਬ ਨੇ ਪਿੰਡ ਅਖਰੋਟਾ ਵਿਖੇ ਕੱਢੀ ਗਈ ਸੋਭਾ ਯਾਤਰਾ ਵਿੱਚ ਸਾਮਲ ਹੋਣ ਮਗਰੋਂ ਜਾਣਕਾਰੀ ਦਿੰਦਿਆਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਨਰੇਸ ਸੈਣੀ ਜਿਲ੍ਹਾ ਪ੍ਰਧਾਨ ਬੀ.ਸੀ. ਵਿੰਗ ਆਮ ਆਦਮੀ ਪਾਰਟੀ, ਪਵਨ ਕੁਮਾਰ ਬਲਾਕ ਪ੍ਰਧਾਨ, ਕੁਲਦੀਪ ਭਟਵਾਂ ਬਲਾਕ ਪ੍ਰਧਾਨ, ਨਵਦੀਪ ਕੁਮਾਰ ਬੰਪੀ ਪ੍ਰਧਾਨ ਰਵਿਦਾਸ ਸਭਾ ਅਖਰੋਟਾ, ਮੱਖਨ ਸਕੱਤਰ, ਮਨਮੋਹਣ ਪ੍ਰਸਾਦ ਚੇਅਰਮੈਨ, ਅਮਨਦੀਪ , ਨਰੇਸ ਕੁਮਾਰ ਸਰਪੰਚ, ਸੁਨੀਲ ਕੁਮਾਰ ਫੋਜੀ, ਅੰਮਿਤ ਕੁਮਾਰ, ਅਜੈ ਕੁਮਾਰ, ਸਾਹਿਲ, ਰਮਨ ਕੁਮਾਰ ਸਰਪੰਚ, ਰਵਿੰਦਰ ਕੁਮਾਰ ਬਿੱਟੂ ਅਤੇ ਹੋਰ ਪਾਰਟੀ ਕਾਰਜਕਰਤਾ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਵੀ ਹਾਜਰ ਸਨ।

ਸੋਭਾ ਯਾਤਰਾ ਦੇ ਅਰੰਭ ਵਿੱਚ ਮਹਾਤਮਾ ਗਿਰਧ-ਾਰੀ ਲਾਲ ਜੀ ਡੇਰਾ ਸਵਾਮੀ ਜਗਤ ਗਿਰੀ ਪਠਾਨਕੋਟ ਵੱਲੋਂ ਅਰਦਾਸ ਕੀਤੀ ਗਈ ।

ਇਹ ਸੋਭਾ ਯਾਤਰਾ ਪਿੰਡ ਅਖਰੋਟਾ ਤੋਂ ਸੁਰੂ ਕੀਤੀ ਗਈ ਜੋ ਪਿੰਡ ਭਾਦਾਂ , ਭਰਿਆਲ ਲਾਹੜੀ, ਧੋਬੜਾ, ਬਲਸੂਆ, ਪਠਾਨਚੱਕ , ਕੋਠਿਆ, ਨਸਿਹਰਾ ਅਤੇ ਅਖਰੋਟਾ ਵਿਖੇ ਸਮਾਪਤ ਕੀਤੀ ਗਈ। ਸੋਭਾ ਯਾਤਰਾ ਦੋਰਾਨ ਪਿੰਡ ਨਸਿਹਰਾ ਵਿਖੇ ਗੁਰੂ ਦਾ ਲੰਗਰ ਵੀ ਲਗਾਇਆ ਗਿਆ।

ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅਜਿਹੇ ਸਮਾਰੋਹ ਸਾਨੂੰ ਸਾਰਿਆ ਨੂੰ ਮਿਲ ਕੇ ਮਨਾਉਂਣੇ ਚਾਹੀਦੇ ਹਨ ਅਤੇ ਸਾਰਿਆਂ ਨੂੰ ਮਾਨਵਤਾ ਅਤੇ ਸਾਂਝੀਵਾਲਤਾ ਦਾ ਸੰਦੇਸ ਦੇਣਾ ਚਾਹੀਦਾ ਹੈ।

ਇਸ ਮੋਕੇ ਤੇ ਸ੍ਰੀ ਗੁਰੂ ਰਵਿਦਾਸ ਮੰਦਿਰ ਕਮੇਟੀ ਅਖਰੋਟਾ ਵੱਲੋਂ ਮੁੱਖ ਮਹਿਮਾਨ ਜੀ ਨੂੰ ਸਿਰੋਪਾ ਪਾ ਕੇ ਅਤੇ ਯਾਦਗਾਰ ਚਿੱਤਰ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੋਕੇ ਤੇ ਕਮੇਟੀ ਵੱਲੋਂ ਬਾਕੀ ਪਾਰਟੀ ਆਹੁਦੇਦਾਰਾਂ ਨੂੰ ਵੀ ਸਿਰੋਪੇ ਭੇਂਟ ਕਰਕੇ ਸਨਮਾਨਤ ਕੀਤਾ।

# ਮਾਤਾ ਰਮਾ ਬਾਈ ਅੰਬੇਡਕਰ ਜੀ ਦਾ ਸਾਹਿਬ ਕਾਂਸ਼ੀ ਰਾਮ ਸਮਾਜ ਭਲਾਈ ਸੁਸਾਇਟੀ ਨੇ ਜਨਮ ਦਿਨ ਮਨਾਇਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਅੰਬੇਡਕਰ ਭਵਨ ਨਵਾਂਸ਼ਹਿਰ ਵਿਖੇ ਮਾਤਾ ਰਮਾ ਬਾਈ ਅੰਬੇਡਕਰ ਜੀ ਦਾ ਜਨਮ ਉਤਸਵ ਸਾਹਿਬ ਸ੍ਰੀ ਕਾਂਸ਼ੀ ਰਾਮ ਸਮਾਜ ਭਲਾਈ ਸੁਸਾਇਟੀ ਅਤੇ ਡਾਕਟਰ ਅੰਬੇਡਕਰ ਭਵਨ ਚੈਰੀਟੇਬਲ ਰਿਲੀ ਟਰੱਸਟ ਵੱਲੋਂ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਜਿਸ ਵਿੱਚ ਸਾਹਿਬ ਸ੍ਰੀ ਕਾਂਸ਼ੀ ਰਾਮ ਸਮਾਜ ਭਲਾਈ ਦੇ ਪ੍ਰਧਾਨ ਨਿੱਕੂ ਰਾਮ ਜਨਾਗਲ, ਡਾਕਟਰ ਅੰਬੇਡਕਰ ਭਵਨ ਚੈਰੀਟੇਬਲ ਰਿਲੀ ਟਰੱਸਟ ਦੇ ਪ੍ਰਧਾਨ ਸਤੀਸ਼ ਕੁਮਾਰ ਲਾਲ, ਲੀਡ ਬੈਕ ਮੈਨੇਜਰ ਹਰਮੇਸ਼ ਸਹਿਜਲ, ਚੇਤਰਾਮ ਰਤਨ ਸੀਨੀਅਰ ਕੌਂਸਲਰ, ਦੇਸ ਰਾਜ ਨੌਰਦ, ਸੋਹਣ ਸਿੰਘ ਸਲੇਮਪੁਰੀ, ਹਰੀਕਿਸ਼ਨ ਪਟਵਾਰੀ, ਮਨੋਹਰ ਲਾਲ ਨੇ ਮਾਤਾ ਰਮਾਬਾਈ ਜੀ ਦੇ ਜੀਵਨ ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਮਾਤਾ ਰਮਾ ਬਾਈ ਅੰਬੇਡਕਰ ਜੀ ਨੇ ਆਪਣਾਂ ਸਾਰਾ ਜੀਵਨ ਅਤੇ ਆਪਣੇ



ਪਰਿਵਾਰ ਨੂੰ ਸਮਾਜ ਦੇ ਲੇਖੇ ਲਾਇਆ।

ਇਸ ਮਹਾਨ ਸ਼ਖ਼ਸੀਅਤ ਦੇ ਜੀਵਨ ਤੋ ਸੇਧ ਲੈਣ ਦੀ ਜ਼ਰੂਰਤ ਹੈ ਤਾਂ ਕਿ ਸਮਾਜ ਵਿੱਚ ਬਰਾਬਰਤਾ ਲਈ ਸਘੋਰਸ਼ ਸ਼ੀਲ ਲੋਕ ਅੱਗੇ ਆ ਸਕਣ। ਇਸ ਪ੍ਰੋਗਰਾਮ ਵਿੱਚ ਕਸ਼ਮੀਰੀ ਭੁੱਟਾ, ਸ੍ਰੀ ਰਮੇਸ਼ ਲੱਧੜ, ਦਿਨੇਸ ਲੱਧੜ, ਸੰਤੋਖ ਸਿੰਘ ਐਨ ਆਰ ਆਈ ਨੇ ਡਾਕਟਰ ਅੰਬੇਡਕਰ ਭਵਨ ਵਿਖੇ ਚੱਲ ਰਹੇ ਅੰਬੇਡਕਰ ਮਾਡਲ ਸਕੂਲ ਦੇ ਵਿਦਿਆਰਥੀਆਂ ਨੂੰ ਕਲਾਸਾਂ ਵਿੱਚ ਫਸਟ ਸੈਕਿੰਡ ਥਲਡ ਆਉਣ ਤੇ ਨਕਦੀ ਰਾਸ਼ੀ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਮਨਜੀਤ ਰਾਜੂ, ਸੰਦੀਪ ਕਲੇਰ, ਰਾਮ ਸਰੂਪ, ਟਰੱਸਟ ਮੈਬਰ ਕੇਸਰ ਸੱਲਣ, ਰਮਨ ਲੱਧੜ, ਅਮਰੀਕ ਮੀਕਾ, ਲਲਿਤ, ਪ੍ਰਵੀਨ, ਡਾਕਟਰ ਅੰਬੇਡਕਰ ਮਾਡਲ ਸਕੂਲ ਦੀ ਪ੍ਰਿੰਸੀਪਲ ਨੀਲਮ ਰੱਤੂ, ਮੈਡਮ ਜਸਵੀਰ ਕੌਰ, ਮੈਡਮ ਕਮਲਜੀਤ ਕੌਰ, ਮੈਡਮ ਰਜਨੀ, ਮੈਡਮ ਸਰਬਜੀਤ ਕੌਰ ਜੋਤੀ ਸਕੂਲ ਦੇ ਵਿਦਿਆਰਥੀ ਅਤੇ ਪੇਰੈਂਟਸ ਹਾਜ਼ਰ ਸਨ।


RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834





# “ਦੇਸ਼ ਦੁਆਬਾ”

## ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920,
(ਫੈਕਸ) 1-916-238-1393

www.deshdoaba.com
www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ ’ਦੇਸ਼ ਦੁਆਬਾ’ ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਪੰਜਾਬੀ ਸਾਹਿਤ ਸਭਾ ਸਟਾਕਟਨ ਦੀ ਮੀਟਿੰਗ ਸ਼ਾਨਦਾਰ ਸਫਲਤਾ ਨਾਲ ਸੰਪੰਨ

**ਸਟਾਕਟਨ–** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਬੀਤੇ ਸ਼ਨਿਚਰਵਾਰ ਸਭਾ ਦੇ ਪ੍ਰਧਾਨ ਹਰਜਿੰਦਰ ਪੰਧੇਰ ਦੀ ਪ੍ਰਧਾਨਗੀ ਹੇਠ ਸਟਾਕਟਨ ਵਿਖੇ ਨਵੇਂ ਵਰ੍ਹੇ ਦੀ ਪਲੇਠੀ ਮੀਟਿੰਗ ਕੀਤੀ ਗਈ। ਜਿਸ ਦਾ ਅਰੰਭ ਸਭਾ ਦੀ ਜਨਰਲ ਸੈਕਟਰੀ ਪ੍ਰੋ: ਲਖਵਿੰਦਰ ਕੌਰ 'ਲੱਕੀ' ਦੁਆਰਾ, ਪਤਵੰਤੇ ਸਾਹਿਤਕਾਰਾਂ ਨੂੰ, 'ਵੁਹ ਆਏ ਘਰ ਕਰ ਰਿਹਾ ਸੀ। ਜਸਵੰਤ ਸਿੰਘ ਸੈਦੋਕੇ ਨੇ ਆਪਣੀ ਕਵਿਤਾ, 'ਪੈਸਾ'। ਕੁਲਵੰਤ ਸਿੰਘ ਅਟਵਾਲ ਦੁਆਰਾ, 'ਨਜ਼ਰ ਨੇ ਨਜ਼ਰ ਸੇ ਮੁਲਾਕਾਤ ਕਰ ਲਈ, ਰਹੇ ਦੋਨੋਂ ਖਾਮੋਸ਼ ਫਿਰ ਵੀ ਬਾਤ ਕਰ ਲਈ। ਜ਼ਮਾਨੇ ਮੇ ਉਸਨੇ ਬੜੀ ਬਾਤ ਕਰ ਲਈ, ਜਿਸ ਨੇ ਖ਼ੁਦ ਸੇ ਮੁਲਾਕਾਤ ਕਰ ਲਈ। ਭਾਵਪੂਰਤ ਰੰਗੀਨ ਸ਼ੇਅਰਾਂ ਦੀ ਖ਼ੂਬਸੂਰਤ




ਹਮਾਰੇ ਖ਼ੁਦਾ ਕੀ ਕੁਦਰਤ, ਕਭੀ ਹਮ ਉਨ੍ਹ ਕੋ ਕਭੀ ਅਪਨੇ ਘਰ ਕੋ ਦੇਖਤੇ ਹੈਂ।' ਸ਼ੇਅਰ ਦੁਆਰਾ ਜੀ ਆਇਆਂ ਆਖਦਿਆਂ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਕੀਤਾ ਗਿਆ। ਇਸ ਉਪਰੰਤ ਹਰਜਿੰਦਰ ਪੰਧੇਰ ਵਲੋਂ ਨਵੇਂ ਵਰ੍ਹੇ ਨੂੰ ਜੀ ਆਇਆਂ ਆਖਦੀ ਆਪਣੀ ਕਵਿਤਾ ਦੇ ਬੋਲ 'ਸੱਦ ਮੁਬਾਰਕ ਨਵੇਂ ਵਰ੍ਹੇ ਨੂੰ' ਸਰੋਤਿਆਂ ਨਾਲ ਸਾਂਝੇ ਕੀਤੇ।

ਅਭਿਨਾਸ਼ ਸਿੰਘ ਰਠੌਰ ਨੇ ਸਭਾ ਵਿੱਚ ਪਹਿਲੀ ਵਾਰ ਸ਼ਿਰਕਤ ਦੇ ਮੌਕੇ ਤੇ ਹੀ ਆਪਣੀ ਅਨੁਭਵੀ ਕਾਵਿ–ਕਲਾ ਦਾ ਸਿੱਕਾ ਜਮਾ ਦਿਤਾ। ਉਨ੍ਹਾਂ ਦੀ ਹਰ ਕਵਿਤਾ 'ਚੜ੍ਹਦੀ ਕਲਾ' ਵਾਲੇ ਮਨੁਖੀ ਜੀਵਨ ਵੱਲ ਸੇਧਤ ਸੀ। ਮਾਨ ਸਿੰਘ ਮਾਨ ਨੇ ਆਪਣਾ ਨਵਾਂ ਲਿਖਿਆ ਗੀਤ, 'ਤੇਰਾ ਜਨਮ ਸਾਰਥਕ ਹੋ ਜਾਊ, ਜੇ ਗੱਲ ਮੰਨੇ ਗੁਰਬਾਣੀ ਦੀ, ਮਨ ਨੀਵਾਂ ਕਰਕੇ ਦੇਖ ਮਨਾਂ, ਜਿੰਦਗੀ ਦੀ ਅਸਲ ਕਹਾਣੀ ਕੀ। ਅਮਰਪਾਲ ਕੰਬੋਜ ਨੇ, 'ਦੋਹਾਂ ਦੇ ਕਿਰਦਾਰਾਂ ਅੰਦਰ ਫਰਕ ਕੁਦਰਤੀ ਪੈਣਾ ਹੁੰਦਾ, ਇੱਕ ਨੇ ਇੱਕ ਥਾਂ ਜਿੰਦਗੀ ਕੱਟੀ, ਇੱਕ ਨੇ ਜੱਗ ਨੂੰ ਗਾਹਿਆ ਹੁੰਦਾ।' ਵਰਗੇ ਖੁਬਸੂਰਤ ਸ਼ੇਅਰਾਂ ਭਰਪੂਰ ਗਜ਼ਲ ਸੁਣਾਉਂਦਿਆਂ ਵਾਹਵਾ ਖੱਟੀ। ਪ੍ਰੋ: ਲੱਖਵਿੰਦਰ ਕੌਰ ਲੱਕੀ ਦੀ ਤਰੰਨੁਮ ਰਾਹੀਂ ਗਾਈ ਗ਼ਜ਼ਲ, 'ਮੈ ਤੇਰੇ ਪਾਕਿ ਸਰਵਰ ਦੀ ਖੁਦਾਇਆ ਮੀਨ ਹੋ ਜਾਵਾਂ।' ਸੁਣਕੇ ਹਰ ਕੋਈ ਆਪਣੇ ਆਪ ਨੂੰ ਕਿਸੇ ਵੱਖਰੀ ਹੀ ਦੁਨੀਆਂ ਵਿੱਚ ਮਹਿਸੂਸ ਗ਼ਜ਼ਲ ਸੁਣਾਈ ਗਈ ਗਰਚਰਨ ਸਿੰਘ ਢਿਲੋਂ ਨੇ , ਚੁਫੇਰੇ ਲਗੀਆਂ ਅੱਗਾਂ ਨੂੰ ਕਾਵਿ ਰੂਪ ਵਿੱਚ ਬੰਨਦਿਆਂ ਸੁਣਾਇਆ, 'ਬੇਖਬ਼ਰ ਹੈਂ ਤੂੰ ਕਿ ਕੀ ਹੋ ਰਿਹੈ, ਨਿਕਲਦੀਆਂ ਨੇ ਲਪਟਾਂ ਧੂਆਂ ਅਸਮਾਨੀ ਛੋਹ ਰਿਹੈ।' ਹਰਨੇਕ ਸਿੰਘ ਨੇ ਆਪਣੀ ਕਵਿਤਾ , ' ਸਮਾਂ ਬਦਲ ਗਿਆ, ਜਮਾਨਾ ਬਦਲ ਗਿਆ, ਤੇਰੇ ਮੇਰੇ ਪਿਆਰ ਦਾ ਅਫਸਾਨਾ ਬਦਲ ਗਿਆ। ਬੀਨਾ ਸਾਗਰ ਨੇ ਸੰਗੀਤਕ ਧੁਨਾਂ ਅਤੇ ਸਰੋਦ ਮਈ ਅਵਾਜ ਨਾਲ, 'ਰਾਠਾਂ ਦੀ ਹਵੇਲੀ' ਗਾਉਂਦਿਆਂ ਸਰੋਤਿਆਂ ਦੇ ਦਿਲਾਂ ਨੂੰ ਟੁੰਭ ਲਿਆ। ਕਹਾਣੀ ਸ਼ੈਸ਼ਨ ਦੌਰਾਨ ਹਰਨੇਕ ਸਿੰਘ ਨੇ ਆਪਣੀਆ ਦੋ ਮਿੰਨੀ ਕਹਾਣੀਆਂ। ਹਰਜਿੰਦਰ ਪੰਧੇਰ ਨੇ ਆਪਣੀ ਲਿਖੀ ਕਹਾਣੀ, 'ਸਮੁੰਦਰ ਵਿੱਚ ਲਹਿੰਦਾ ਲਾਵਾ ਸੁਣਾਈ। ਹਰਮਿੰਦਰ ਸਿੰਘ ਸਿੱਧੂ ਨੇ ਆਪਣੀ ਕਿਤਾਬ, 'ਮਨ ਤਨ ਭਏ ਅਰੋਗਾ' ਨਾਲ ਸਾਂਝ ਪਵਾਉਂਦਿਆਂ ਸਾਡੀ ਜਿੰਦਗੀ ਵਿੱਚ ਗੌਲੇ ਅਣਗੌਲੇ ਕਾਰਣਾ ਕਰਕੇ ਪੈਦਾ ਹੋਈਆਂ ਮਾਨਸਿਕ ਬਿਮਾਰੀਆਂ ਬਾਰੇ ਜ਼ਿਕਰ ਹੀ ਨਹੀਂ ਕੀਤਾ ਸਗੋਂ ਉਨ੍ਹਾਂ ਦਾ ਸਮਾਧਾਨ ਵੀ ਬਾਖ਼ੂਬੀ ਦੱਸਿਆ। ਇਸ ਸਮਾਗਮ ਵਿੱਚ ਉਪਰੋਕਤ ਸੱਜਣਾ ਤੋਂ ਇਲਾਵਾ ਟਰੇਸੀ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਬਖਸ਼ੀਸ਼ ਸਿੰਘ ਬਾਜਵਾ, ਗੁਰਪ੍ਰੀਤ ਕੌਰ, ਮ੍ਰਿਗਇੰਦਰ ਕੌਰ, ਰੁਪਿੰਦਰ ਗਿਰੀ, ਰਾਜਕੁਮਾਰੀ ਅਤੇ ਹੋਰ ਨਾਮਵਰ ਸਾਹਿਤਕਾਰਾਂ ਨੇ ਭਾਗ ਲਿਆ।

**ਰਿਪੋਰਟ– ਹਰਜਿੰਦਰ ਪੰਧੇਰ** (209– 610 – 5055)

# ਬਾਬਾ ਨਾਮ ਦੇਵ ਜੀ ਦਾ 17ਵਾਂ ਮਹਾਨ ਸਲਾਨਾ ਉਤਸਵ ਅਤੇ ਭੰਡਾਰਾ ਕਰਵਾਇਆ

## ਸੁਖਮਨੀ ਸਾਹਿਬ ਜੀ ਦੇ ਪਾਠ ਤੋਂ ਬਾਦ ਲੰਗਰ ਲਗਾਇਆ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਮੁਸਾਪੁਰ ਰੋਡ 'ਤੇ ਸਥਿਤ ਡੀ ਏ. ਵੀ. ਸਕੂਲ ਦੇ ਪਿੱਛੇ ਸ਼ਿਰੋਮਣੀ ਭਗਤ ਬਾਬਾ ਨਾਮਦੇਵ ਜੀ ਪ੍ਰਕਾਸ਼ ਉਤਸਵ ਨੂੰ ਸਮਰਪਿਤ ਸ਼ਿਰੋਮਣੀ ਬਾਬਾ ਨਾਮ ਦੇਵ ਵੇਲਫੇਅਰ ਸੋਸਾਇਟੀ ਵਲੋਂ ਐਤਵਾਰ ਨੂੰ 17ਵਾਂ ਸਲਾਨਾ ਮਹਾਨ ਉਤਸਵ ਅਤੇ ਭੰਡਾਰਾ ਬਾਬਾ ਨਾਮਦੇਵ ਜੀ ਦੇ ਸਥਾਨ 'ਤੇ ਕਰਵਾਇਆ ਗਿਆ। ਸਵੇਰੇ ਨਿਸ਼ਾਨ ਸਾਹਿਬ ਚੜਾਉਣ ਤੋਂ ਬਾਅਦ ਗ੍ਰੰਥੀ ਮਨਜੀਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਵਲੋ ਸ਼੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ। ਉਹਨਾਂ ਨੇ ਸੰਗਤ ਨੂੰ ਦੱਸਿਆ ਕਿ ਸਾਨੂੰ ਪਰਮਾਤਮਾ ਦਾ ਸਿਮਰਣ ਕਰਨਾ ਚਾਹੀਦਾ ਹੈ। ਸਾਨੂੰ ਜਾਤ ਪਾਤ ਤੋ ਉਪਰ ਉਠ ਕੇ ਹਰ ਇੰਸਾਨ ਦੀ ਮੱਦਦ ਕਰਨੀ ਚਾਹੀਦੀ ਹੈ। ਰੱਬ ਦਾ ਨਾਮ ਸਿਮਰਨ ਸੱਭ ਤੋ ਜਰੂਰੀ ਹੈ। ਬਾਬਾ ਨਾਮ ਦੇਵ ਜੀ ਨੇ ਬਾਣੀ ਵਿੱਚ ਮਾਇਆ ਤੋ ਦੂਰ ਰਹਿ ਕੇ ਰੱਬ ਦਾ ਸਿਮਰਨ ਕਰਨ ਲਈ ਪ੍ਰੇਰਿਆ ਹੈ। ਬਾਬਾ ਨਾਮ ਦੇਵ ਜੀ ਦੇ 61 ਸ਼ਬਦ ਅਤੇ 18 ਰਾਗ ਪਵਿਤਰ ਸ਼ਲੋਕ ਬਾਣੀ ਸ਼੍ਰੀ ਗ੍ਰੰਥ ਸਾਹਿਬ 'ਚ ਸੰਕਲਿਤ ਹਨ। ਬਾਬਾ ਨਾਮ ਦੇਵ ਜੀ ਨੂੰ 72 ਵਾਰ ਪਰਮਾਤਮਾ ਦੇ ਦਰਸ਼ਨ ਹੋਏ ਦੱਸੇ ਜਾਂਦੇ ਹਨ। ਉਨਾਂ ਨੇ ਦੱਸਿਆ ਕਿ ਬਾਬਾ ਨਾਮ ਜੀ ਨੂੰ ਜਦੋਂ ਜਾਤ ਪਾਤ ਭੇਦਭਾਵ ਦੇ ਕਾਰਨ ਕਲਪਾਤਾਰ ਮੰਦਰ ਵਿੱਚ ਮੱਥਾ ਟੇਕਣ ਗਏ ਤਾਂ ਉਹਨਾਂ ਨੂੰ ਮੱਥਾ ਨਹੀਂ ਟੇਕਣ ਦਿੱਤਾ ਤਾਂ ਮੰਦਿਰ ਉਨਾਂ ਦੇ ਲਈ ਘੁੰਮ ਗਿਆ ਸੀ। ਉਹਨਾਂ ਨੇ ਕਿਹਾ ਪ੍ਰਮਾਤਮਾ ਨੂੰ ਪਾਉਣ ਲਈ ਉਸ ਨਾਲ ਸੱਚੀ ਪ੍ਰੀਤ ਪਾਉਣੀ ਚਾਹੀਦੀ ਹੈ। ਪ੍ਰਵਚਨਾਂ ਦੇ ਬਾਅਦ ਸੰਗਤ ਲਈ ਭੰਡਾਰਾ ਲਗਾਇਆ ਗਿਆ ।

ਮੌਕੇ 'ਤੇ ਪਿਆਰਾ ਲਾਲ, ਤੀਰਥ ਰਾਮ ਕੈਂਥ, ਬਲਦੇਵ ਕਰਿਸ਼ਨ ਰਿੰਪੀ, ਮਹਿੰਦਰ ਸਿੰਘ ਕੈਂਥ, ਸੰਜੀਵ ਕੈਂਥ, ਵਿਪਨ ਕੁਮਾਰ, ਨਰੇਸ਼ ਕੈਂਥ, ਅਵਤਾਰ ਸੇਠੀ, ਤਿਰਲੋਚਨ ਵਿਰਦੀ, ਵਿਜੈ ਕੁਮਾਰ, ਜਸਵੀਰ ਲਾਲ, ਮਨੀਸ਼ ਬਸਰਾ, ਹਰ, ਆਰਿਆਮਨ, ਦੀਪਕ ਕੁਮਾਰ, ਕਮਲ ਬਸਰਾ, ਸੁਖਦੇਵ ਕੁਮਾਰ, ਅਰਮਾਨ ਬਸਰਾ, ਵਰਿੰਦਰ ਕੁਮਾਰ, ਅੰਸ਼ੁਮਨ, ਆਸ਼ਾ ਰਾਣੀ, ਸੁਮਨ, ਕੁਸੁਮ, ਕਿਰਣ ਰਾਣੀ, ਸੁਨੀਤਾ, ਕੁਲਵਿੰਦਰ ਕੌਰ, ਮਨੋਰਮਾ, ਪਰਤੇਸ਼ ਕੌਰ ਕਰੀਰ, ਅਖਿਲ, ਸਾਹਿਲ ਆਦਿ ਦੇ ਨਾਲ ਭਾਰੀ ਗਿਣਤੀ ਵਿੱਚ ਮਹਿਲਾਵਾਂ ਹਾਜਰ ਰਹੀਆਂ।

HAPPY BAZAAR
HAPPY BAZAAR
Indian, Pakistani & Fijjian Groceries
WE ARE OPEN
7 DAYS A WEEK
9:00 am to 8:30 pm
RENT DVDS & BUY CLOTHES
ENJOY YOUR DAY WITH HOPES
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ
CALL US
Ph: (209) 478-0285
Fax: (209) 477-3206
EVERY SATURDAY & SUNDAY
SPECIAL DISCOUNT ON GROCERIES
1304 E Hammer Lane # 7 Stockton CA 95212
EMAIL : indiabazaar08@yahoo.com

# ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਵੱਲੋਂ 41ਵਾਂ ਟ੍ਰੈਕਟ ਜਾਰੀ ਕੀਤਾ ਗਿਆ





**ਰਿਪੋਰਟ-ਚਰਨਜੀਤ ਸਿੰਘ ਬਿਨਪਾਲਕੇ**

ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਵਿਚਾਰਧਾਰਾ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਸਮਰਪਿਤ 41ਵਾਂ ਮੁਫ਼ਤ ਟ੍ਰੈਕਟ "ਇਨਕਲਾਬੀ ਰਹਿਨੁਮਾ ਸਤਿਗੁਰੂ ਰਵਿਦਾਸ ਜੀ" ਪਿੰਡ ਮਾਧੋਪੁਰ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਮੌਕੇ ਸੰਗਤਾਂ ਭਾਰੀ ਇਕੱਠ ਦੀ ਹਾਜ਼ਰੀ ਵਿੱਚ ਰਿਲੀਜ਼ ਕੀਤਾ ਗਿਆ।

ਨਗਰ ਕੀਰਤਨ ਕਮੇਟੀ ਦੇ ਮੁੱਖ ਸੇਵਾਦਾਰ ਸੂਰਤੀ ਲਾਲ ਜੀ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਇਸ ਟ੍ਰੈਕਟ ਵਿੱਚ ਗੁਰੂ ਰਵਿਦਾਸ ਜੀ ਦੀ ਬਾਣੀ ਵਿੱਚੋਂ ਉਪਜੇ ਸਿਧਾਂਤਾਂ ਤੇ ਵਿਚਾਰ, ਗੁਰੂ ਰਵਿਦਾਸ ਜੀ ਦੀਆਂ ਇਤਿਹਾਸਿਕ ਯਾਤਰਾਵਾਂ, ਗੁਰੂ ਜੀ ਦੇ ਸਮਾਜਿਕ ਸਰੋਕਾਰ, ਹਾਸ਼ੀਏ ਉੱਤੇ ਧੱਕੇ ਗਏ ਲੋਕਾਂ ਦੇ ਯੋਧਾ- ਗੁਰੂ ਰਵਿਦਾਸ, ਲੈਵੀ ਅਤੇ ਉਸਦੀ ਚਾਚੀ ਦਾ ਸੰਵਾਦ ਅਤੇ ਹੋਰ ਵਿਸ਼ਿਆਂ ਉੱਪਰ ਖੋਜ ਭਰਪੂਰ ਅਤੇ ਵਡਮੁੱਲੀ ਜਾਣਕਾਰੀ ਵਾਲੇ ਲੇਖ ਪ੍ਰਕਾਸ਼ਿਤ ਕੀਤੇ ਗਏ ਹਨ। ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ।) ਬਿਨਪਾਲਕੇ ਵੱਲੋਂ 8000 ਦੀ ਗਿਣਤੀ ਵਿੱਚ ਪ੍ਰਕਾਸ਼ਿਤ ਕੀਤਾ ਇਹ ਟ੍ਰੈਕਟ ਮੁਫਤ ਭੇਟਾ ਕੀਤਾ ਜਾ ਰਿਹਾ ਹੈ। ਸੰਗਤਾਂ ਇਹ ਟ੍ਰੈਕਟ ਆਪ ਪੜ੍ਹਨ ਅਤੇ ਹੋਰਾਂ ਨੂੰ ਪੜ੍ਹਾ ਗੁਰੂ ਜੀ ਦੇ ਮਿਸ਼ਨ ਪ੍ਰਚਾਰ ਵਿੱਚ ਆਪਣਾ ਯੋਗਦਾਨ ਪਾਉਣ। ਇਸ ਮੌਕੇ ਸੰਤ ਸਰਵਣ ਦਾਸ ਲੁਧਿਆਣਾ, ਚਰਨਜੀਤ ਸਿੰਘ, ਹੰਸਰਾਜ, ਰਾਜ ਕੁਮਾਰ, ਪ੍ਰਭਜੀਤ ਬਾਂਸਲ, ਜਸਵਿੰਦਰ ਬਾਂਸਲ, ਹਰਭਜਨ ਸਿੰਘ, ਕਿਰਤੀ ਸਿੰਘ, ਹਰਜਿੰਦਰ ਪਾਲ, ਕਮਲ ਪ੍ਰੀਤ, ਸ਼ਾਂਤੀ ਰਾਣੀ ਅਤੇ ਹੋਰ ਮੈਂਬਰ ਹਾਜ਼ਰ ਸਨ।

# ਵਿਪਸਾ ਵੱਲੋਂ ਪੰਜਾਬ ਲੋਕ ਰੰਗ ਟੀਮ ਦਾ ਭਾਰਤ ਵਿੱਚ 'ਜ਼ਫਰਨਾਮਾ' ਨਾਟਕ ਦੀ ਸਫ਼ਲ ਪੇਸ਼ਕਾਰੀ ਕਰਕੇ ਵਾਪਸੀ 'ਤੇ ਨਿੱਘਾ ਸੁਆਗਤ

**ਹੇਵਰਡ-** ਵਿਪਸਾ ਦੀ ਮਾਸਿਕ ਮਿਲਣੀ ਸੈਫਾਇਰ ਬੈਂਕੁਇਟ ਹਾਲ,ਹੇਵਰਡ ਵਿਖੇ ਹੋਈ। ਪ੍ਰਧਾਨ ਕੁਲਵਿੰਦਰ ਨੇ ਸਭ ਨੂੰ ਜੀਅ ਆਇਆਂ ਕਹਿੰਦੇ ਹੋਏ ਅਗਲੇ ਦੋ ਵਰ੍ਹਿਆਂ ਲਈ ਆਪਣੀ ਕਾਰਜਕਾਰਨੀ ਦੀ ਘੋਸ਼ਣਾ ਕਰਦੇ ਹੋਏ ਕਿਹਾ ਕਿ ਸ. ਸੁਰਿੰਦਰ ਸਿੰਘ ਧਨੋਆ ਸਰਪ੍ਰਸਤ, ਡਾ। ਸੁਖਵਿੰਦਰ ਕੰਬੋਜ ਆਰਗੇਨਾਈਜ਼ਰ, ਅਮਰਜੀਤ ਕੌਰ ਪੰਨੂੰ ਅਤੇ ਪ੍ਰੋ। ਸੁਰਿੰਦਰ ਸੀਰਤ ਮੀਤ ਪ੍ਰਧਾਨ, ਜਗਜੀਤ ਨੌਸ਼ਹਿਰਵੀ ਸੰਧੂ ਜਰਨਲ ਸਕੱਤਰ, ਲਾਜ ਨੀਲਮ ਸੈਣੀ ਸਾਹਿਤ ਸਕੱਤਰ, ਗੁਲਸ਼ਨ ਦਿਆਲ ਅਤੇ ਤਾਰਾ ਸਾਗਰ ਵਿੱਤ ਸਕੱਤਰ, ਮੁਕੇਸ਼ ਸ਼ਰਮਾ ਕਲਾ ਸਕੱਤਰ ਅਤੇ ਐਸ਼ ਕੁਮ ਐਸ਼ ਵਿੱਕ ਮੀਡੀਆ ਸਕੱਤਰ ਦੀਆਂ ਸੇਵਾਵਾਂ ਨਿਭਾਉਣਗੇ।

ਇਸ ਵਰ੍ਹੇ ਮਾਰਚ 30, 2025 ਨੂੰ ਸਾਨ ਫ਼ਰਾਂਸਿਸਕੋ ਗ਼ਦਰ ਮੇਮੋਰਿਅਲ ਵਿਖੇ ਕਵੀ ਦਰਬਾਰ ਕਰਵਾਇਆ ਜਾਵੇਗਾ। ਅਪ੍ਰੈਲ ਵਿੱਚ ਲਾਜ ਨੀਲਮ ਸੈਣੀ ਦੇ ਸਵੈ ਜੀਵਨੀ ਮੂਲਕ ਨਾਵਲ 'ਅਲਵਿਦਾ!।।ਕਦੀ ਵੀ ਨਹੀਂ' ਅਤੇ ਮਈ ਵਿੱਚ ਜਗਜੀਤ ਨੌਸ਼ਹਿਰਵੀ ਦੇ ਕਾਵਿ ਸੰਗ੍ਰਹਿ 'ਹਾਲ ਉਥਾਈਂ ਕਹੀਏ' ਉੱਪਰ ਵਿਚਾਰ ਚਰਚਾ ਹੋਵੇਗੀ। ਜੂਨ ਵਿੱਚ ਵਿਪਸਾ ਕਹਾਣੀਕਾਰਾਂ ਦੀਆਂ ਨਵੀਆਂ ਕਹਾਣੀਆਂ 'ਤੇ ਗੱਲਬਾਤ ਹੋਵੇਗੀ। ਜੁਲਾਈ ਵਿੱਚ ਸੁਰਜੀਤ ਸਖੀ ਦੀ ਵਾਰਤਕ ਕਿਤਾਬ 'ਗੱਲ ਤਾਂ ਚਲਦੀ ਰਹੇਗੀ' ਅਤੇ ਹਰਜਿੰਦਰ ਕੰਗ ਦੇ ਕਾਵਿ-ਸੰਗ੍ਰਹਿ 'ਵੇਲ ਰੁਪਈਏ ਦੀ ਵੇਲ' 'ਤੇ ਵਿਚਾਰ ਚਰਚਾ ਹੋਵੇਗੀ। ਸਤੰਬਰ ਮਹੀਨੇ ਵਿਪਸਾ ਦੀ ਸਿਲਵਰ ਜੁਬਲੀ 'ਤੇ ਦੋ ਰੋਜ਼ਾ ਕਾਨਫ਼ਰੰਸ ਕਰਵਾਈ ਜਾਵੇਗੀ।ਇਸ ਮੌਕੇ ਪੰਜਾਬੀ ਮਾਤ ਭਾਸ਼ਾ ਦੇ ਪਸਾਰ ਲਈ ਸਾਰਥਕ ਯਤਨ ਕੀਤੇ ਜਾਣਗੇ। ਨਵੀਂ ਪੀੜ੍ਹੀ ਨੂੰ ਨਾ.ਲ ਜੋੜਨ ਲਈ ਸੁਰਿੰਦਰ ਸਿੰਘ ਧਨੋਆ ਅਤੇ ਮੁਕੇਸ਼ ਸ਼ਰਮਾ ਵੱਲੋਂ ਬੱਚਿਆਂ ਦੀ ਵਿਸ਼ੇਸ਼ ਆਈਟਮ ਤਿਆਰ ਕਰਵਾਈ ਜਾਵੇਗੀ।ਵਿਪਸਾ ਮੈਂਬਰਾਂ ਦੀਆਂ ਕਵਿਤਾਵਾਂ ਦਾ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਕੀਤਾ ਜਾਵੇਗਾ। ਤਾਰਾ ਸਾਗਰ ਨੇ ਕਿਹਾ ਕਿ ਉਹ ਇਸ ਕਾਵਿ ਸੰਗ੍ਰਹਿ ਨੂੰ ਸਪਾਂਸਰ ਕਰਨਗੇ। ਸੁਖਦੇਵ ਸਾਹਿਲ ਵੱਲੋਂ 'ਅਵਤਾਰ ਰੈਕਰਡਜ਼' ਦੀ ਦੇਖ ਰੇਖ ਹੇਠ ਵਿਪਸਾ ਮੈਂਬਰਾਂ ਦੇ ਗੀਤਾਂ/ਗ਼ਜ਼ਲਾਂ ਦੀ ਆਡੀਓ/ਵੀਡੀਓ ਤਿਆਰ ਕੀਤੀ ਜਾਵੇਗੀ।

ਇਸ ਉਪਰੰਤ ਪੰਜਾਬ ਲੋਕ ਰੰਗ ਦੇ ਨਿਰਦੇਸ਼ਕ ਅਤੇ ਰੰਗਕਰਮੀ ਸੁਰਿੰਦਰ ਸਿੰਘ ਧਨੋਆ ਸਭ ਦੇ ਰੂ ਬ ਰੂ ਹੋਏ। ਉਨ੍ਹਾਂ ਬੜੇ ਉਤਸ਼ਾਹ ਨਾ.ਲ ਦੱਸਿਆ ਕਿ ਉਹ ਪੰਜਾਬ ਵਿੱਚ 'ਜ਼ਫਰਨਾਮਾ' ਨਾਟਕ ਦੇ ਉੱਨੀ ਸਫ਼ਲ ਸ਼ੋਅ ਕਰਕੇ ਵਾਪਸ ਪਰਤੇ ਹਨ। ਪੰਜਾਬ ਫੇਰੀ ਤੋਂ ਪਹਿਲਾਂ ਇਸ ਨਾਟਕ ਦੇ ਪੱਚੀ ਸ਼ੋਅ ਅਮਰੀਕਾ ਅਤੇ ਕੈਨੇਡਾ ਵਿੱਚ ਕਰ ਚੁੱਕੇ ਹਨ ਅਤੇ ਪੰਤਾ.ਲੀਵਾਂ ਸ਼ੋਅ 22 ਮਾਰਚ, 2025 ਨੂੰ ਰੋਜ਼ਵਿਲ ਵਿਖੇ ਹੋਣ ਜਾਣ ਰਿਹਾ ਹੈ। ਉਨ੍ਹਾਂ ਪੰਜਾਬ ਫੇਰੀ ਬਾਰੇ ਕਿਹਾ ਕਿ ਉਨ੍ਹਾਂ ਨਾਟਕ ਦਾ ਆਗਾਜ਼ ਅਨੰਦਪੁਰ ਸਾਹਿਬ ਤੋਂ ਗਿਆਨੀ ਸੁਲਤਾਨ ਸਿੰਘ ਅਤੇ ਗੁਰਦੁਆਰਾ ਕੇਸ ਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਸਾਹਿਬ ਜੋਗਿੰਦਰ ਸਿੰਘ ਦੇ ਸਹਿਯੋਗ ਨਾਲ ਕੀਤਾ।ਉਸ ਤੋਂ ਬਾਅਦ ਉਸ ਰਹਿਬਰ ਦੀ ਬਖ਼ਸ਼ਿਸ਼ ਨਾ.ਲ ਪੰਜਾਬ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਵਿੱਚ ਨਾਟਕ ਖੇਡਦੇ ਹੋਏ ਪ੍ਰੋ। ਸੁਰਿੰਦਰ ਸੀਰਤ ਦੇ ਯਤਨਾਂ ਨਾ.ਲ ਜੰਮੂ ਪਹੁੰਚੇ।

ਜਿੱਥੇ ਉਨ੍ਹਾਂ ਨੂੰ ਸੁਝਵਾਨ ਦਰਸ਼ਕ ਮਿਲੇ। ਉਨ੍ਹਾਂ ਦੇ ਸ਼ੋਅ ਵਿੱਚ 6000 ਤੋਂ ਲੈ ਕੇ 22000 ਤੱਕ ਦਰਸ਼ਕ ਪਹੁੰਚਦੇ ਰਹੇ। ਸ਼ੋਅ ਨੂੰ ਦਰਸ਼ਕਾਂ ਵਲੋਂ ਭਰਵਾਂ ਹੁੰਗਾਰਾ ਮਿਲਦਾ ਰਿਹਾ ਅਤੇ ਸਾਡੀ ਟੀਮ ਦਾ ਉਤਸ਼ਾਹ ਵੀ ਵੱਧਦਾ ਰਿਹਾ। ਉਨ੍ਹਾਂ ਨੇ ਅਨੁਭਵ ਕੀਤਾ ਕਿ ਪੰਜਾਬ ਵਿੱਚ ਸਿੱਖ ਇਤਿਹਾਸ ਨਹੀਂ ਪੜ੍ਹਾਇਆ ਜਾ ਰਿਹਾ। ਬੱਚੇ ਚਾਰ ਸਾਹਿਬਜ਼ਾਦਿਆਂ ਦੇ ਨਾਵਾਂ ਤੋਂ ਵਾਕਫ਼ ਨਹੀਂ। ਦਰਸ਼ਕ ਮੋਤੀ ਮਹਿਰਾ ਬਾਰੇ ਨਹੀਂ ਜਾਣਦੇ। ਉਨ੍ਹਾਂ ਡਾ। ਆਤਮ ਰੰਧਾਵਾ, ਡਾ। ਮੋਨੋਜੀਤ ਅਤੇ ਬਲਜੀਤ ਕੌਰ ਦਾ ਪ੍ਰਾਹੁਣਾਚਾਰੀ ਲਈ ਵਿਸ਼ੇਸ਼ ਜ਼ਿਕਰ ਕੀਤਾ। ਖੁਮਾਣੋਂ ਦੇ ਡੀ ਆਈ ਜੀ ਨਵਦੀਪ ਸਿੱਧੂ ਸੁਰੱਖਿਆ ਜਾਇਜ਼ਾ ਲੈਣ ਆਏ ਨਾਟਕ ਤੋਂ ਪ੍ਰਭਾਵਿਤ ਹੋਏ। ਪਾਕਿਸਤਾਨ ਫੇਰੀ ਦੌਰਾਨ ਲਹਿੰਦੇ ਪੰਜਾਬ ਵਿੱਚ ਦਿਆਲ ਸਿੰਘ ਕਾਲਜ ਅਤੇ ਲਾਇਬ੍ਰੇਰੀ ਤੋਂ ਪ੍ਰਭਾਵਿਤ ਹੋਏ। ਪੰਜਾਬ ਲੋਕ ਰੰਗ ਅਤੇ ਵਿਪਸਾ ਦੇ ਮੈਂਬਰ ਮੁਕੇਸ਼ ਸ਼ਰਮਾ ਅਤੇ ਜਸਵਿੰਦਰ ਕੌਰ ਧਨੋਆ ਨੇ ਵੀ ਆਪਣੇ ਅਨੁਭਵ ਸਾਂਝੇ ਕੀਤੇ। ਵਿਪਸਾ ਮੈਂਬਰਾਂ ਵੱਲੋਂ ਉਨ੍ਹਾਂ ਦਾ ਕਰਮ ਭੂਮੀ 'ਤੇ ਵਾਪਸ ਪਰਤਣ 'ਤੇ ਨਿੱਘਾ ਸੁਆਗਤ ਕੀਤਾ ਗਿਆ ਅਤੇ ਇਸ ਸਫ਼ਲਤਾ ਲਈ ਵਧਾਈ ਦਿੱਤੀ ਗਈ। ਤਾਰਾ ਸਾਗਰ ਨੇ ਸੁਰਿੰਦਰ ਧਨੋਆ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਕੈਲੀਫ਼ੋਰਨੀਆ ਦੇ ਪੰਜਾਬੀ ਭਾਈਚਾਰੇ ਨੂੰ ਵੱਡੀ ਦੇਣ ਹੈ। ਦੂਜੇ ਸੈਸ਼ਨ ਵਿੱਚ ਕਵੀ ਦਰਬਾਰ ਹੋਇਆ ਜਿਸ ਵਿੱਚ ਅਮਰ ਸੂਫ਼ੀ, ਮੁਕੇਸ਼ ਸ਼ਰਮਾ, ਤਾਰਾ ਸਿੰਘ ਸਾਗਰ, ਸੁਖਪਾਲ ਸੰਘੇੜਾ, ਗੁਲਸ਼ਨ ਦਿਆਲ, ਦਾ। ਸੁਖਵਿੰਦਰ ਕੰਬੋਜ, ਅਮਰਜੀਤ ਕੌਰ ਪੰਨੂ, ਡਾ। ਸੁਖਪਾਲ ਸੰਘੇੜਾ, ਚਰਨਜੀਤ ਸਿੰਘ ਪੰਨੂ, ਕੁਲਵਿੰਦਰ ਅਤੇ ਪ੍ਰੋ। ਸੁਰਿੰਦਰ ਸੀਰਤ ਨੇ ਆਪਣੇ ਕਲਾਮ ਪੇਸ਼ ਕੀਤੇ। ਸਾਹਿਲ ਨੇ ਤਿਆਰੀ ਅਧੀਨ ਐਲਬਮ ਵਿੱਚੋਂ ਜਗਜੀਤ ਨੌਸ਼ਹਿਰਵੀ, ਡਾ। ਸੁਖਵਿੰਦਰ ਕੰਬੋਜ, ਪ੍ਰੋ। ਸੁਰਿੰਦਰ ਸੀਰਤ, ਲਾਜ ਨੀਲਮ ਸੈਣੀ ਅਤੇ ਕੁਲਵਿੰਦਰ ਦੀਆਂ ਗ਼ਜ਼ਲਾਂ ਅਤੇ ਗੀਤਾਂ ਦੇ ਮੁਖੜੇ ਸੁਰ ਬੱਧ ਕੀਤੇ।

**ਰਿਪੋਰਟ: ਲਾਜ ਨੀਲਮ ਸੈਣੀ**
ਫ਼ੋਨ: 510-502-0551
ਜਾਰੀ ਕਰਤਾ,
ਜਗਜੀਤ ਨੌਸ਼ਹਿਰਵੀ (ਜਰਨਲ ਸਕੱਤਰ)
ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫ਼ੋਰਨੀਆ
510-676-1565

# ਦਿੱਲੀ ਵਾਸੀਆਂ ਨੇ ਆਪ ਦੇ ਫਰਜ਼ੀ ਵਿਕਾਸ ਮਾਡਲ ਨੂੰ ਨਕਾਰਿਆ: ਅਰਵਿੰਦ ਖੰਨਾ

**ਚੰਡੀਗੜ੍ਹ-** ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਦਿੱਲੀ ਵਾਸੀਆਂ ਨੇ ਆਮ ਆਦਮੀ ਪਾਰਟੀ ਦੇ ਫਰਜ਼ੀ ਵਿਕਾਸ ਮਾਡਲ ਨੂੰ ਬੁਰੀ ਤਰ੍ਹਾਂ ਨਕਾਰ ਦਿੱਤਾ ਹੈ। ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਸ਼੍ਰੀ ਖੰਨਾ ਨੇ ਕਿਹਾ ਕਿ ਦਿੱਲੀ ਵਾਸੀਆਂ ਵੱਲੋਂ ਲਏ ਸ਼ਲਾਘਾਯੋਗ ਫੈਸਲੇ ਤੋਂ ਬਾਅਦ ਪੰਜਾਬ ਵਿੱਚ ਵੀ ਆਪ ਸਰਕਾਰ ਦੀ ਉਲਟੀ ਗਿਣਤੀ ਸ਼ੁਰੂ ਹੋ ਗਈ ਹੈ।



ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਮਨ ਵਿੱਚ ਇੱਕ ਵੱਡਾ ਭਰਮ ਪੈਦਾ ਹੋ ਗਿਆ ਸੀ ਕਿ ਲੋਕ ਉਨ੍ਹਾਂ ਦੇ ਝੂਠੇ ਦਾਅਵਿਆਂ ਅਤੇ ਵਾਅਦਿਆਂ ਕਾਰਨ ਉਨ੍ਹਾਂ ਦੇ ਹੀ ਸਮਰਥਨ ਵਿੱਚ ਖੜ੍ਹੇ ਰਹਿਣਗੇ ਪਰ ਪੰਜਾਬ ਵਿੱਚ ਸਰਕਾਰ ਵੱਲੋਂ ਦਿੱਤੇ ਕੁਸਾਸ਼ਨ ਅਤੇ ਵਾਅਦਾ ਖਿਲਾਫ਼ੀ ਨੇ ਉਸ ਦਾ ਅਸਲ ਚਿਹਰਾ ਨੰਗਾ ਕਰ ਦਿੱਤਾ ਹੈ। ਉਨ੍ਹਾਂ ਦਿੱਲੀ ਦੇ ਲੋਕਾਂ ਦੇ ਫੈਸਲੇ ਨੂੰ ਸਲਾਮ ਕਰਦਿਆਂ ਪੰਜਾਬ ਦੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਆਉਣ ਵਾਲੇ ਸਮੇਂ ਵਿੱਚ ਉਹ ਵੀ ਦਿੱਲੀ ਵਾਸੀਆਂ ਤੋਂ ਸੇਧ ਲੈਂਦੇ ਹੋਏ ਅਗਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਵਿੱਚੋਂ ਵੀ ਆਪ ਦਾ ਬੋਰੀਆਂ-ਬਿਸਤਰਾ ਗੋਲ ਕਰਨ ਦੀ ਤਿਆਰੀ ਕਰਨ।

ਸ਼੍ਰੀ ਖੰਨਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਦੀ ਅਗਵਾਈ ਹੇਠ ਦੇਸ਼ ਨੇ ਬਹੁ-ਪੱਖੀ ਵਿਕਾਸ ਦੀ ਰਫ਼ਤਾਰ ਫੜ੍ਹੀ ਹੋਈ ਹੈ, ਜਿਸ ਕਾਰਨ ਜ਼ਰੂਰਤ ਹੈ ਕਿ ਪੰਜਾਬ ਵਿੱਚ ਭਾਜਪਾ ਦੀ ਅਗਵਾਈ ਹੇਠ ਸਰਕਾਰ ਬਣੇ।ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਹੀ ਦੇਸ਼ ਹਿੱਤ ਵਿੱਚ ਇਮਾਨਦਾਰੀ ਨਾਲ ਫੈਸਲੇ ਲੈ ਸਕਦੀ ਹੈ ਜਦਕਿ ਦੂਜੀਆਂ ਪਾਰਟੀਆਂ ਇਮਾਨਦਾਰੀ ਦਾ ਫਰਜ਼ੀ ਚੋਲਾ ਪਹਿਣਕੇ ਲੋਕਾਂ ਨੂੰ ਗੁੰਮਰਾਹ ਕਰਨ ਵਿੱਚ ਲੱਗੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਫਰਜ਼ੀ ਇਮਾਨਦਾਰੀ ਦੇ ਚੋਲੇ ਦਾ ਖੁਲਾਸਾ ਉਸ ਸਮੇਂ ਹੋ ਗਿਆ ਸੀ ਜਦੋਂ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਆਪਣੀਆਂ ਭ੍ਰਿਸ਼ਟ ਨੀਤੀਆਂ ਦੇ ਕਾਰਨ ਪੁਲਿਸ ਦੇ ਹੱਥ ਚੜ੍ਹੇ ਸਨ। ਉਨ੍ਹਾਂ ਕਿਹਾ ਕਿ ਇਸ ਪਾਰਟੀ ਨੇ ਪੰਜਾਬ ਵਿੱਚ ਵੀ ਇਮਾਨਦਾਰੀ ਦੀ ਆੜ ਵਿੱਚ ਭ੍ਰਿਸ਼ਟਾਚਾਰ ਨੂੰ ਉਤਸ਼ਾਹਿਤ ਕੀਤਾ ਹੈ।

# ਦੇਸ਼ ਭਗਤ ਯੂਨੀਵਰਸਿਟੀ-ਫਿਨਲੈਂਡ ਯੂਨੀਵਰਸਿਟੀ ਉੱਚ ਸਿੱਖਿਆ ਅਤੇ ਨਵੀਨਤਾ ਲਈ ਸਾਂਝੇਦਾਰੀ




**ਮੰਡੀ ਗੋਬਿੰਦਗੜ੍ਹ-** ਦੇਸ਼ ਭਗਤ ਯੂਨੀਵਰਸਿਟੀ (NAAC A+ ਮਾਨਤਾ ਪ੍ਰਾਪਤ) ਨੇ ਸਿੱਖਿਆ, ਖੋਜ ਅਤੇ ਸਥਿਰਤਾ ਵਿੱਚ ਇੰਡੋ-ਫਿਨਲੈਂਡ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਫਿਨਲੈਂਡ ਦੇ ਦੂਤਾਵਾਸ ਵਿਖੇ ਉੱਚ ਸਿੱਖਿਆ ਅਤੇ ਵਿਗਿਆਨ ਨੀਤੀ ਲਈ ਕੌਂਸਲਰ ਡਾ. ਲੀਸਾ ਜੇ. ਟੋਇਵੋਨੇਨ ਦੀ ਮੇਜ਼ਬਾਨੀ ਕੀਤੀ।

ਡੀ ਬੀ ਯੂ ਲੀਡਰਸ਼ਿਪ ਨਾਲ ਵਿਚਾਰ-ਵਟਾਂਦਰੇ ਅਕਾਦਮਿਕ ਸਾਂਝੇਦਾਰੀ, ਵਿਦਿਆਰਥੀ ਆਦਾਨ-ਪ੍ਰਦਾਨ ਅਤੇ ਸਾਂਝੇ ਖੋਜ ਪਹਿਲਕਦਮੀਆਂ 'ਤੇ ਕੇਂਦ੍ਰਿਤ ਸਨ। ਡਾ। ਟੋਇਵੋਨੇਨ ਨੇ ਵਿਦਿਆਰਥੀਆਂ ਨੂੰ ਫਿਨਲੈਂਡ ਦੀ ਵਿਸ਼ਵ-ਪੱਧਰੀ ਸਿੱਖਿਆ ਪ੍ਰਣਾਲੀ ਅਤੇ ਨਵੀਨਤਾ-ਅਧਾਰਤ ਖੋਜ ਬਾਰੇ ਸੂਝ-ਬੂਝ ਨਾਲ ਪ੍ਰੇਰਿਤ ਵੀ ਕੀਤਾ। ਚਾਂਸਲਰ ਡਾ। ਜ਼ੋਰਾ ਸਿੰਘ, ਪ੍ਰੈਜ਼ੀਡੈਂਟ ਡਾ। ਸੰਦੀਪ ਸਿੰਘ ਅਤੇ ਵਾਈਸ ਪ੍ਰੈਜ਼ੀਡੈਂਟ ਡਾ. ਹਰਸ਼ ਸਦਾਵਰਤੀ ਸਮੇਤ ਡੀਬੀਯੂ ਲੀਡਰਸ਼ਿਪ, ਅਕਾਦਮਿਕ ਮਾਰਗਾਂ, ਜੁੜਵਾਂ ਪ੍ਰੋਗਰਾਮਾਂ, ਵਿਦਿਆਰਥੀ ਅਤੇ ਫੈਕਲਟੀ ਆਦਾਨ-ਪ੍ਰਦਾਨ, ਅਤੇ ਸਹਿਯੋਗੀ ਖੋਜ ਪਹਿਲਕਦਮੀਆਂ 'ਤੇ ਚਰਚਾ ਵਿੱਚ ਸ਼ਾਮਲ ਹੋਈ। ਇਸ ਦੌਰੇ ਦਾ ਉਦੇਸ਼ ਦੇਸ਼ ਭਗਤ ਯੂਨੀਵਰਸਿਟੀ ਦੇ ਸਹਿਯੋਗ ਨਾਲ ਖੋਜ ਪ੍ਰੋਜੈਕਟਾਂ ਅਤੇ ਸੀਐਸਆਰ ਪਹਿਲਕਦਮੀਆਂ ਲਈ ਫਿਨਲੈਂਡ ਸਰਕਾਰ ਦੇ ਸਮਰਥਨ ਦੀ ਪੜਚੋਲ ਕਰਦੇ ਹੋਏ, ਉੱਚ ਸਿੱਖਿਆ ਅਤੇ ਨਵੀਨਤਾ ਲਈ ਡੀ ਬੀ ਯੂ-ਫਿਨਲੈਂਡ ਯੂਨੀਵਰਸਿਟੀ ਸਾਂਝੇਦਾਰੀ ਨੂੰ ਮਜ਼ਬੂਤ ਕਰਨਾ ਸੀ।

# ਪ੍ਰਵਾਸੀ ਭਾਰਤੀਆਂ ਦੀ ਬੇ-ਆਬਰੂ ਭਰੀ ਵਤਨ ਵਾਪਸੀ ਖਿਲਾਫ਼ ਆਵਾਜ਼ ਉਠਾਉਣ ਲਈ ਦੇਸ਼ ਭਗਤ ਯਾਦਗਾਰ ਕਮੇਟੀ ਦੀ ਅਪੀਲ

**ਜਲੰਧਰ-** ਅਮਰੀਕਾ ਵੱਲੋਂ ਆਪਣੇ ਫੌਜੀ ਮਾਲਵਾਹਕ ਜਹਾਜ਼ ਰਾਹੀਂ ਬੇੜੀਆਂ ਅਤੇ ਹੱਥਕੜੀਆਂ ਵਿੱਚ ਜਕੜੇ ਪ੍ਰਵਾਸੀ ਭਾਰਤੀਆਂ ਨੂੰ ਅੰਮ੍ਰਿਤਸਰ ਹਵਾਈ ਅੱਡੇ 'ਤੇ ਮੀਡੀਆ ਅਤੇ ਲੋਕ ਨਜ਼ਰਾਂ ਤੋਂ ਛੁਪਾ ਕੇ ਲਿਆਉਣ ਦੀ ਕੀਤੀ ਕਾਰਵਾਈ ਅਤੇ ਮੋਦੀ ਹਕੂਮਤ ਵੱਲੋਂ ਇਸ ਨੂੰ ਦਿੱਤੀ ਹਰੀ ਝੰਡੀ ਭਾਰਤ ਵਾਸੀਆਂ ਦੇ ਕੌਮੀ ਸਵੈਮਾਨ ਅਤੇ ਆਜ਼ਾਦੀ ਸੰਗਰਾਮ ਦੁਆਰਾ ਸਿਰਜੇ ਗੌਰਵਸ਼ਾਲੀ ਇਤਿਹਾਸ ਦਾ ਨਿਰਾਦਰ ਕਰਾਰ ਦਿੰਦੇ ਹੋਏ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਦੇਸ਼ ਭਗਤ, ਕੌਮੀ ਜਮਹੂਰੀ ਅਤੇ ਲੋਕ-ਪੱਖੀ ਸੰਸਥਾਵਾਂ ਨੂੰ ਇਸ ਦਾ ਗੰਭੀਰ ਨੋਟਿਸ ਲੈਣ ਅਤੇ ਇਸ ਮਿਲੀਭੁਗਤ ਵਾਲੀ ਕਾਰਵਾਈ ਖਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀ ਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਵੱਲੋਂ ਜਾਰੀ ਪ੍ਰੈਸ ਨੋਟ 'ਚ ਕਿਹਾ ਹੈ ਕਿ ਹੁਣ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ। ਇਹ ਗੱਲ ਜੱਗ ਜਾਹਰ ਹੈ ਕਿ ਅਮਰੀਕੀ ਰਾਸ਼ਟਰਪਤੀ ਟਰੰਪ ਦੀ ਅਗਵਾਈ ਵਾਲੀ ਹਕੂਮਤ ਦੇ ਹੁਕਮਾਂ ਤੇ ਫੁੱਲ ਚੜ੍ਹਾਉਂਦੇ ਹੋਏ ਵਿਦੇਸ਼ ਮੰਤਰੀ ਐੱਸ.ਜੇ. ਸ਼ੰਕਰ ਅਤੇ ਪ੍ਰਧਾਨ ਮੰਤਰੀ ਮੰਤਰਾਲੇ ਨੇ ਜਿਵੇਂ ਇਸ ਅਮਰੀਕੀ ਕਾਰਵਾਈ ਨੂੰ ਹੁੱਬਕੇ ਰਜ਼ਾਮੰਦੀ ਦਿੱਤੀ, ਇਸ ਨਾਲ ਭਾਰਤੀ ਪ੍ਰਵਾਸੀਆਂ ਦੇ ਮਾਣ-ਸਨਮਾਨ ਦੀ ਹੀ ਤੌਹੀਨ ਨਹੀਂ ਕੀਤੀ ਸਗੋਂ ਪੂਰੇ ਦੇਸ਼ ਨੂੰ ਸ਼ਰਮਸਾਰ ਕਰਕੇ ਰੱਖ ਦਿੱਤਾ ਹੈ। ਕਮੇਟੀ ਨੇ ਕੋਲੰਬੀਆ ਦੇ ਪ੍ਰਧਾਨ ਮੰਤਰੀ ਦੇ ਫੈਸਲੇ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਉਸ ਨੇ ਅਮਰੀਕੀ ਫੌਜ ਦੇ ਮਾਲਵਾਹਕ ਜਹਾਜ਼ ਰਾਹੀਂ ਕੋਲੰਬੀਆ ਵਾਸੀਆਂ ਦੀ ਵਾਪਸੀ ਦੇ ਫੈਸਲੇ ਨੂੰ ਨਾ-ਮਨਜ਼ੂਰ ਕਰਦਿਆਂ ਰੋਟੀ-ਰੋਜ਼ੀ ਦੀ ਭਾਲ 'ਚ ਗਏ ਅਤੇ ਝਾਂਸੇ ਵਿੱਚ ਆ ਕੇ ਸ਼ਿਕਾਰ ਬਣੇ ਪੀੜਿਤ ਨਾਗਰਿਕਾਂ ਨੂੰ ਆਪਣੇ ਜਹਾਜ਼ਾਂ ਰਾਹੀਂ ਮਾਣ-ਸਨਮਾਨ ਨਾਲ ਆਪਣੇ ਵਤਨ ਲਿਆਉਣ ਦੇ ਕਦਮ ਚੁੱਕੇ, ਅਜਿਹਾ ਭਾਰਤ ਸਰਕਾਰ ਨੇ ਕਿਉਂ ਨਹੀਂ ਕੀਤਾ? ਕਮੇਟੀ ਦਾ ਕਹਿਣਾ ਹੈ ਕਿ ਗੈਰ ਕਾਨੂੰਨੀ ਦੱਸੇ ਗਏ ਭਾਰਤੀਆਂ ਚ ਪ੍ਰਧਾਨ ਮੰਤਰੀ ਦੇ ਸੂਬਾ ਗੁਜਰਾਤ ਦੇ ਪਰਿਵਾਰ ਵੀ ਸ਼ਾਮਿਲ ਨੇ ਜਿਸ ਨੂੰ ਵਿਕਾਸ ਮਾਡਲ ਵਜੋਂ ਪੇਸ਼ ਕੀਤਾ ਜਾਂਦਾ ਹੈ। ਉਹਨਾਂ ਕਿਹਾ ਕਿ ਵਿਸ਼ਵ ਬੈਂਕ, ਵਿਸ਼ਵ ਵਪਾਰ ਸੰਸਥਾ ਅਤੇ ਬਹੁ-ਕੌਮੀ ਕੰਪਨੀਆਂ ਜਿਨ੍ਹਾਂ ਦੀ ਆਮ ਕਰਕੇ ਚੌਧਰ ਅਮਰੀਕੀ ਹਕੂਮਤ ਕਰਦੀ ਹੈ ਉਹ ਇੱਕ ਬੰਨੇ ਸਾਡੇ ਮੁਲਕ ਦੇ ਕੁਦਰਤੀ ਕੌਮੀ ਮਾਲ-ਖਜ਼ਾਨੇ, ਜੰਗਲ, ਜਲ, ਜ਼ਮੀਨ ਹੜਪ ਕਰ ਰਹੇ ਨੇ, ਦੂਜੇ ਬੰਨੇ ਆਪਣੇ ਮੱਕੜ ਜਾਲ 'ਚ ਨੌਜਵਾਨਾਂ ਨੂੰ ਫਸਾਕੇ ਲੱਖਾਂ ਰੁਪਏ ਹੜੱਪ ਕੇ ਉਹਨਾਂ ਨੂੰ ਪਰਿਵਾਰਾਂ ਸਮੇਤ ਬਰਬਾਦੀ ਦੇ ਜਬਾੜ੍ਹਿਆਂ ਵਿੱਚ ਧੱਕ ਰਹੇ ਹਨ। ਇਹ ਸਿਲਸਿਲਾ ਬੇਰੋਕ ਚੱਲਦਾ ਰੱਖਣ ਲਈ ਲੋਕਾਂ ਦੀ ਜ਼ੁਬਾਨਬੰਦੀ ਕੀਤੀ ਜਾ ਰਹੀ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਜ਼ਾਦੀ ਸੰਗਰਾਮ ਦੀ ਵਿਲੱਖਣ ਇਨਕਲਾਬੀ ਗ਼ਦਰ ਲਹਿਰ ਅਤੇ ਉਸਦੇ ਕਾਮਾਗਾਟਾ ਮਾਰੂ ਜਹਾਜ਼ ਦੇ ਅਧਿਆਏ ਨੂੰ ਮਨੀਂ ਵਸਾਉਂਦੇ ਹੋਏ ਆਪਣੇ ਪੁਰਖਿਆਂ ਦੁਆਰਾ ਅਥਾਹ ਕੁਰਬਾਨੀਆਂ ਕਰਕੇ ਸਿਰਜੇ ਇਤਿਹਾਸ ਨੂੰ ਬੇਆਬਰੂ ਕਰ ਰਹੇ ਅਮਰੀਕੀ ਅਤੇ ਭਾਰਤੀ ਹੁਕਮਰਾਨਾਂ ਦੇ ਅਜਿਹੇ ਫੈਸਲਿਆਂ ਖਿਲਾਫ਼ ਆਵਾਜ਼ ਉਠਾਉਣ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਡਿਪੋਰਟ ਕੀਤੇ ਨੌਜਵਾਨਾਂ, ਔਰਤਾਂ, ਬੱਚਿਆਂ ਦੇ ਪੀੜਤ ਪਰਿਵਾਰਾਂ ਨਾਲ ਗਹਿਰੀ ਹਮਦਰਦੀ ਦਾ ਇਜ਼ਹਾਰ ਕਰਦਿਆਂ ਉਹਨਾਂ ਨੂੰ ਉਚੇਚੇ ਤੌਰ ਤੇ ਅਪੀਲ ਕੀਤੀ ਹੈ ਕਿ ਉਹ ਗ਼ਮ ਵਿੱਚ ਡੁੱਬਣ ਜਾਂ ਨਮੋਸ਼ੀ ਹੰਡਾਉਣ ਦੀ ਬਜਾਏ ਇਸ ਸਾਰੇ ਖੇਲ ਨੂੰ ਸਮਝਣ ਲਈ ਸੋਚ ਵਿਚਾਰ ਕਰਨ ਕਿ ਸਾਨੂੰ ਅੱਜ ਵੀ ਰੋਜ਼ੀ-ਰੋਟੀ ਲਈ ਕਿਉਂ ਪਰਦੇਸਾਂ 'ਚ ਧੱਕੇ ਖਾਣੇ ਪਏ ਅਤੇ ਜੇ ਗ਼ਦਰੀ ਦੇਸ਼ ਭਗਤਾਂ ਦੇ ਸੁਪਨਿਆਂ ਦਾ ਸਮਾਜ ਸਿਰਜਿਆ ਹੁੰਦਾ ਤਾਂ ਸਾਨੂੰ ਇਹ ਦਿਨ ਨਹੀਂ ਸੀ ਦੇਖਣੇ ਪੈਣੇ।

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥



**Gone but never forgotten**
**7-03-1960 To 02-06-2025**

It is with deep sorrow that we announce the passing of Bibi Surjit Kaur, wife or Bhai Harbhajan Ram and mother of Kiran Banga, on February 6, 2025 in John Muir hospital.

She was a very religious person. She was a dedicated member of Sri Guru Ravidass Sabha committee. She helped in the Gurughar kitchen on a regular basis. She was a softspoken person who treated everyone with love and respect.

The funeral Service will be on
**Thursday, February 13, 2025** at 10:00 AM at
Pittsburg Funeral Chapel, 2295 Railroad Ave, Pittsburg, CA
Cremation will be at Oak View Park Memorial Cemetery,
2500 E 18th Steet, Antioch, CA, followed by
Antim Ardass at Sri Guru Ravidass Temple,
2150 Crestview Dr, Pittsburg, CA 94565.

Grieving families : Harbhajan Ram family and Banga family

(925) 550-4996

# ਕੈਲੇਫੋਰਨੀਆ ਦੇ ਪ੍ਰਸਿੱਧ ਕਾਰੋਬਾਰੀ ਅਤੇ ਸਮਾਜ ਸੇਵਕ ਸ੍ਰੀ ਜੈ ਰਾਮ ਗਾਟ ਦਾ ਹੋਇਆ ਅਚਾਨਕ ਦੇਹਾਂਤ

## ਸਮਾਜ ਸੇਵਕ ਅਜੇ ਗਾਟ,ਹਰਜੀਤ ਗਾਟ (ਹੈਪੀ), ਸਮੂਹ ਗਾਟ ਪਰਿਵਾਰ ਅਤੇ ਸਮਾਜ ਨੂੰ ਅਸਹਿ ਸਦਮਾ



**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)–** ਕੈਲੇਫੋਰਨੀਆ ਦੇ ਪ੍ਰਸਿੱਧ ਕਾਰੋਬਾਰੀ ਅਤੇ ਕੌਮ ਦੇ ਉੱਘੇ ਸਮਾਜ ਸੇਵਕ ਸ਼੍ਰੀ ਜੈ ਰਾਮ ਗਾਟ ਜੀ ਦਾ ਇੰਡੀਆ ਵਿਚ ਅਚਾਨਕ ਸੰਖੇਪ ਬਿਮਾਰੀ ਪਿੱਛੋਂ ਦੇਹਾਂਤ ਹੋ ਗਿਆ। ਇਸ ਦੁਖਦ ਘਟਨਾ ਤੇ ਗਾਟ ਪਰਿਵਾਰ ਨਾਲ ਸਮੁੱਚੇ ਭਾਈਚਾਰੇ ਅਤੇ ਹੋਰ ਸਕੇ ਸਬੰਧੀਆਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਸਬੰਧੀ ਇਸ ਦੁੱਖ ਦੀ ਘੜੀ ਵਿੱਚ ਉਹਨਾਂ ਦੇ ਪੁੱਤਰ ਅਜੇ ਕੁਮਾਰ ਗਾਟ ਯੂਐਸਏ ਅਤੇ ਹੈਪੀ ਗਾਟ ਯੂਐਸਏ ਨਾਲ ਗੱਲਬਾਤ ਕਰਦਿਆਂ ਉਹਨਾਂ ਦੱਸਿਆ ਕਿ ਉਹਨਾਂ ਦੇ ਪਿਤਾ ਜੀ ਸ਼੍ਰੀ ਜੈ ਰਾਮ ਜੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਸਬੰਧੀ ਕੁਝ ਦਿਨਾਂ ਲਈ ਯੂਐਸਏ ਤੋਂ ਇੰਡੀਆ ਆਪਣੇ ਪਿੰਡ ਕਾਂਸ਼ੀ ਨਗਰ ਮੇਹਟ ਫਗਵਾੜਾ ਵਿਖੇ ਗਏ ਸਨ, ਜਿੱਥੇ ਉਨ੍ਹਾਂ ਦੀ ਅਚਾਨਕ ਸਿਹਤ ਖਰਾਬ ਹੋ ਗਈ ਅਤੇ ਡੀਐਮਸੀ ਹਸਪਤਾਲ ਵਿੱਚ ਉਹ ਆਪਣੇ ਸਵਾਸਾਂ ਦੀ ਪੂੰਜੀ ਭੋਗਦਿਆਂ ਸਾਨੂੰ ਸਦਾ ਲਈ ਛੱਡ ਕੇ ਚਲੇ ਗਏ। ਸਮੁੱਚੇ ਇਲਾਕੇ ਦੇ ਧਾਰਮਿਕ ਰਾਜਨੀਤਿਕ ਅਤੇ ਸਮਾਜਿਕ ਆਗੂਆਂ ਤੋਂ ਇਲਾਵਾ ਗਾਇਕ ਕਲਾਕਾਰਾਂ ਨੇ ਸਤਿਕਾਰਯੋਗ ਸ਼੍ਰੀ ਜੈ ਰਾਮ ਜੀ ਦੇ ਤੁਰ ਜਾਣ ਤੇ ਗਾਟ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਅੱਜ 9 ਫਰਵਰੀ ਦਿਨ ਐਤਵਾਰ ਨੂੰ ਬਾਅਦ ਦੁਪਹਿਰ 2 ਵਜੇ ਉਹਨਾਂ ਦਾ ਅੰਤਿਮ ਸੰਸਕਾਰ ਪਿੰਡ ਕਾਂਸ਼ੀ ਨਗਰ ਮੇਹਟਾਂ ਫਗਵਾੜਾ ਵਿਖੇ ਕਰ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਸ਼੍ਰੀ ਜੈ ਰਾਮ ਜੀ ਨੇ ਆਪਣਾ ਸਾਰਾ ਜੀਵਨ ਲੰਬੇ ਸੰਘਰਸ਼ ਵਿੱਚ ਬਿਤਾਇਆ। ਉਹਨਾਂ ਨੇ ਦੁਬਈ ਵਿੱਚ ਆਪਣੀ ਨਿੱਜੀ ਕੰਪਨੀ ਖੋਲ੍ਹੀ ਅਤੇ ਕਾਰੋਬਾਰ ਸੈਟਲ ਕੀਤੇ। ਇਸ ਉਪਰੰਤ ਉਹਨਾਂ ਨੇ ਯੂਐਸਏ ਵੱਲ ਮੁੱਖ ਕੀਤਾ। ਜਿੱਥੇ ਉਹਨਾਂ ਨੇ ਸਖਤ ਮਿਹਨਤ ਕਰਦਿਆਂ ਗਰੋਸਰੀ ਸਟੋਰ, ਇੰਡੀਅਨ ਰੈਸਟੋਰੈਂਟ ਅਤੇ ਏਅਰ ਟਿਕਟਿੰਗ ਦੇ ਕਾਰੋਬਾਰ ਚਲਾਏ ਅਤੇ ਸਮਾਜ ਦੇ ਹਰ ਸਮੇਂ ਕੰਮ ਆਉਣ ਲਈ ਤਤਪਰ ਰਹੇ। ਉਨਾਂ ਵੱਲੋਂ ਪਿੰਡ ਪੱਧਰ ਤੋਂ ਇਲਾਵਾ ਇਲਾਕੇ ਵਿੱਚ ਕਈ ਸਮਾਜ ਸੁਧਾਰਕ ਕੰਮ ਕੀਤੇ ਗਏ ਅਤੇ ਹਰ ਲੋੜਵੰਦ ਦੀ ਮਦਦ ਲਈ ਉਹ ਹਮੇਸ਼ਾ ਸਭ ਤੋਂ ਮੂਹਰੇ ਹੋ ਕੇ ਅੱਗੇ ਆ ਖਲੋਂਦੇ। ਸ਼੍ਰੀ ਜੈ ਰਾਮ ਜੀ ਦੇ ਤੁਰ ਜਾਣ ਦਾ ਦੁੱਖ ਅਸਿਹ ਅਤੇ ਅਕਹਿ ਹੈ। ਉਹਨਾਂ ਨੇ ਆਪਣੇ ਪਰਿਵਾਰ ਨੂੰ ਵੀ ਸਮਾਜ ਦੀ ਸੇਵਾ ਕਰਨ ਦੀ ਗੁੜ੍ਹਤੀ ਦਿੱਤੀ ਜਿਸ ਤੇ ਚੱਲਦਿਆਂ ਉਹਨਾਂ ਦੇ ਪੁੱਤਰ ਅਜੇ ਕੁਮਾਰ ਗਾਟ ਅਤੇ ਹਰਜੀਤ ਗਾਟ (ਹੈਪੀ) ਸਮਾਜ ਦੀ ਸੇਵਾ ਤੇ ਹਰ ਸਮੇਂ ਪਹਿਰਾ ਦਿੰਦੇ ਹਨ। ਕਰੋਨਾ ਸਮੇਂ ਵੀ ਉਨਾਂ ਦੇ ਪਰਿਵਾਰ ਨੇ ਵੱਡੇ ਪੱਧਰ ਤੇ ਮਨੁੱਖਤਾ ਦੀ ਸੇਵਾ ਕੀਤੀ।



**ਅਦਾਰਾ 'ਦੇਸ਼ ਦੁਆਬਾ' ਗਾਟ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿਚ ਦਿਲੀ ਦੁੱਖ ਪ੍ਰਗਟ ਕਰਦਾ ਹੈ ਅਤੇ ਸਮੂਹ ਗਾਟ ਪਰਿਵਾਰ ਨਾਲ ਖੜ੍ਹਾ ਹੈ ਅਤੇ ਅਰਦਾਸ ਕਰਦਾ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ ਅਤੇ ਮਗਰ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।**



# ਵੈਤਾਂਗੀ ਦੀ ਸੰਧੀ ਜੋ 06 ਫਰਵਰੀ 1840 ਨੂੰ ਬਣ ਗਏ ਸੀ ਨਿਊਜ਼ੀਲੈਂਡ ਦੇ ਸੰਸਥਾਪਕ ਦਸਤਾਵੇਜ਼

## ਜਾਰਜ ਈਡਨ, ਆਕਲੈਂਡ ਦੇ ਪਹਿਲੇ ਅਰਲ (ਬ੍ਰਿਟਿਸ਼ ਦੇ ਅਧਿਕਾਰੀ) 1836 ਤੋਂ 1842 ਤੱਕ ਭਾਰਤ ਦੇ ਗਵਰਨਰ ਰਹੇ

6 ਫਰਵਰੀ ਨੂੰ ਨਿਊਜ਼ੀਲੈਂਡ ਦੀ ਸਰਕਾਰੀ ਛੁੱਟੀ ਹੁੰਦੀ ਹੈ। ਇਸ ਦਿਨ ਨੂੰ ਵੈਤਾਂਗੀ ਦਿਵਸ (ਵੈਤਾਂਗੀ ਦੀ ਸੰਧੀ) ਦੇ ਦਿਨ ਵਜੋਂ ਯਾਦ ਕੀਤਾ ਜਾਂਦਾ ਹੈ। ਬ੍ਰਿਟਿਸ਼ ਰਾਜਾਸ਼ਾਹੀ ਦੇ ਪ੍ਰਤੀਨਿਧੀਆਂ ਅਤੇ ਨਿਊਜ਼ੀਲੈਂਡ ਦੇ ਲਗਪਗ 500 ਤੋਂ ਵੱਧ ਮਾ ਰੀ ਕਬੀਲੇ ਦੇ ਮੁਖੀਆਂ ਨੇ ਇਸ ਨਿਊਜ਼ੀਲੈਂਡ ਦੇ ਸਥਾਪਨਾ ਦਸਤਾਵੇਜ਼ ਉਤੇ ਦਸਤਖਤ ਕੀਤੇ ਸਨ। ਇਹ ਸੰਧੀ 06 ਫਰਵਰੀ 1840 ਨੂੰ ਦਿਨ ਵੀਰਵਾਰ ਨੂੰ ਹੋਈ ਸੀ। ਵੈਤਾਂਗੀ ਸੰਧੀ ਬ੍ਰਿਟਿਸ਼ ਪ੍ਰਭੂਸੱਤਾ ਪ੍ਰਤੀ ਤਾਜ ਅਤੇ ਆਦਿਵਾਸੀ ਮਾ ਰੀ ਮੁਖੀਆਂ ਦੇ ਪ੍ਰਤੀਨਿਧੀਆਂ ਦੁਆਰਾ ਇੱਕ ਸਮਝੌਤਾ ਸੀ, ਅਤੇ ਇਸ ਲਈ ਬਹੁਤ ਸਾਰੇ ਲੋਕਾਂ ਦੁਆਰਾ ਇਸਨੂੰ ਰਾਸ਼ਟਰ ਦੇ ਸੰਸਥਾਪਕ ਦਸਤਾਵੇਜ਼ ਵਜੋਂ ਮੰਨਿਆ ਜਾਂਦਾ ਹੈ। ਇਸ ਸੰਧੀ ਦੇ ਦੋ ਸੰਸਕਰਣ ਹਨ - ਇੱਕ ਅੰਗਰੇਜ਼ੀ ਸੰਸਕਰਣ ਅਤੇ ਇੱਕ ਮਾ ਰੀ ਭਾਸ਼ਾ ਸੰਸਕਰਣ ਜਿਸਦਾ ਅਨੁਵਾਦ ਹੈਨਰੀ ਅਤੇ ਐਡਵਰਡ ਵਿਲੀਅਮਜ਼ ਦੁਆਰਾ ਕੀਤਾ ਗਿਆ ਹੈ। ਜ਼ਿਆਦਾਤਰ ਲੋਕਾਂ ਨੇ ਮਾਓਰੀ ਸਸਕਰਣ 'ਤੇ ਦਸਤਖਤ ਕੀਤੇ, ਸਿਰਫ 39 ਲੋਕਾਂ ਨੇ ਅੰਗਰੇਜ਼ੀ 'ਤੇ ਦਸਤਖਤ ਕੀਤੇ।



ਦੋਵਾਂ ਲਿਖਤਾਂ ਵਿਚਕਾਰ ਅਰਥ ਦੇ ਕਈ ਬੁਨਿਆਦੀ ਅੰਤਰ ਹਨ, ਖਾਸ ਤੌਰ 'ਤੇ ਸ਼ਬਦਾਂ ਦੀ ਸਮਝ ਅਤੇ ਅਨੁਵਾਦ ਸੰਬੰਧੀ।

ਵੈਤਾਂਗੀ ਦਿਵਸ ਪਹਿਲੀ ਵਾਰ 1934 ਵਿੱਚ ਮਨਾਇਆ ਗਿਆ ਸੀ, ਅਤੇ ਇਸਨੂੰ 1974 ਵਿੱਚ ਇੱਕ ਰਾਸ਼ਟਰੀ ਜਨਤਕ ਛੁੱਟੀ ਬਣਾਇਆ ਗਿਆ ਸੀ । ਇਹ ਵਰ੍ਹੇਗੰਢ ਹਰ ਸਾਲ 6 ਫਰਵਰੀ ਨੂੰ ਮਨਾਈ ਜਾਂਦੀ ਹੈ, ਅਤੇ ਇਸ ਦਿਨ ਇੱਕ ਜਨਤਕ ਛੁੱਟੀ ਮਨਾਈ ਜਾਂਦੀ ਹੈ, ਜਾਂ ਜੇਕਰ ਇਹ ਤਾਰੀਖ ਸ਼ਨੀਵਾਰ ਜਾਂ ਐਤਵਾਰ ਨੂੰ ਆਉਂਦੀ ਹੈ ਤਾਂ ਅਗਲੇ ਸੋਮਵਾਰ ਨੂੰ ਮਨਾਇਆ ਜਾਂਦਾ ਹੈ। ਵੈਤਾਂਗੀ ਸਕਾਈ ਸਿਟੀ ਔਕਲੈਂਡ ਤੋਂ ਲਗਪਗ 230 ਕਿਲੋਮੀਟਰ ਦੂਰ ਹੈ। ਜਿਸ ਸਮੇਂ ਇਹ ਸੰਧੀ ਹੋਈ ਉਸ ਸਮੇਂ ਇਸ ਦੇਸ਼ ਵਿਚ ਲਗਪਗ ਲੱਖ-ਦੋ ਲੱਖ ਮਾ ਰੀ ਸਨ।

ਵੈਤਾਂਗੀ ਦੀ ਸੰਧੀ ਜੇਮਜ਼ ਬਸਬੀ ਦੇ ਘਰ ਜਿਸਨੂੰ ਹੁਣ ਟ੍ਰੀਟੀ ਹਾਊਸ ਕਿਹਾ ਜਾਂਦਾ ਹੈ ਵਿਖੇ ਹੋਈ ਸੀ। ਇਸ ਸੰਧੀ 'ਤੇ ਬ੍ਰਿਟਿਸ਼ ਤਾਜ ਦੀ ਤਰਫੋਂ ਕੰਮ ਕਰਨ ਵਾਲੇ ਪ੍ਰਤੀਨਿਧੀਆਂ ਦੁਆਰਾ ਅਤੇ ਸ਼ੁਰੂ ਵਿੱਚ, ਲਗਭਗ 45 ਮਾਓਰੀ ਮੁਖੀਆਂ ਦੁਆਰਾ ਦਸਤਖਤ ਕੀਤੇ ਗਏ ਸਨ। ਅਗਲੇ ਸੱਤ ਮਹੀਨਿਆਂ ਦੌਰਾਨ, ਬ੍ਰਿਟਿਸ਼ ਦੁਆਰਾ ਨਿਊਜ਼ੀਲੈਂਡ ਟਾਪੂ ਦੇ ਆਲੇ-ਦੁਆਲੇ ਸੰਧੀ ਦੀਆਂ ਕਾਪੀਆਂ ਦਾ ਦੌਰਾ ਕੀਤਾ ਗਿਆ ਸੀ ਅਤੇ ਅੰਤ ਵਿੱਚ ਲਗਭਗ 540 ਮਾ ਰੀ ਮੁਖੀਆਂ ਨੇ ਦਸਤਖਤ ਕੀਤੇ ਸਨ। ਇਸ ਦਸਤਖਤ ਦਾ ਨਿਊਜ਼ੀਲੈਂਡ ਦੇ ਟਾਪੂਆਂ ਉੱਤੇ ਬ੍ਰਿਟਿਸ਼ ਪ੍ਰਭੂਸੱਤਾ ਨੂੰ ਸੁਰੱਖਿਅਤ ਕਰਨ ਦਾ ਪ੍ਰਭਾਵ ਸੀ, ਜਿਸਦਾ ਅਧਿਕਾਰਤ ਤੌਰ 'ਤੇ ਨਿਊਜ਼ੀਲੈਂਡ ਦੇ ਲੈਫਟੀਨੈਂਟ-ਗਵਰਨਰ, ਵਿਲੀਅਮ ਹੌਬਸਨ ਦੁਆਰਾ 21 ਮਈ 1840 ਨੂੰ ਐਲਾਨ ਕੀਤਾ ਗਿਆ ਸੀ।

1934 ਤੋਂ ਪਹਿਲਾਂ, ਨਿਊਜ਼ੀਲੈਂਡ ਦੀ ਬਸਤੀ ਵਜੋਂ ਸਥਾਪਨਾ ਦੇ ਜ਼ਿਆਦਾਤਰ ਜਸ਼ਨ 29 ਜਨਵਰੀ ਨੂੰ ਮਨਾਏ ਜਾਂਦੇ ਸਨ, ਜਿਸ ਦਿਨ ਵਿਲੀਅਮ ਹੌਬਸਨ ਆਪਣੀ ਨਿਯੁਕਤੀ ਦਾ ਐਲਾਨ ਜਾਰੀ ਕਰਨ ਲਈ ਬੇਅ ਆਫ਼ ਆਈਲੈਂਡਜ਼ ਪਹੁੰਚੇ ਸਨ, ਜਿਸ ਨੂੰ ਇੰਗਲੈਂਡ ਵਿੱਚ ਬਸਤੀਵਾਦੀ ਦਫ਼ਤਰ ਦੇ ਅਧਿਕਾਰੀਆਂ ਦੁਆਰਾ ਤਿਆਰ ਕੀਤਾ ਗਿਆ ਸੀ। ਹੌਬਸਨ ਕੋਲ ਕੋਈ ਖਰੜਾ ਸੰਧੀ ਨਹੀਂ ਸੀ।

1932 ਵਿੱਚ, ਗਵਰਨਰ-ਜਨਰਲ ਲਾਰਡ ਬਲੇ-ਡਿਸਲੋ ਅਤੇ ਉਨ੍ਹਾਂ ਦੀ ਪਤਨੀ ਨੇ ਜੇਮਜ਼ ਬਸਬੀ ਦਾ ਟੁੱਟਾ-ਭੱਜਾ ਘਰ ਖਰੀਦਿਆ ਅਤੇ ਰਾਸ਼ਟਰ ਨੂੰ ਭੇਟ ਕੀਤਾ, ਜਿੱਥੇ ਸੰਧੀ 'ਤੇ ਪਹਿਲਾਂ ਦਸਤਖਤ ਕੀਤੇ ਗਏ ਸਨ। ਉਨ੍ਹਾਂ ਨੇ ਬਾਅਦ ਵਿੱਚ ਇਮਾਰਤ ਨੂੰ ਬਹਾਲ ਕਰਨ ਲਈ 500 ਦਾਨ ਕੀਤੇ । ਸੰਧੀ ਘਰ ਇਸਦੇ ਵਿਹੜੇ ਨੂੰ ਇੱਕ ਜਨਤਕ ਰਿਜ਼ਰਵ ਬਣਾਇਆ ਗਿਆ ਸੀ, ਜਿਸਨੂੰ 6 ਫਰਵਰੀ 1934 ਨੂੰ ਸਮਰਪਿਤ ਕੀਤਾ ਗਿਆ ਸੀ। ਇਸ ਘਟਨਾ ਨੂੰ ਪਹਿਲਾ ਵੈਟਾਂਗੀ ਦਿਵਸ ਮੰਨਿਆ ਜਾਂਦਾ ਹੈ। 1940 ਵਿੱਚ, ਸੰਧੀ 'ਤੇ ਦਸਤਖਤ ਕਰਨ ਦੀ 100ਵੀਂ ਵਰ੍ਹੇਗੰਢ ਦੀ ਯਾਦ ਵਿੱਚ ਇੱਕ ਹੋਰ ਸਮਾਗਮ ਇਸ ਮੈਦਾਨ ਵਿੱਚ ਆਯੋਜਿਤ ਕੀਤਾ ਗਿਆ ਸੀ। ਇਹ ਸਮਾਗਮ ਸਫਲ ਰਿਹਾ ਅਤੇ ਇਸ ਨੇ ਸੰਧੀ ਦੀ ਪ੍ਰੋਫਾਈਲ ਅਤੇ ਰਾਸ਼ਟਰੀ ਚੇਤਨਾ ਵਿੱਚ ਇਸਦੇ ਮਨਾਉਣ ਦੇ ਦਿਨ ਨੂੰ ਉੱਚਾ ਚੁੱਕਣ ਵਿੱਚ ਮਦਦ ਕੀਤੀ।





ਲੇਬਰ ਪਾਰਟੀ ਨੇ ਆਪਣੇ 1957 ਦੇ ਚੋਣ ਮੈਨੀਫੈਸਟੋ ਵਿੱਚ ਕਿਹਾ ਸੀ ਕਿ ਉਹ ਵੈਤਾਂਗੀ ਦਿਵਸ ਨੂੰ ਇੱਕ ਜਨਤਕ ਛੁੱਟੀ ਬਣਾਏਗੀ। ਉਸ ਸਾਲ ਦੀ ਚੋਣ ਜਿੱਤਣ ਤੋਂ ਬਾਅਦ, ਪਾਰਟੀ ਨੇ ਕਿਹਾ ਕਿ ਦੇਸ਼ ਇੱਕ ਹੋਰ ਜਨਤਕ ਛੁੱਟੀ ਬਰਦਾਸ਼ਤ ਨਹੀਂ ਕਰ ਸਕਦਾ। 1960 ਦੇ ਵੈਤਾਂਗੀ ਦਿਵਸ ਐਕਟ ਨੇ ਇਲਾਕਿਆਂ ਨੂੰ ਛੁੱਟੀ ਨੂੰ ਆਪਣੀ ਮੌਜੂਦਾ ਖੇਤਰੀ ਜਨਤਕ ਛੁੱਟੀ ਤੋਂ ਵੈਤਾਂਗੀ ਦਿਵਸ ਵਿੱਚ ਤਬਦੀਲ ਕਰਨ ਦੀ ਆਗਿਆ ਦਿੱਤੀ। 1963 ਵਿੱਚ, ਸਰਕਾਰ ਬਦਲਣ ਤੋਂ ਬਾਅਦ, ਵੈਤਾਂਗੀ ਦਿਵਸ ਸੋਧ ਐਕਟ ਦੇ ਪਾਸ ਹੋਣ ਨਾਲ ਆਕਲੈਂਡ ਵਰ੍ਹੇਗੰਢ ਦਿਵਸ (29 ਜਨਵਰੀ ਦੇ ਸਭ ਤੋਂ ਨੇੜੇ ਸੋਮਵਾਰ) 'ਤੇ ਨੌਰਥਲੈਂਡ ਵਿੱਚ ਮਨਾਈ ਜਾਣ ਵਾਲੀ ਛੁੱਟੀ 6 ਫਰਵਰੀ ਨੂੰ ਵੈਤਾਂਗੀ ਦਿਵਸ ਵਿੱਚ ਤਬਦੀਲ ਹੋ ਗਈ। ਇਸ ਨਾਲ ਵੈਤਾਂਗੀ ਦਿਵਸ ਸਿਰਫ਼ ਨੌਰਥਲੈਂਡ ਵਿੱਚ ਹੀ ਛੁੱਟੀ ਬਣ ਗਿਆ। 1974 ਵਿੱਚ ਪਹਿਲੀ ਵਾਰ ਨਾਮ ਬਦਲਣ ਤੋਂ ਬਾਅਦ ਵੈਤਾਂਗੀ ਦਿਵਸ ਇੱਕ ਦੇਸ਼ ਵਿਆਪੀ ਜਨਤਕ ਛੁੱਟੀ ਬਣ ਗਿਆ।

**ਔਕਲੈਂਡ ਦੇ ਨਾਂਅ ਪਿੱਛੇ ਦੀ ਕਹਾਣੀ:**



ਜ ਾ ਰ ਜ ਈਡਨ, ਆਕਲੈਂਡ ਦੇ ਪਹਿਲੇ ਅਰਲ (ਬ੍ਰਿਟਿਸ਼ ਦੇ ਅਧਿਕਾਰੀ) ਦਾ ਜਨਮ 25 ਅਗਸਤ 1784 ਨੂੰ ਇੰਗਲੈਂਡ ਦੇ ਕੈਂਟ ਦੇ ਬੇਕਨਹੈਮ ਵਿੱਚ ਹੋਇਆ ਸੀ। ਉਹ 1836 ਤੋਂ 1842 ਤੱਕ ਭਾਰਤ ਦੇ ਗਵਰਨਰ-ਜਨਰਲ ਵਜੋਂ ਸੇਵਾ ਨਿਭਾਈ। ਉਹ ਕਲਕੱਤਾ ਵਿਖੇ ਪਹਿਲਾਂ ਪਹੁੰਚੇ ਸਨ। ਔਕਲੈਂਡ ਦਾ ਨਾਂਅ ਇਸ ਸਖਸ਼ੀਅਤ ਦੀ ਦੇਣ ਹੈ।

ਉਸਦਾ ਨਿੱਜੀ ਸਕੱਤਰ ਜੌਨ ਰਸਲ ਕੋਲਵਿਨ ਸੀ, ਜੋ ਉੱਤਰ-ਪੱਛਮੀ ਪ੍ਰਾਂਤਾਂ ਦਾ ਲੈਫਟੀਨੈਂਟ-ਗਵਰਨਰ ਬਣਿਆ, ਅਤੇ ਉਸਨੇ ਆਪਣੇ ਪੁੱਤਰ ਦਾ ਨਾਮ ਆਕਲੈਂਡ ਕੋਲਵਿਨ ਰੱਖਿਆ। ਇੱਕ ਵਿਧਾਇਕ ਹੋਣ ਦੇ ਨਾਤੇ, ਉਸਨੇ ਆਪਣੇ ਆਪ ਨੂੰ ਖਾਸ ਤੌਰ 'ਤੇ ਜੱਦੀ ਸਕੂਲਾਂ ਦੇ ਸੁਧਾਰ ਅਤੇ ਭਾਰਤ ਦੇ ਵਪਾਰਕ ਉਦਯੋਗ ਦੇ ਵਿਸਥਾਰ ਲਈ ਸਮਰਪਿਤ ਕਰ ਦਿੱਤਾ। ਪਰ 1838 ਵਿੱਚ ਅਫਗਾਨਿਸਤਾਨ ਵਿੱਚ ਆਈਆਂ ਪੇਚੀਦਗੀਆਂ ਨੇ ਇਸ ਕੰਮ ਵਿੱਚ ਵਿਘਨ ਪਾਇਆ। ਲਾਰਡ ਆਕਲੈਂਡ ਨੇ ਯੁੱਧ ਦਾ ਫੈਸਲਾ ਕੀਤਾ ਅਤੇ 1 ਅਕਤੂਬਰ 1838 ਨੂੰ ਸ਼ਿਮਲਾ ਵਿਖੇ ਸ਼ਿਮਲਾ ਮੈਨੀਫੈਸਟੋ ਪ੍ਰਕਾਸ਼ਤ ਕੀਤਾ, ਜਿਸ ਵਿੱਚ ਦੋਸਤ ਮੁਹੰਮਦ ਖਾਨ ਨੂੰ ਗੱਦੀ ਤੋਂ ਉਤਾਰ ਦਿੱਤਾ ਗਿਆ। ਸ਼ੁਰੂਆਤੀ ਸਫਲ ਮੁਹਿੰਮਾਂ ਤੋਂ ਬਾਅਦ ਉਸਨੂੰ ਸਰੀ ਕਾਉਂਟੀ ਦੇ ਨੌਰਵੁੱਡ ਦੇ ਬੈਰਨ ਈਡਨ ਅਤੇ ਆਕਲੈਂਡ ਦਾ ਅਰਲ ਬਣਾਇਆ ਗਿਆ। ਹਾਲਾਂਕਿ, ਅਫਗਾਨ ਮੁਹਿੰਮ ਅੰਤ ਵਿੱਚ ਤਬਾਹੀ ਵਿੱਚ ਖਤਮ ਹੋਈ। ਉਸਨੇ ਗਵਰਨਰ-ਜਨਰਲ ਦਾ ਅਹੁਦਾ ਲਾਰਡ ਐਲਨਬਰੋ ਨੂੰ ਸੌਂਪ ਦਿੱਤਾ ਅਤੇ ਅਗਲੇ ਸਾਲ ਇੰਗਲੈਂਡ ਵਾਪਸ ਆ ਗਿਆ। ਲਾਰਡ ਔਕਲੈਂਡ ਨੇ ਜੂਨ 1838 ਦੇ ਵਿਚ ਮਹਾਰਾਜਾ ਰਣਜੀਤ ਸਿੰਘ ਸਾਮਰਾਜ ਅਤੇ ਸ਼ਾਹ ਸ਼ੁਜਾ ਸਾਮਰਾਜ ਅਫਗਾਨਿਸਤਾਨ ਨਾਲ ਵੀ ਤ੍ਰਿਪਾਠੀ ਸੰਧੀ ਕੀਤੀ।ਆਪਣੇ ਯਤਨਾਂ ਦਾ ਵਿਸਥਾਰ ਕੀਤਾ।

**ਕੈਪਟਨ ਵਿਲੀਅਮ ਹੋਬਸਨ**

ਕੈਪਟਨ ਵਿਲੀਅਮ ਹੋਬਸਨ ਦਾ ਜਨਮ 26 ਸਤੰਬਰ 1792 ਨੂੰ ਆਇਰਲੈਂਡ ਦੇ ਵਾਟਰਫੋਡ ਵਿੱਚ ਹੋਇਆ ਸੀ। ਉਹ ਬ੍ਰਿਟਿਸ਼ ਰਾਇਲ ਨੇਵੀ ਵਿੱਚ ਸ਼ਾਮਲ ਹੋਏ।

1837 ਵਿੱਚ ਹੋਬਸਨ ਨੂੰ ਯੂਰਪੀ ਬਸਤੀਕਾਰਾਂ ਨਾਲ ਸੰਪਰਕ ਕਰਨ ਲਈ ਆਸਟਰੇਲੀਆ ਭੇਜਿਆ ਗਿਆ। ਫਿਰ ਉਹ 26 ਮਈ 1837 ਨੂੰ ਨਿਊਜ਼ੀਲੈਂਡ ਲਈ ਚੱਲੇ ਅਤੇ 1840 ਵਿੱਚ ਟ੍ਰੀਟੀ ਆਫ ਵੈਤਾਂਗੀ ਸੰਧੀ ਲਿਖਣ ਦੇ ਵਿਚ ਸਾਥੀ ਬਣੇ।

ਉਹ ਨਿਊਜ਼ੀਲੈਂਡ ਦੇ ਪਹਿਲੇ ਗਵਰਨਰ ਬਣੇ ਅਤੇ ਉਸਨੇ ਔਕਲੈਂਡ ਸ਼ਹਿਰ ਦੀ ਸਥਾਪਨਾ ਕੀਤੀ। 10 ਸਤੰਬਰ 1842 ਨੂੰ ਕੈਪਟਨ ਹੋਬਸਨ ਦੀ ਮੌਤ ਹੋ ਗਈ, ਪਰ ਉਹ ਇਤਿਹਾਸ ਵਿੱਚ ਆਪਣੀ ਯਾਦਗਾਰੀ ਨਿਸ਼ਾਨੀ ਦੇ ਤੌਰ ਤੇ ਜਾਣੇ ਜਾਂਦੇ ਹਨ। ਹੋਬਸਨ ਸਟ੍ਰੀਟ ਔਕਲੈਂਡ ਦੇ ਵਿੱਚ ਸਥਿਤ ਹੈ। ਉਸਨੂੰ 2000 ਪੌਂਡ ਪ੍ਰਤੀ ਸਾਲ ਦੀ ਤਨਖਾਹ 'ਤੇ ਬੰਬੇ ਮਰੀਨ ਦੇ ਸੁਪਰਡੈਂਟ ਦੇ ਅਹੁਦੇ ਦੀ ਪੇਸ਼ਕਸ਼ ਕੀਤੀ ਗਈ ਸੀ, ਪਰ ਉਸਨੂੰ ਆਸਟਰੇਲੀਆ ਪਸੰਦ ਆ ਗਿਆ ਸੀ ਅਤੇ ਉਹ ਪੋਰਟ ਫਿਲਿਪ ਦੇ ਗਵਰਨਰਸ਼ਿਪ ਲਈ ਉਮੀਦਵਾਰ ਸੀ।

**ਜੇਮਜ਼ ਬਸਬੀ**

ਜੇਮਜ਼ ਬਸਬੀ ਦਾ ਜਨਮ 7 ਫਰਵਰੀ 1802 ਨੂੰ ਐਡਿਨਬਰਗ, ਸਕਾਟਲੈਂਡ ਵਿੱਚ ਹੋਇਆ ਸੀ। ਉਹ ਇੱਕ ਅੰਗੂਰਾਂ ਦਾ ਕਾਸ਼ਤਕਾਰ ਸੀ ਅਤੇ 1833 ਤੋਂ 1840 ਤੱਕ ਨਿਊਜ਼ੀਲੈਂਡ ਵਿੱਚ ਬ੍ਰਿਟਿਸ਼ ਰੈਜ਼ੀਡੈਂਟ ਵਜੋਂ ਸੇਵਾ ਨਿਭਾਈ। ਉਸਨੇ ਨਿਊਜ਼ੀਲੈਂਡ ਦੀ ਆਜ਼ਾਦੀ ਦਾ ਐਲਾਨ ਵੈਤਾਂਗੀ ਸੰਧੀ ਲਿਖਣ ਦੇ ਵਿਚ ਵੱਡੀ ਮਦਦ ਕੀਤੀ। ਇਸ ਨੂੰ ਨਿਊਜ਼ੀਲੈਂਡ ਦਾ ਪਹਿਲਾ ਨਿਆਂ ਅਧਿਕਾਰੀ ਵੀ ਮੰਨਿਆ ਜਾਂਦਾ ਹੈ। ਬਸਬੀ ਨੇ ਨਿਊਜ਼ੀਲੈਂਡ ਵਿੱਚ ਬ੍ਰਿਟਿਸ਼ ਵਸਨੀਕਾਂ ਅਤੇ ਮਾਓਰੀ ਵਿਚਕਾਰ ਇੱਕ ਨਿਆਂਇਕ ਅਤੇ ਸੰਧੀ ਸਬੰਧ ਬਣਾਉਣ ਲਈ ਕੰਮ ਕੀਤਾ। ਉਸਨੇ 1835 ਵਿੱਚ ਨਿਊਜ਼ੀਲੈਂਡ ਦੀ ਆਜ਼ਾਦੀ ਦੀ ਘੋਸ਼ਣਾ ਅਤੇ 1840 ਵਿੱਚ ਵੈਤਾਂਗੀ ਸੰਧੀ ਦਾ ਖਰੜਾ ਤਿਆਰ ਕੀਤਾ। ਵੈਤਾਂਗੀ ਦੀ ਸੰਧੀ ਬਸਤੇਰੀ ਦੇ ਘਰ, ਵੈਤਾਂਗੀ ਵਿਖੇ ਲਿਖੀ ਗਈ ਸੀ। ਉਸਨੇ ਬ੍ਰਿਟਿਸ਼ ਵਸਨੀਕਾਂ ਦੀ ਰੱਖਿਆ ਲਈ ਕੰਮ ਕੀਤਾ, ਅਤੇ ਮਾਓਰੀ ਅਤੇ ਯੂਰਪੀਅਨ ਵਸਨੀਕਾਂ ਵਿਚਕਾਰ ਸੰਧੀਆਂ ਬਣਾਈਆਂ। ਉਸਨੇ ਨਿਊਜ਼ੀਲੈਂਡ ਲਈ ਇੱਕ ਰਾਸ਼ਟਰੀ ਝੰਡਾ ਪੇਸ਼ ਕੀਤਾ ਅਤੇ ਇਸ ਝੰਡੇ ਨੂੰ ਨਿਊਜ਼ੀਲੈਂਡ ਲਈ ਪ੍ਰਵਾਨਗੀ ਦਿੱਤੀ ਗਈ। ਬਸਬੀ ਨੇ ਆਪਣੇ ਜੀਵਨ ਦੇ ਅੰਤ ਤੱਕ ਇੱਕ ਵਿਸ਼ੇਸ਼ ਯੋਗਦਾਨ ਪਾਇਆ, ਜਿਸ ਕਾਰਨ ਉਸਨੂੰ ਨਿਊਜ਼ੀਲੈਂਡ ਦੇ ਪਹਿਲੇ ਵਾਈਨਮੇਕਰ ਵਜੋਂ ਜਾਣਿਆ ਜਾਂਦਾ ਹੈ। ਉਸਨੇ ਯੂਰਪ ਤੋਂ ਸ਼ੁੱਧ ਵਾਈਨ ਅੰਗੂਰ ਦੀਆਂ ਕਿਸਮਾਂ ਪੇਸ਼ ਕੀਤੀਆਂ ਅਤੇ ਨਿਊਜ਼ੀਲੈਂਡ ਵਿੱਚ ਵਾਈਨ ਉਦਯੋਗ ਦੀ ਸਥਾਪਨਾ ਕੀਤੀ।

**- ਹਰਜਿੰਦਰ ਸਿੰਘ ਬਸਿਆਲਾ**

# ਸ. ਜਗਦੇਵ ਸਿੰਘ ਸੰਧੂ ਅੱਜ ਪਾਸਿੰਗ ਪ੍ਰੇਡ ਬਾਅਦ ਬਣਿਆ ਪੁਲਿਸ ਅਫ਼ਸਰ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**- ਵਲਿੰਗਟਨ ਸਥਿਤ ਨਿਊਜ਼ੀਲੈਂਡ ਪੁਲਿਸ ਦੇ ਟ੍ਰੇਨਿੰਗ ਸੈਂਟਰ ਵਿਖੇ ਟ੍ਰੇਨਿੰਗ ਪ੍ਰਾਪਤ ਕਰਕੇ ਅੱਜ ਨਿਊਜ਼ੀਲੈਂਡ ਪੁਲਿਸ ਦੇ ਵਿਚ ਇਕ ਹੋਰ ਸਿੱਖ ਪੁਲਿਸ ਅਫਸਰ ਸ. ਜਗਦੇਵ ਸਿੰਘ ਦਾ ਨਾਂਅ ਸ਼ਾਮਿਲ ਹੋ ਗਿਆ। ਇਹ ਨੌਜਵਾਨ ਆਪਣਾ ਦਾਹੜਾ ਪ੍ਰਕਾਸ਼ ਕਰਕੇ ਰੱਖਦਾ ਹੈ। ਭਰਤੀ ਵਿੰਗ ਨੰਬਰ 381 ਦੀ ਅੱਜ ਪਾਸਿੰਗ ਪ੍ਰੇਡ ਹੋਈ ਜਿਸ ਦੇ ਵਿਚ ਪੁਲਿਸ ਦੇ ਆਹਲਾ ਪੁਲਿਸ ਅਫਸਰਾਂ ਨੇ ਸ਼ਿਰਕਤ ਕੀਤੀ। ਇਸ ਵਿੰਗ ਦੇ ਵਿਚ ਸ। ਜਗਦੇਵ ਸਿੰਘ ਸੰਧੂ ਤੋਂ ਇਲਾਵਾ ਇਕ ਹੋਰ ਭਾਰਤੀ ਨੌਜਵਾਨ ਜੈਕਬ ਬ੍ਰਾਊਨ ਚੱਕਰਮੱਕਿਲ ਹੈ। ਸ। ਜਗਦੇਵ ਸਿੰਘ ਦੀ ਪੋਸਟਿੰਗ ਕਾਊਂਟੀਜ਼ ਮੈਨੁਕਾਓ ਵਿਖੇ ਹੋ ਰਹੀ ਹੈ ਜਦ ਕਿ ਸ੍ਰੀ ਜੈਕਬ ਦੀ ਪੋਸਟਿੰਗ ਜੋ ਕਿ ਮੁੰਬਈ ਤੋਂ ਹਨ ਦੀ ਪੋਸਟਿੰਗ ਤਾਸਮਨ ਜ਼ਿਲ੍ਹੇ ਦੇ ਵਿਚ ਹੋ ਰਹੀ ਹੈ। ਅੱਜ ਦੇ ਸਮਾਰੋਹ ਵਿਚ ਸਮਾਰੋਹ ਵਿੱਚ ਕਮਿਸ਼ਨਰ ਰਿਚਰਡ ਚੈਂਬਰਜ਼ ਅਤੇ ਪੁਲਿਸ ਕਾਰਜਕਾਰੀ ਦੇ ਮੈਂਬਰ, ਮਾਨਯੋਗ ਮਾਰਕ ਮਿਸ਼ੇਲ, ਪੁਲਿਸ ਮੰਤਰੀ, ਮਾਨਯੋਗ ਕੇਸੀ ਕੋਸਟੇਲੋ, ਐਸੋਸੀਏਟ ਮੰਤਰੀ ਫਾਰ ਪੁਲਿਸ ਦੇ ਨਾਲ-ਨਾਲ ਵਿੰਗ ਪੈਟਰਨ, ਗਲੇਨ ਡਨਬੀਅਰ ਸ਼ਾਮਲ ਹੋਏ। ਵਰਨਣਯੋਗ ਹੈ ਕਿ ਸ। ਜਗਦੀਪ ਸਿੰਘ ਸੰਧੂ ਪਿੰਡ ਭੰਬੋਈ ਜ਼ਿਲਾ ਗੁਰਦਾਸਪੁਰ ਹੈ। ਪਿਤਾ ਦਾ ਨਾਂਅ ਪਲਵਿੰਦਰ ਸਿੰਘ ਸੰਧੂ ਅਤੇ ਮਾਤਾ ਦਾ ਨਾਂਅ ਰਾਜਵੰਤ ਕੌਰ ਸੰਧੂ ਹੈ। ਸੋ ਭਾਰਤੀ ਵਾਸੀਆਂ ਨੂੰ ਖੁਸ਼ੀ ਹੋਏਗੀ ਕਿ ਨਿਊਜ਼ੀਲੈਂਡ ਪੁਲਿਸ ਦੇ ਵਿਚ ਦੋ ਹੋਰ ਭਾਰਤੀ ਪੁਲਿਸ ਅਫਸਰਾਂ ਦਾ ਵਾਧਾ ਹੋ ਗਿਆ ਹੈ।




# ਸੰਯੁਕਤ ਕਿਸਾਨ ਮੋਰਚੇ ਦੀਆਂ ਜਥੇਬੰਦੀਆਂ ਵਲੋਂ ਲੋਕ ਸਭਾ ਮੈਂਬਰ ਚੱਬੇਵਾਲ ਨੂੰ ਮੰਗ ਪੱਤਰ ਦਿੱਤਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**- ਸੰਯੁਕਤ ਕਿਸਾਨ ਮੋਰਚਾ ਇੰਡੀਆ ਵੱਲੋਂ ਦਿੱਤੇ ਗਏ ਪ੍ਰੋਗਰਾਮ ਅਨੁਸਾਰ ਅੱਜ ਜ਼ਿਲ੍ਹਾ ਹੁਸ਼ਿਆਰਪੁਰ ਦੇ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਦੀ ਅਗਵਾਈ ਵਿੱਚ ਕਿਰਤੀ ਕਿਸਾਨ ਯੂਨੀਅਨ ਦੇ ਜਗਤਾਰ ਸਿੰਘ ਭਿੰਡਰ, ਜਮਹੂਰੀ ਕਿਸਾਨ ਸਭਾ ਤੋਂ ਦਵਿੰਦਰ ਸਿੰਘ ਕੱਕੋਂ, ਕਿਸਾਨ ਕਮੇਟੀ ਦੋਆਬਾ ਤੋਂ ਹਰਬੰਸ ਸਿੰਘ ਸੰਘਾ, ਕੁਲ ਹਿੰਦ ਕਿਸਾਨ ਸਭਾ ਤੋਂ ਸੰਤੋਖ ਸਿੰਘ ਭੀਲੋਵਾਲ ਦੀ ਪ੍ਰਧਾਨਗੀ ਹੇਠ ਹਲਕਾ ਲੋਕ ਸਭਾ ਮੈਂਬਰ ਡਾਕਟਰ ਰਾਜ ਕੁਮਾਰ ਚੱਬੇਵਾਲ ਦੇ ਗ੍ਰਹਿ ਵਿਖੇ ਮੀਟਿੰਗ ਕੀਤੀ ਗਈ ਕਿਸਾਨਾਂ ਦੀਆਂ ਮੰਗਾਂ ਸੰਬੰਧੀ ਮੰਗ ਪੱਤਰ ਦਿੱਤਾ ਗਿਆ। ਜਿਸ ਵਿੱਚ ਮੰਗ ਕੀਤੀ ਗਈ ਕਿ ਵਿਰੋਧੀ ਧਿਰ ਵਿੱਚ ਰਹਿੰਦਿਆਂ ਕੇਂਦਰ ਸਰਕਾਰ ਵੱਲੋਂ ਜਾਰੀ ਕਿਸਾਨ ਵਿਰੋਧੀ ਕੌਮੀ ਨੀਤੀ ਫਰੇਮਵਰਕ ਆਨ ਐਗਰੀਕਲਚਰ ਮਾਰਕੀਟਿੰਗ ਨੂੰ ਰੱਦ ਕਰਨ ਸਮੇਤ ਕਿਸਾਨਾਂ ਦੀਆਂ ਹੱਕੀ ਮੰਗਾਂ ਦਾ ਸਮਰਥਨ ਕੀਤਾ ਜਾਵੇ। ਇਸ ਸਬੰਧੀ ਮਾਨਯੋਗ ਪ੍ਰਧਾਨ ਮੰਤਰੀ ਨੂੰ ਐਸ।ਕੇ।ਐਮ। ਉਨ੍ਹਾਂ ਨੂੰ ਦਿੱਲੀ ਅੰਦੋਲਨ ਦੌਰਾਨ ਹੋਏ ਸਮਝੌਤੇ ਨੂੰ ਪੂਰਾ ਕਰਨ ਲਈ ਕਿਹਾ ਜਾਵੇ ਅਤੇ ਫਰਵਰੀ 2025 ਵਿੱਚ ਪੇਸ਼ ਕੀਤੇ ਬਜਟ ਵਿੱਚ ਕਿਸਾਨਾਂ-ਮਜ਼ਦੂਰਾਂ ਦੀਆਂ ਬੁਨਿਆਦੀ ਮੰਗਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤੇ ਜਾਣ ਦਾ ਮੁੱਦਾ ਮਾਨਯੋਗ ਪ੍ਰਧਾਨ ਮੰਤਰੀ ਦੇ ਸਾਹਮਣੇ ਉਠਾਇਆ ਜਾਵੇ। ਇਸ ਮੰਗ ਪੱਤਰ ਵਿੱਚ ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਜਿਵੇਂ ਕਿ ਐਮ।ਐਸ।ਪੀ ਕਾਨੂੰਨ, ਬਿਜਲੀ ਬਿੱਲ, ਕਿਸਾਨਾਂ ਵਿਰੁੱਧ ਦਰਜ ਕੇਸ ਰੱਦ ਕਰਨ ਅਤੇ ਹੋਰ ਕਿਸਾਨਾਂ ਦੀਆਂ ਕਈ ਮੰਗਾਂ ਦਾ ਹੱਲ ਕਰਨ ਦੀ ਵੀ ਮੰਗ ਕੀਤੀ ਗਈ। ਇਸ ਮੌਕੇ ਸੰਸਦ ਮੈਂਬਰ ਸ਼੍ਰੀ ਰਾਜ ਕੁਮਾਰ ਨੇ ਕਿਹਾ ਕਿ ਅਸੀਂ ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਦਾ ਸਮਰਥਨ ਕਰਦੇ ਹਾਂ ਅਤੇ ਇਸ ਲਈ ਸੰਸਦ ਵਿੱਚ ਵੀ ਆਵਾਜ਼ ਉਠਾਵਾਂਗੇ। ਇਸ ਸਮੇਂ ਕਿਸਾਨ ਦੋਆਬਾ ਤੋਂ ਸੁਖਦੇਵ ਸਿੰਘ, ਮਲਕੀਤ ਸਿੰਘ, ਸਤਨਾਮ ਸਿੰਘ, ਗੁਰਪ੍ਰੀਤ ਸਿੰਘ, ਜਮਹੂਰੀ ਕਿਸਾਨ ਸਭਾ ਤੋਂ ਸਤਨਾਮ ਸਿੰਘ, ਮਹਿੰਦਰ ਸਿੰਘ, ਤੀਰਥ ਸਿੰਘ ਸਤੌੜ, ਕੁਲ ਹਿੰਦ ਕਿਸਾਨ ਸਭਾ ਤੋਂ ਬਲਵਿੰਦਰ ਸਿੰਘ ਅਤੇ ਬਲਵਿੰਦਰ ਸਿੰਘ ਸੋਢੀ, ਸੁਖਦੇਵ ਸਿੰਘ ਕਾਹੜੀ, ਮੰਗਤ ਸਿੰਘ ਹੁਸ਼ਿਆਰਪੁਰ, ਸੋਢੀ ਹੁਸ਼ਿਆਰਪੁਰ ਅਤੇ ਜੋਗਾ ਸਿੰਘ ਸਹਿਰੀ ਹਾਜ਼ਰ ਸਨ।



# ਗੁਰੂ ਰਵਿਦਾਸ ਬਾਣੀ: ਮਨੁੱਖੀ ਹੋਂਦ ਦਾ ਸੰਕਲਪ



ਇਸ ਮਾਤ ਲੋਕ ਵਿਚ ਮਨੁੱਖ ਨੂੰ ਜਿਉਂ-ਜਿਉਂ ਹੋਸ਼ ਆਉਂਦੀ ਗਈ, ਇਸ ਦੇ ਗਿਆਨ ਦਾ ਘੇਰਾ, 'ਹੋਰ ਜਾਣਨ ਦੀ ਇੱਛਾ' ਦੀ ਉਤਸੁਕਤਾ ਜ਼ਰੀਏ ਮੋਕਲਾ ਹੁੰਦਾ ਗਿਆ। ਇਸਨੇ ਜੀਵਨ ਦੀ ਬਿਹਤਰੀ ਲਈ ਕੁਝ ਢੰਗ ਅਪਨਾਉਣੇ ਸ਼ੁਰੂ ਕਰ ਦਿੱਤੇ। ਅਣਦਿਸਦੇ ਨੂੰ ਦਿਸਦੇ ਵਿਚ, ਅਣਕਿਆਸੇ ਨੂੰ ਕਿਆਸਣ ਵਿਚ, ਅਣਹੋਂਦ ਨੂੰ ਹੋਂਦ ਵਿਚ ਸਮਝਣ ਲਈ ਕੁਝ ਧਰਵਾਸ, ਵਿਸ਼ਵਾਸ, ਵਹਿਮ-ਭਰਮ, ਕਰਮ-ਕਾਂਡ ਰਚਾਉਣੇ ਸ਼ੁਰੂ ਕੀਤੇ। ਜਿਹੜੇ ਸਮੇਂ ਦੇ ਪਰਿਵਰਤਨ ਨਾਲ ਫੋਕਟ, ਅੰਧ-ਵਿਸ਼ਵਾਸ, ਆਡੰਬਰ, ਕੱਟੜਤਾ ਅਤੇ ਨਿਰੇ ਪਾਖੰਡ ਆਦਿ ਵਿਚ ਪਰਿਵਰਤਿਤ ਹੋ ਗਏ। ਨਤੀਜੇ ਵਜੋਂ ਮਨੁੱਖੀ ਵਜੂਦ ਦੀ ਹੋਂਦ ਦੀ ਗੱਲ ਕੋਹਾਂ ਦੂਰ ਚਲੀ ਗਈ। ਮਕਸਦ ਸਿਰਫ਼ ਬਿਹਤਰੀਨ ਜੀਵਨ-ਜਾਚ ਸੀ ਪਰ ਜੀਵਨ ਅੰਧ-ਵਿਸ਼ਵਾਸ, ਵਹਿਮ-ਭਰਮ, ਫਿਰਕੂ ਕੱਟੜਤਾਵਾਂ, ਆਡੰਬਰ, ਕਰਮਕਾਂਡ ਅਤੇ ਧਾਰਮਿਕ ਪਾਖੰਡ ਦੇ ਬੋਲਬਾਲੇ ਦਾ ਸ਼ਿਕਾਰ ਹੋ ਕੇ ਰਹਿ ਗਿਆ। ਅੱਜ ਜਦੋਂ ਅਸੀਂ ਤਰੱਕੀ ਦੇ ਦੌਰ ਵਿਚੋਂ ਗੁਜ਼ਰ ਰਹੇ ਹਾਂ, ਮਨੁੱਖੀ ਨੇ ਆਪਣੀ-ਆਪਣੀ ਕੋਸ਼ਿਸ਼ ਤੇ ਪਹੁੰਚ ਜਰੀਏ ਜਨਮ ਸੁਆਰਨ ਦੇ ਪਹਿਲੂਆਂ ਨੂੰ ਅੰਜਾਮ ਦੇਣਾ ਤਾਂ ਸ਼ੁਰੂ ਕਰ ਦਿੱਤਾ ਪਰ ਮਾਨਵੀ-ਹੋਂਦ ਦਾ ਸੰਗਠਨ ਖੇਰੂ-ਖੇਰੂ ਹੋਇਆ ਮਿਲਦਾ ਹੈ। ਇਸ ਘੋਰ ਨਿਰਾਸ਼ਾਜਨਕ ਸਥਿਤੀ ਵਿਚ ਕਿਸੇ ਮਹਾਨ ਆਤਮਾ ਅਤੇ ਯੁੱਗ ਪੁਰਸ਼ ਨੇ ਅਗਿਆਨਤਾ ਰੂਪੀ ਸਾਗਰ ਦੇ ਥਪੇੜਿਆਂ ਵਿਚ ਡੱਕੇ-ਡੋਲੇ ਖਾ ਰਹੀ ਮਾਨਵਤਾ ਰੂਪੀ ਕਿਸ਼ਤੀ ਨੂੰ ਕਿਨਾਰੇ ਲਾਉਣ ਲਈ ਅਵਤਾਰ ਧਾਰਿਆ।

ਇਕੱਲੇ ਭਾਰਤ ਵਿਚ ਹੀ ਨਹੀਂ ਬਲਕਿ ਸਾਰੇ ਸੰਸਾਰ ਵਿਚ ਸਮੇਂ-ਸਮੇਂ ਅਵਤਾਰ ਧਾਰਨ ਵਾਲੇ ਮਹਾਨ ਪੁਰਸ਼ਾਂ ਦੇ ਉਪਦੇਸ਼ ਦਾ ਆਧਾਰ ਦਰਸ਼ਨ ਹੀ ਰਿਹਾ ਹੈ। ਇਸ ਲਈ ਮਨੁੱਖੀ ਵਜੂਦ ਦੀ ਹੋਂਦ ਨੂੰ ਵਰਤਮਾਨ ਯੁੱਗ ਦੀ ਅਸਤਿੱਤਵਵਾਦੀ ਵਿਚਾਰਧਾਰਾ ਦੇ ਵਿਕਸਤ ਰੂਪ ਦੇ ਸੰਦਰਭ ਵਿਚੋਂ ਦੇਖਣਾ ਪਵੇਗਾ। ਜਿਸ ਦੀਆਂ ਜੜ੍ਹਾਂ ਮਨੁੱਖ ਦੇ ਸਵੈ-ਪਛਾਣ ਦੇ ਪੂਰਵ ਦਰਸ਼ਨ-ਯੁਗੀਨ ਯਤਨਾਂ ਵਿਚੋਂ ਲੱਭੀਆਂ ਜਾ ਸਕਦੀਆਂ ਹਨ। ਭਾਰਤੀ ਦਰਸ਼ਨ ਵਿਚ ਬ੍ਰਹਮ, ਜੀਵ ਤੇ ਜਗਤ (ਮਾਇਆ) ਆਦਿ ਵਿਸ਼ੇ ਸ਼ੁਰੂ ਤੋਂ ਹੀ ਅਧਿਐਨ ਦਾ ਕੇਂਦਰੀ ਬਿੰਦੂ ਰਹੇ ਹਨ। ਬ੍ਰਹਮ, ਜੀਵ ਭਾਵ ਆਤਮਾ ਤੇ ਪਰਮਾਤਮਾ ਦੇ ਵਿਚਕਾਰ ਜਗਤ (ਮਾਇਆ) ਦੇ ਸੰਕਲਪ ਨੂੰ ਸਮਝਣ ਦੀ ਜ਼ਰੂਰਤ ਹੈ। ਜਗਤ (ਮਾਇਆ) ਮੋਹ ਹੀ ਮਨੁੱਖ ਵਿਚ ਅਸਮਾਨਤਾਵਾਂ, ਵਖਰੇਵੇਂ ਤੇ ਵਿਤਕਰਿਆਂ ਦਾ ਕਾਰਨ ਬਣਦੇ ਹਨ। ਜਿਹੜੇ ਮਨੁੱਖ ਦਾ ਜਿਉਂਦੇ-ਜੀਅ ਵੀ ਸਾਥ ਨਹੀਂ ਦਿੰਦੇ ਜਦੋਂ ਕਿ ਮਰਨ ਉਪਰੰਤ ਤਾਂ ਬਿਲਕੁਲ ਨਹੀਂ। ਗੁਰੂ ਰਵਿਦਾਸ ਜੀ ਦੀ ਬਾਣੀ ਮਨੁੱਖੀ ਹੋਂਦ ਦੇ ਸੰਕਟ ਨੂੰ ਬੜੀ ਸ਼ਿੱਦਤ ਤੇ ਗੰਭੀਰਤਾ ਨਾਲ ਚਿਤਰਦੀ ਹੋਈ ਮਨੁੱਖਤਾ ਨੂੰ ਅਹਿਸਾਸ ਕਰਵ-ਾਉਂਦੀ ਹੈ ਕਿ ਜਿਨ੍ਹਾਂ ਦੀ ਖਾਤਰ ਨੈਤਿਕ ਕਦਰਾਂ ਕੀਮਤਾਂ ਨੂੰ ਛਿੱਕੇ 'ਤੇ ਟੰਗ ਰੱਖਿਆ ਉਹਨਾਂ ਦੇ ਸਾਹਮਣੇ ਮਨੁੱਖੀ ਜੀਵਨ ਦੀ ਹੋਂਦ ਕੀ ਹੈ? ਰਵਾਇਤੀ ਦਰਸ਼ਨ ਦੇ ਅਧਿਐਨ ਦਾ ਮੁੱਖ-ਵਿਸ਼ਾ ਜਗਤ ਅਤੇ ਉਸਦੀ ਵਾਸਤਵਿਕਤਾ ਰਿਹਾ ਜਦੋਂ ਕਿ ਹੋਂਦਵਾਦੀ ਦਰਸ਼ਨ ਦੀ ਖੋਜ ਦਾ ਵਿਸ਼ਾ ਮਨੁੱਖੀ ਹੋਂਦ ਦਾ ਪਰਮ ਸੱਚ ਪਰਮ ਅਸਲੀਅਤ ਰਿਹਾ ਹੈ।

ਭਾਵੇਂ ਹੋਂਦਵਾਦ ਦੀ ਉਤਪੱਤੀ 19ਵੀਂ ਸਦੀ ਦੇ ਅੰਤ ਵਿਚ ਹੋਈ ਪਰ ਇਹ ਦਾਰਸ਼ਨਿਕ ਵਿਚਾਰਧਾਰਾ ਦੇ ਰੂਪ ਵਿਚ 20ਵੀਂ ਸਦੀ ਦੇ ਆਰੰਭ ਤੋਂ ਹੀ ਵਿਕਸਤ ਹੋਇਆ। ਜਿਹੜੇ ਪਹਿਲੂਆਂ ਤੋਂ ਹੋਂਦਵਾਦੀ ਮਨੁੱਖੀ ਹੋਂਦ ਦੀ ਗੱਲ ਕਰਦੇ ਹਨ, ਉਹ ਸਾਰੇ ਪਹਿਲੂ ਗੁਰੂ ਰਵਿਦਾਸ ਜੀ ਦੀ ਬਾਣੀ ਜਿਹੜੀ 14ਵੀਂ ਸਦੀ ਵਿਚ ਰਚੀ ਗਈ, ਵਿਚੋਂ ਭਲੀ-ਭਾਂਤ ਉਭਰ ਕੇ ਸਾਹਮਣੇ ਆਉਂਦੇ ਹਨ। ਅਗਰ ਅਸੀਂ ਗੁਰੂ ਰਵਿਦਾਸ ਜੀ ਦੀ ਬਾਣੀ ਦਾ ਹੋਂਦਵਾਦੀਆਂ ਦੀ ਵਿਚਾਰਧਾਰਾ ਮੁਤਾਬਕ ਅਧਿਐਨ ਕਰਦੇ ਹਾਂ ਤਾਂ ਸਾਨੂੰ ਮਨੁੱਖ ਦੀ ਪਰਮ ਅਸਲੀਅਤ ਦਾ ਗਿਆਨ ਹੁੰਦਾ ਹੈ। ਗੁਰੂ ਜੀ ਦੀ ਬਾਣੀ 15ਵੀਂ ਸਦੀ ਤੋਂ ਲੈ ਕੇ ਮੌਜੂਦਾ ਅਤਿ-ਆਧੁਨਿਕ ਵਿਗਿਆਨਕ ਯੁੱਗ ਵਿਚੋਂ ਮਨੁੱਖੀ ਹੋਂਦ ਨੂੰ ਲੱਭ ਕੇ ਉਸ ਦੀ ਨਿਰੋਈ ਦੁਰਲੱਭਤਾ ਦੀ ਪਹਿਚਾਣ ਕਰਾਉਂਦੀ ਹੈ। ਮਨੁੱਖੀ ਹੋਂਦ ਦੀ ਜਿਹੜੀ ਦੁਰਦਸ਼ਾ 14ਵੀਂ-15ਵੀਂ ਸਦੀ ਵਿਚ ਸੀ ਉਹ ਅੱਜ ਦੇ ਮਸ਼ੀਨੀ ਯੁੱਗ ਵਿਚ ਹੋਰ ਵੀ ਖੇਰੂ-ਖੇਰੂ ਹੋਈ ਮਿਲਦੀ ਹੈ।

ਮੱਧਕਾਲੀਨ ਯੁੱਗ ਵਿਚ ਅਸਤਿਤਵਾਦ ਦੇ ਪੂਰਵ ਅੰਸ਼ ਉਹਨਾਂ ਬੌਧਿਕ ਧਾਰਾਵਾਂ ਵਿਚੋਂ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਹੜੀਆਂ ਪ੍ਰਚੱਲਿਤ ਤਰਕਵਾਦ ਦੇ ਵਿਰੋਧ ਵਿਚ ਹੋਂਦ ਵਿਚ ਆਈਆਂ। ਇਸ ਕਾਲ ਵਿਚ ਨਵੀਂ ਕਿਸਮ ਦੇ ਰਹੱਸਵਾਦ ਨੇ ਜਨਮ ਲਿਆ, ਜਿਸ ਨੇ ਮਾਨਵ ਜੀਵਨ ਦੀਆਂ ਗਹਿਰਾਈਆਂ ਵੱਲ ਆਪਣਾ ਰੁਖ ਮੋੜਿਆ। ਨਤੀਜੇ ਵਜੋਂ ਉਸ ਮਾਨਵ/ਮਨੁੱਖ ਦੀ ਗੱਲ ਕੀਤੀ ਗਈ, ਜਿਹੜਾ ਵੀਰਾਨੀ ਦੇ ਇਕੱਲ ਨੂੰ ਹੰਢਾਉਂਦਾ ਸੀ।

ਚੌਦਵੀ-ਪੰਦਰਵੀਂ ਸਦੀ ਵਿਚ ਇਕ ਪਾਸੇ ਤਾਂ ਮਾਰਟਿਨ ਲੂਥਰ (1483-1546) ਵਰਗੇ ਮਹਾਨ ਸਮਾਜ ਸੁਧਾਰਕ ਚਿੰਤਕ ਅਤੇ ਦੂਜੇ ਪਾਸੇ ਇਸੇ ਸਦੀ ਵਿਚ ਭਾਰਤੀ ਦਰਸ਼ਨ ਤਹਿਤ ਗੁਰੂ ਰਵਿਦਾਸ ਜੀ ਵਰਗੇ ਨਿਮਰਭਾਵੀ ਹੱਕ-ਸੱਚ ਦੇ ਪਹਿਰੇਦਾਰ ਤੇ ਚਿੰਤਕ ਇਕੋ ਸਮੇਂ ਪ੍ਰੋਹਿਤਵਾਦ, ਧਰਮ ਸ਼ਾਸਤਰੀਆਂ ਦੀ ਨਿਯਮਤਾ, ਧਾਰਮਿਕ ਕੱਟੜਤਾ ਅਤੇ ਧਾਰਮਿਕ ਭ੍ਰਿਸ਼ਟਾਚਾਰ ਦਾ ਵਿਰੋਧ ਕਰਦੇ ਹੋਏ ਮਾਨਵੀ ਸਮਾਜ ਦਾ ਚਿੱਤਰ ਉਲੀਕਦੇ ਹੋਏ ਨਜ਼ਰ ਆਉਂਦੇ ਹਨ। ਮਾਨਵੀ ਸਮਾਜ ਦਾ ਚਿੱਤਰ ਗੁਰੂ ਰਵਿਦਾਸ ਜੀ ਦੀ ਬਾਣੀ ਵਿਚਲੇ ਸ਼ਬਦ 'ਬੇਗਮ ਪੁਰਾ ਸਹਰ ਕਾ ਨਾਉ' ਵਿਚੋਂ ਦੇਖਿਆ ਜਾ ਸਕਦਾ ਹੈ, ਜਿੱਥੇ ਕੋਈ ਗਮ ਨਾ ਹੋਵੇ, ਨਾ ਕੋਈ ਦੁੱਖ, ਚਿੰਤਾ, ਟੈਕਸ, ਡਰ, ਪੀੜਾ ਤੇ ਨਾ ਕੋਈ ਘਾਟਾ ਹੋਵੇ। ਸਾਰੇ ਸੁਖੀ ਤੇ ਖੁਸ਼ੀ ਨਾਲ ਵਧੀਆ ਥਾਂ ਤੇ ਰਹਿੰਦੇ ਹੋਣ, ਬਾਦਸ਼ਾਹ ਸਥਿਰ ਰਹਿਣ ਵਾਲਾ ਹੋਵੇ, ਕੋਈ ਊਚ-ਨੀਚ, ਭੇਦਭਾਵ ਤੇ ਵੱਖਰਤਾ ਵਾਲਾ ਨਾ ਹੋਵੇ, ਸਾਰੇ ਇਕੋ ਜਿਹੇ ਅਮੀਰ ਤੇ ਸ਼ੁੱਧ-ਚਿੱਤ ਆਤਮਾ ਵਾਲੇ ਹੋਣ।

ਮਨੁੱਖੀ ਹੋਂਦ ਦਾ ਪ੍ਰਮੁੱਖ ਪਹਿਲੂ ਮਨੁੱਖੀ ਸ਼ਖਸੀਅਤ ਹੈ ਕਿਉਂਕਿ ਮਨੁੱਖ ਜਗਤ ਦਾ ਕੇਂਦਰ ਹੈ, ਇੱਥੋਂ ਤੱਕ ਕਿ ਬ੍ਰਹਮ, ਈਸ਼ਵਰ ਜਗਤ ਆਦਿ ਦਾ ਮਹੱਤਵ ਮਨੁੱਖ ਤੋਂ ਬਾਅਦ ਹੈ। ਇਸੇ ਕਰਕੇ ਗੁਰੂ ਜੀ ਮਨੁੱਖੀ ਹੋਂਦ ਦਾ ਅਹਿਸਾਸ ਕਰਾਉਂਦੇ ਹੋਏ ਫ਼ਰਮਾਉਂਦੇ ਹਨ:

ਕੂਪ ਭਰਿਓ ਜੈਸੇ ਦਾਦਿਰਾ
ਕਛੁ ਦੇਸੁ ਬਿਦੇਸੁ ਨ ਬੂਝ॥
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ
ਕਛੁਆਰਾ ਪਾਰ ਨ ਸੂਝ॥

ਭਾਵ ਖੂਹ ਦੇ ਡੱਡੂਆਂ ਨੂੰ ਖੂਹ ਤੋਂ ਬਾਹਰਲੀ ਕੋਈ ਸੂਝ-ਬੂਝ ਨਹੀਂ, ਇਸੇ ਤਰ੍ਹਾਂ ਮਨ ਵਿਸ਼ਿਆਂ-ਵਿਚਾਰਾਂ ਦੇ ਮੋਹ ਵਿਚ ਐਨਾ ਫਸਿਆ ਪਿਆ ਹੈ ਕਿ ਉਸ ਨੂੰ ਕੋਈ ਪਰਮ ਸੱਚ ਜਾਂ ਅਸਲੀਅਤ ਜਾਂ ਪ੍ਰਭੂ ਦੀ ਯਾਦ ਨਹੀਂ ਰਹਿੰਦੀ। ਅਜਿਹੀ ਸਥਿਤੀ ਵਿਚ ਮਨੁੱਖ ਮਾਇਆਵੀ ਵਿਕਾਰਾਂ ਦਾ ਸ਼ਿਕਾਰ ਹੋ ਕੇ ਅਸਲੀਅਤ ਨੂੰ ਭੁਲਾ ਕੇ ਆਪਣੀ ਬੁੱਧੀ/ਮੱਤ ਨੂੰ ਮਲੀਨ ਕਰ ਬੈਠਦਾ ਹੈ। ਜਦੋਂ ਕਿ ਗੁਰੂ ਜੀ ਦੀ ਬਾਣੀ ਅਜਿਹੇ ਵਿਕਾਰਾਂ ਵਿਚ ਗ੍ਰਸੇ ਲੋਕਾਂ ਨੂੰ ਬੁੱਧੀ ਦੇ ਜ਼ਰੀਏ ਆਪਣੀ ਹਸਤੀ ਦੇ ਭੇਦ ਨੂੰ ਸਮਝਣ ਲਈ ਉਸ ਪਰਮ ਸ਼ਕਤੀ ਅੱਗੇ ਅਰਦਾਸ ਕਰਦੇ ਹਨ। ਇੱਥੋਂ ਇਹ ਗੱਲ ਭਲੀ-ਭਾਂਤ ਸਪਸ਼ਟ ਹੁੰਦੀ ਹੈ ਕਿ ਵਿਕਾਰ ਸਿਰਫ਼ ਮਾਇਆਧਾਰੀ ਲੋਕਾਂ ਵਿਚ ਹਨ ਜਦੋਂ ਕਿ ਸੱਚੀ-ਸੁੱਚੀ ਕਿਰਤ ਕਰਨ ਵਾਲੇ ਵਿਅਕਤੀਆਂ ਵਿਚ ਨਹੀਂ। ਇਸ ਭੇਦ ਨੂੰ ਸਿਰਫ਼ ਗੁਰੂ ਜੀ ਨੇ ਪ੍ਰੇਮ ਭਗਤੀ ਰਾਹੀਂ ਹੀ ਪਹਿਚਾਣਿਆ ਹੈ ਜਦੋਂ ਕਿ ਜਪੁ-ਤਪੁ ਕਰਨ ਵਾਲੇ ਜੋਗੀ ਅਤੇ ਜੋਗੀਆਂ ਦੇ ਗੁਰੂ ਜੋਗੀਸਰ ਵੀ ਨਹੀਂ ਜਾਣ ਸਕੇ:

ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ॥
ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸਮਤਿ ਦੇਹੁ ਸਮਝਾਇ॥

ਇਸ ਤੋਂ ਵੀ ਅੱਗੇ ਗੁਰੂ ਜੀ ਸ਼ਖ਼ਸੀਅਤ ਨੂੰ ਨਿਖਾਰਨ ਦਾ ਸਮਾਜੀਕਰਨ ਕਰਦੇ ਹੋਏ ਇਸ ਗੱਲ ਦੀ ਸਾਖ ਭਰਦੇ ਹਨ ਕਿ ਜੇਕਰ ਕੋਈ ਅਖੌਤੀ ਉੱਚੀ ਕੁਲ ਦਾ ਪੁਰਖ ਵੇਦ ਅਭਿਆਸ, ਤਪ, ਗਿਆਨ, ਇੰਦਰੀਆਂ ਨੂੰ ਕਾਬੂ ਕਰਨ, ਅਹਿੰਸਾ ਤੇ ਗੁਰੂ ਦੀ ਸੇਵਾ ਦੇ ਛੇ ਸ਼ੁੱਭ ਕਰਮਾਂ ਨਾਲ ਜੁੜਿਆ ਹੋਇਆ ਹੈ ਪਰ ਉਸਦੇ ਹਿਰਦੇ ਵਿਚ ਹਰੀ ਭਗਤੀ ਨਹੀਂ ਤਾਂ ਵੀ ਉਸ ਦਾ ਜੀਵਨ ਚੰਡਾਲ ਰੂਪ ਧਾਰਨ ਕਰ ਲੈਂਦੇ ਹੈ, ਫੁਰਮਾਉਂਦੇ ਹਨ:

ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ॥
ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ॥

ਅਸਤਿਤਵਾਦੀ ਚਿੰਤਕ ਮਨੁੱਖ ਦਾ ਅਧਿਐਨ ਕਰਨ ਲਈ ਵਸਤੂ ਨਿਸ਼ਠ ਚਿੰਤਨ ਦਾ ਖੰਡਨ ਕਰਕੇ ਆਤਮ ਨਿਸ਼ਠਚਿੰਤਨ ਪੱਧਤੀ ਨੂੰ ਪਹਿਲ ਦਿੰਦੇ ਹਨ। ਉਹਨਾਂ ਅਨੁਸਾਰ ਮਨੁੱਖ ਆਪਣੇ ਅਸਤਿਤਵ ਉਪਰ ਪਰਦਾ ਪਾ ਕੇ ਸੰਸਾਰ ਨੂੰ ਉਸਦੇ ਸਮਗਰ ਰੂਪ ਵਿਚ ਸਮਝਣ ਦਾ ਯਤਨ ਜਿੰਨਾ ਮਰਜ਼ੀ ਕਰੇ ਪਰ ਉਹ ਵਿਹਾਰ ਵਿਚ ਕਦੇ ਵੀ ਸਫਲ ਨਹੀਂ ਹੋ ਸਕਦਾ। ਗੁਰੂ ਰਵਿਦਾਸ ਜੀ ਦੀ ਬਾਣੀ ਦਾ ਸ਼ਬਦ 'ਮਾਈ ਕੋ ਪੁਤਰਾ' ਜਿੱਥੇ ਆਤਮ ਪਛਾਣ ਦੀ ਗੱਲ ਕਰਦਾ ਹੈ, ਉਥੇ ਹੋਰਨਾਂ ਨੂੰ ਜੋ ਵਸਤੂ ਨਿਸ਼ਠ ਪੱਧਤੀ ਵਿਚ ਜਕੜੇ ਹੋਏ ਹਨ, ਨੂੰ ਮਾਨਵੀ ਹੋਂਦ ਦਾ ਅਹਿਸਾਸ ਕਰਵਾਉਂਦਾ ਹੈ:

ਮਾਈ ਕੋ ਪੁਤਰਾ ਕੈਸੇ ਨਚਤੁ ਹੈ॥
ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥
ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥
ਮਾਇਆ ਗਈ ਤਬ ਰੋਵਨੁ ਜਗਤੁ ਹੈ॥

ਇਸ ਤੋਂ ਭਾਵ ਇਹ ਹੈ ਕਿ ਮਨੁੱਖ ਨੇ ਆਪਣੀ ਆਤਮਾ ਪਾਰਕ ਸੀਮਾ ਵਿਚ ਰਹਿ ਕੇ ਹੀ ਆਪਣੀ ਹੋਂਦ ਦਾ ਕਲਿਆਣ ਅਤੇ ਆਪਣੇ ਦੁੱਖਾਂ ਤੋਂ ਮੁਕਤੀ ਪ੍ਰਾਪਤ ਕਰਨ ਦਾ ਰਾਹ ਲੱਭਣਾ ਹੁੰਦਾ ਹੈ। ਅਸਤਿਤਵਾਦੀ ਦਰਸ਼ਨ ਅਨੁਸਾਰ ਹਰੇਕ ਵਿਅਕਤੀ ਸੁਤੰਤਰ ਹੈ, ਸਮਾਜ ਤੇ ਸਮਾਜਿਕ ਸੰਸਥਾਵਾਂ ਮਨੁੱਖ ਦੇ ਲਈ ਹਨ ਨਾ ਕਿ ਮਨੁੱਖ ਸਮਾਜ ਤੇ ਸਮਾਜਿਕ ਸੰਸਥਾਵਾਂ ਲਈ ਹੈ। ਜੇਕਰ ਸਮਾਜਿਕ ਨਿਯਮ ਮਨੁੱਖ ਦੀ ਸੁਤੰਤਰਤਾ ਵਿਚ ਰੋੜਾ ਨਾ ਬਣਨ ਤਾਂ ਮਨੁੱਖ ਨੂੰ ਇਹਨਾਂ ਨਿਯਮਾਂ ਦੇ ਵਿਰੋਧ ਦਾ ਅਧਿਕਾਰ ਹੈ। ਭਾਵ ਮਨੁੱਖ ਨੂੰ ਆਪਣੇ ਜੀਵਨ ਦੇ ਅਰਥ ਲੱਭਣ ਜਾਂ ਸਿਰਜਣ ਦੀ ਪੂਰੀ ਖੁੱਲ੍ਹ ਹੋਣੀ ਚਾਹੀਦੀ ਹੈ। ਮਨੁੱਖ ਵਿਚ ਅਨੇਕਾਂ ਸੰਭਾਵਨਾਵਾਂ ਹਨ ਜੋ ਖਿੜ ਵੀ ਸਕਦੀਆਂ ਹਨ ਤੇ ਮੁਰਝਾ ਵੀ ਸਕਦੀਆਂ ਹਨ। ਵਿਅਕਤੀ ਨੂੰ ਜੇ ਆਪਣੇ ਜੀਵਨ ਦੇ ਅਰਥ ਲੱਭਣ ਦੀ ਖੁੱਲ੍ਹ ਹੈ ਤਾਂ ਉਹ ਉਹਨਾਂ ਅਰਥਾਂ ਲਈ ਜ਼ਿੰਮੇਵਾਰ ਵੀ ਹੈ।ਗੁਰੂ ਜੀ ਦਾ ਸਾਰਾ ਜੀਵਨ ਸੁਤੰਤਰਤਾ ਭਰਪੂਰ ਰਿਹਾ ਹੈ ਜੋ ਸਮਾਜ ਦੀਆਂ ਦੂਸ਼ਿਤ ਕੁਰੀਤੀਆਂ ਨੂੰ ਵਿਹਾਰਕ ਤੌਰ ਤੇ ਨਿਮਰਭਾਵੀ ਰੂਪ ਵਿਚ ਬਾਖੂਬੀ ਭੰਡਦਾ ਹੈ। ਹਾਲਾਂਕਿ ਗੁਰੂ ਜੀ ਦੇ ਸਮਕਾਲੀ ਸਮਾਜ ਦੇ ਸ਼ਾਸਕਾਂ ਦਾ ਜ਼ਾਲਮਾਨਾ, ਨਿਰਦਈ ਤੇ ਮਾਲਕਾਨਾ ਸੁਭਾਅ ਸੀ, ਪੁਜਾਰੀ ਵਰਗ ਕਰਮਕਾਂਡਾਂ ਵਿਚ ਫਸਾਉਣ ਵੱਲ ਰੁਚਿਤ ਸੀ, ਘੱਟ ਗਿਣਤੀ ਹਾਕਮ ਵਰਗ ਵੱਲੋਂ ਅਤੇ ਪੁਜਾਰੀ ਵਰਗ ਵੱਲੋਂ ਸਧਾਰਨ ਬਹੁ-ਗਿਣਤੀ ਮਨੁੱਖ ਦੀ ਹੋਂਦ ਨੂੰ ਕੁਚਲਣ ਵਰਗੀਆਂ ਭਰਪੂਰ ਚਾਲਾਂ ਸਿਖਰ 'ਤੇ ਸਨ ਪਰ ਫਿਰ ਵੀ ਅਜਿਹੇ ਸਮਕਾਲੀ ਸਮਾਜ ਵਿਚ ਮਨੁੱਖੀ ਹੋਂਦ ਦੀ ਸੁਤੰਤਰਤਾ ਦੀ ਕਾਇਮੀ ਲਈ ਨਿਧੜਕ ਰੂਪ ਵਿਚ ਸੁਤੰਤਰ ਵਿਚਾਰ ਹੀ ਨਹੀਂ ਰੱਖੇ ਸਗੋਂ ਗੁਲਾਮੀ ਰਹਿਤ ਜੀਵਨ ਜੀਅ ਕੇ ਸਮੁੱਚੀ ਲੋਕਾਈ ਲਈ ਪ੍ਰੇਰਨਾ ਦਾ ਕੰਮ ਵੀ ਕੀਤਾ:

ਮੇਰੀ ਸੰਗਤਿ ਪੋਚ ਸੋਚ ਦਿਨ ਰਾਤੀ॥
ਮੇਰਾ ਕਰਮ ਕੁਟਿਲਤਾ ਜਨਮ ਕੁਭਾਤੀ॥
ਰਾਮ ਗੁਸਾਈਆ ਜੀਅ ਕੇ ਜੀਵਨਾ॥
ਮੋਹਿ ਨ ਬਿਸਾਰਹੁ ਮੈਂ ਜਨ ਤੇਰਾ॥

ਇੱਥੇ ਗੁਰੂ ਜੀ ਵਿਅੰਗਾਤਮਕ ਰੂਪ ਵਿਚ ਪਰਮਾਤਮਾ ਨੂੰ ਸੰਬੋਧਨ ਕਰਦੇ ਹੋਏ ਮਨੁੱਖ ਨੂੰ ਅਸਲੀਅਤ ਦਾ ਅਹਿਸਾਸ ਕਰਵਾਉਂਦੇ ਆਪਣੇ ਆਪ ਨੂੰ ਮੁਖਾਤਬ ਕਰਦੇ ਹਨ ਕਿ ਮੇਰੀ ਸੰਗਤ ਮਨ ਦੇ ਖੋਟੇ ਪੁਰਖਾਂ ਨਾਲ ਹੈ, ਸੰਸਾਰੀ ਕਰਮ ਦੋਸ਼ ਪੂਰਨ ਕੁਟਿਲਤਾ ਵਾਲਾ ਹੈ, ਮੇਰਾ ਜਨਮ ਕੁਭਾਂਤੀ ਹੈ, ਬੱਸ ਰਾਤ ਦਿਨ ਇਸੇ ਸੋਚ/ਚਿੰਤਾ ਵਿਚ ਹਾਂ ਕਿ ਮੇਰਾ ਇਸ ਤੋਂ ਛੁਟਕਾਰਾ ਕਿਵੇਂ ਹੋਵੇਗਾ। ਇਸ ਤਰ੍ਹਾਂ ਮਾਨਵਤਾ ਨੂੰ ਯਕੀਨ ਦਿਵਾਉਣ ਲਈ ਆਪਣਾ ਨਿੱਜੀ ਤਜਰਬਾ ਸਾਂਝਾ ਕਰਦੇ ਹੋਏ ਕਹਿੰਦੇ ਹਨ ਕਿ ਜਿਹੜੇ ਲੋਕ ਮੇਰੀ ਗਰੀਬੀ ਵੱਲ ਦੇਖ ਕੇ ਮੇਰਾ ਮਜ਼ਾਕ ਉਡਾਉਂਦੇ ਸਨ, ਉਹਨਾਂ ਨੂੰ ਆਪਣੀ ਕਿਰਤ ਰਾਹੀਂ ਤੇ ਪਰਮਾਤਮਾ ਦੀ ਬਖਸ਼ਿਸ਼ ਰਾਹੀਂ ਅਠਾਰਾਂ ਪ੍ਰਕਾਰ ਦੀਆਂ ਸਿੱਧੀਆਂ ਪ੍ਰਾਪਤ ਕਰਕੇ ਹੱਥ 'ਤੇ ਸਰ੍ਹੋਂ ਜਮਾ ਕੇ ਕਿਰਤੀ ਦੇ ਮਨੋਬਲ ਨੂੰ ਉੱਚਾ ਚੁੱਕਿਆ ਹੈ:-

ਦਾਰਿਦ ਦੇਖ ਸਭ ਕੋ ਹਸੈ ਅਸੀ ਦਸਾ ਹਮਾਰੀ॥
ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ॥

ਹੋਂਦਵਾਦੀਆਂ ਅਨੁਸਾਰ ਹਰੇਕ ਮਨੁੱਖ ਜਿਉਂਦਾ ਰਹਿਣਾ ਚਾਹੁੰਦਾ ਹੈ, ਜਿਉਂਦੇ ਰਹਿਣਾ ਕਾਫ਼ੀ ਨਹੀਂ, ਸਾਰਥਕ ਜੀਵਨ ਜਿਊਣਾ ਮਹੱਤਵਪੂਰਨ ਹੈ। ਜੀਵਨ ਮਨੁੱਖ ਨੂੰ ਆਪਣੀ ਹੋਂਦ ਵਿਚੋਂ ਹੀ ਮਿਲ ਸਕਦਾ ਹੈ। ਅਜਿਹਾ ਆਤਮ ਚਿੰਤਨ ਦਾ ਅੰਦਰੂਨੀ ਤੇ ਤਤਕਾਲਿਕ ਅਨੁਭਵ ਹੈ। ਵਰਤਮਾਨ ਸਭਿਅਤਾ ਅਤੇ ਵਾਤਾਵਰਨ ਦੀ ਚਕਾਚੌਂਧ ਵਿਚ ਵਿਅਕਤੀ ਆਪਣੇ ਜੀਵਨ ਦਾ ਅਨੋਖਾਪਣ ਗੁਆ ਬੈਠਾ ਹੈ। 'ਅਸੀਂ ਜਿਉਂਦੇ ਨਹੀਂ, ਸਿਰਫ਼ ਹਾਂ' ਦੇ ਕਥਨ ਤੋਂ ਉਲਟ 'ਅਸੀਂ ਹੈ ਨਹੀਂ, ਸਿਰਫ਼ ਜਿਉਂ ਰਹੇ ਹਾਂ' ਦੀ ਧਾਰਨਾ ਵਿਚ ਹਾਂ। ਇਸ ਦਾ ਬਹੁਤ ਵੱਡਾ ਪ੍ਰਮਾਣ ਗੁਰੂ ਜੀ ਦਾ ਜੀਵਨ ਜੋ ਸਮਕਾਲੀਨ ਸਮਾਜ ਦੇ ਦੋਸ਼ ਭਰਪੂਰ ਵਾਤਾਵਰਨ ਵਿਚੋਂ ਨਿਧੜਕ ਗੁਜ਼ਰਿਆ ਮਿਲਦਾ ਹੈ। ਇਸ ਸਭ ਕੁਝ ਦਾ ਉਲੇਖ ਕਰਦਾ ਗੁਰੂ ਜੀ ਦਾ ਇਹ ਸ਼ਬਦ ਵਿਚਾਰਿਆ ਜਾ ਸਕਦਾ ਹੈ:

ਮਾਧੋ ਅਬਿਦਿਆ ਹਿਤ ਕੀਨ
ਬਿਬੇਕ ਦੀਪ ਮਲੀਨ॥

ਭਾਵ ਹੈ ਕਿ ਪ੍ਰਭੂ! ਅਸੀਂ ਆਗਿਆਨਤਾ ਨਾਲ ਪਿਆਰ ਕਰਕੇ ਆਪਣੀ ਬੁੱਧੀ (ਬਿਬੇਕ) ਦਾ ਦੀਵਾ ਧੁੰਦਲਾ ਕੀਤਾ ਹੋਇਆ ਹੈ, ਜਿਸ ਨਾਲ ਸਾਡਾ ਜੀਵਨ ਸਾਰਥਕ ਨਹੀਂ ਸਗੋਂ ਅਜਾਈਂ ਨਸ਼ਟ ਹੋ ਰਿਹਾ ਹੈ।

ਮਨੁੱਖੀ ਜੀਵਨ ਉਸ ਦੀਆਂ ਆਪਣੀਆਂ ਕਮਜ਼ੋਰੀਆਂ ਕਰਕੇ ਉਦੇਸ਼ਹੀਣ ਤੇ ਨਿਰਾਰਥਕ ਹੋ ਰਿਹਾ ਹੈ। ਮਨੁੱਖ ਦੀ ਅਜਿਹੀ ਦੁਰਦਸ਼ਾ ਉਸ ਨੂੰ ਆਪਣੀ ਅਸਲੀ ਨਿੱਜੀ ਹੋਂਦ ਲੱਭਣ ਲਈ ਪ੍ਰੇਰਨਾ ਅਤੇ ਮਨੋਬਲ ਦੇ ਜ਼ਰੀਏ ਸੰਘਰਸ਼ ਦੀ ਦਿਸ਼ਾ ਵੱਲ ਰੁਚਿਤ ਹੁੰਦੀ ਹੈ। ਗੁਰੂ ਜੀ ਨੇ ਆਪਣਾ ਸਾਰਾ ਜੀਵਨ ਅਜਿਹੀ ਦੁਰਦਸ਼ਾ ਭਰਪੂਰ ਸਥਿਤੀ ਵਿਚੋਂ ਗੁਜ਼ਾਰਦਿਆਂ ਸਮਾਜ ਨੂੰ ਇੱਕ ਨਿੱਗਰ ਦਿਸ਼ਾ ਪ੍ਰਦਾਨ ਕੀਤੀ। ਉਹਨਾਂ ਨੇ ਮਨੁੱਖ ਨੂੰ ਸਰੀਰਕ ਤੇ ਸਮਾਜਿਕ ਕਮਜ਼ੋਰੀਆਂ ਤੋਂ ਚੇਤੰਨ ਕਰਵਾ ਕੇ ਮਨੁੱਖੀ ਹੋਂਦ ਦਾ ਪ੍ਰਗਟਾਵਾ ਕਰਵਾਇਆ। ਗੁਰੂ ਜੀ ਅਨੁਸਾਰ ਹਿਰਨ, ਮੱਛੀ, ਭੌਰੇ, ਭੰਵਰੇ, ਹਾਥੀ ਆਦਿ ਨੂੰ ਇਕ-ਇਕ ਕਮਜ਼ੋਰੀ ਉਹਨਾਂ ਦੀ ਹੋਂਦ ਨੂੰ ਖਤਮ ਕਰ ਦਿੰਦੀ ਹੈ, ਜਦੋਂਕਿ ਮਨੁੱਖੀ ਅੰਦਰ ਅਜਿਹੀਆਂ ਪੰਜੇ ਕਮਜ਼ੋਰੀਆਂ ਹਨ। ਕਿਉਂਕਿ ਪਸ਼ੂਆਂ-ਪੰਛੀਆਂ ਅਤੇ ਕੀੜੇ-ਮਕੌੜਿਆਂ ਵਿਚ ਸੋਝੀ ਨਹੀਂ ਹੁੰਦੀ, ਜਦੋਂ ਕਿ ਸਾਡੇ ਵਿਚ ਬਿਬੇਕ ਹੁੰਦਾ ਹੈ, ਅਸੀਂ ਫਿਰ ਵੀ ਅਚੇਤ ਰੂਪ ਵਿਚ ਅਜਿਹੀਆਂ ਕਮਜ਼ੋਰੀਆਂ ਦੇ ਸ਼ਿਕਾਰ ਹੋਏ ਆਪਣੀ ਹੋਂਦ ਗੁਆ ਬੈਠਦੇ ਹਾਂ:-

ਮ੍ਰਿਗ ਮੀਨ, ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥
ਪੰਚ ਦੋਖ ਅਸਾਧੇ ਜਾ ਮਹਿ ਤਾ ਕੀ ਕੇਤਕ ਆਸ।

ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ॥
ਮਨੁੱਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ॥

ਇੱਥੇ ਹੀ ਬੱਸ ਨਹੀਂ ਗੁਰੂ ਜੀ ਨੇ ਸਮਾਜਿਕ ਜੀਵਨ ਨੂੰ ਨਸ਼ਿਆਂ ਅਤੇ ਨਿੰਦਿਆ-ਚੁਗਲੀ ਤੋਂ ਰਹਿਤ ਜੀਵਨ ਜੁਗਤ ਪ੍ਰਦਾਨ ਕੀਤੀ ਹੈ। ਸ਼ਰਾਬ ਅਤੇ ਹੋਰ ਨਸ਼ੀਲੀਆਂ ਵਸਤੂਆਂ ਦਾ ਸੇਵਨ ਜੀਵਨ ਦੀ ਸਦਾਚਾਰਕਤਾ ਨਹੀਂ ਹੈ। ਆਪ ਜੀ ਦਾ ਫੁਰਮਾਨ ਹੈ:-

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ
ਸੰਤ ਜਨ ਕਰਤ ਨਹੀ ਪਾਨੰ॥

ਹੋਂਦਵਾਦੀ ਚਿੰਤਕ ਦੋ ਪ੍ਰਕਾਰ ਦੀਆਂ ਪੱਧਤੀਆਂ ਰੱਖਦੇ ਹਨ। ਇਕ ਤਾਂ ਨਾਸਤਕ, ਜਿਸ ਤਹਿਤ ਮਨੁੱਖ ਆਪਣੀ ਨਿੱਜਤਾ ਨੂੰ ਨਹੀਂ ਪਹਿਚਾਣਦਾ ਅਤੇ ਉਹ ਦੁਖੀ ਵਿਆਕੁਲ ਹੋਇਆ ਰਹਿੰਦਾ ਹੈ। ਦੂਜਾ ਆਸਤਕਵਾਦੀ, ਜੋ ਮਨੁੱਖ ਨੂੰ ਈਸ਼ਵਰ ਨਾਲ ਜੋੜ ਕੇ ਜੀਵਨ ਨੂੰ ਸਾਰਥਕ ਬਣਾਉਂਦੇ ਹਨ। ਪਰ ਗੁਰੂ ਰਵਿਦਾਸ ਜੀ ਦੀ ਬਾਣੀ ਵਿਚੋਂ ਸਾਨੂੰ ਉਪਰੋਕਤ ਦੋਨੋਂ ਪੱਧਤੀਆਂ ਮਨੁੱਖੀ ਹੋਂਦ ਦੀ ਸਾਖ ਭਰਦੀਆਂ ਨਜ਼ਰ ਆਉਂਦੀਆਂ ਹਨ। ਗੁਰੂ ਜੀ ਦੀ ਬਾਣੀ ਵਿਚ ਜਿੱਥੇ ਇਕੱਲੇ-ਇਕਹਿਰੇ ਮਨੁੱਖ ਦੀ ਡੱਕੇ-ਡੋਲੇ ਖਾਂਦੀ ਜੀਵਨ ਦੀ ਤਸਵੀਰ ਪੇਸ਼ ਕਰਦੀ ਹੈ, ਉਥੇ ਹਰਿ ਨਾਲ ਪਿਆਰ ਉਸ ਵਿਆਕੁਲਤਾ ਵਿਚੋਂ ਨਿਕਲਣ ਦਾ ਜੀਵਨ ਉਤਸ਼ਾਹ ਵੀ ਪੇਸ਼ ਕਰਦੀ ਹੈ। ਇੱਥੇ ਗੁਰੂ ਜੀ ਦੇ ਪ੍ਰੇਮ-ਭਗਤੀ, ਰੱਬ ਨਾਲ ਵਸਲ, ਆਪਣੇ ਪਿਆਰ ਦੀ ਪ੍ਰਪੱਕਤਾ ਦੀ ਜ਼ੋਰ ਅਜ਼ਮਾਈ ਕਰਕੇ ਚੁਣੌਤੀ ਭਰਪੂਰ ਸ਼ਬਦ ਦੇਖੇ ਜਾ ਸਕਦੇ ਹਨ:-

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।
ਕਨਕ ਕਟਿਕ ਜਲ ਤਰੰਗ ਜੈਸਾ॥

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥

ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ॥
ਕਹਿ ਰਵਿਦਾਸ ਛੂਟਿਬੋ ਕਵਨ ਗੁਨ॥

ਜਉ ਹਮ ਬਾਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥
ਆਪਨੇ ਛੂਟਨ ਕੋ ਜਤਨੁ ਕਰਹੁ ਛੂਟੇ ਤੁਮ ਅਰਾਧੇ॥

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥

ਗੁਰੂ ਜੀ ਨੇ ਮਨੁੱਖੀ ਮਨੋਬਲ ਦੀ ਕਾਇਮੀ ਲਈ ਪ੍ਰਭੂ ਭਗਤੀ ਦੀ ਸੰਗਤ 'ਤੇ ਜ਼ੋਰ ਦਿੰਦਿਆ ਆਪਣੀ ਰਚਨਾ ਵਿਚ ਲੋਕ ਕਥਾਵਾਂ ਦਾ ਹਵਾਲਾ ਦੇ ਕੇ ਪ੍ਰਮਾਣਕਤਾ ਸਿੱਧ ਕੀਤੀ ਹੈ ਕਿ ਕਿਸ ਤਰ੍ਹਾਂ ਮਹਾਂਰਿਸ਼ੀ ਬਾਲਮੀਕਿ ਜੀ ਆਪਣੀ ਅਖੌਤੀ ਨੀਵੀਂ ਜਾਤ ਤੋਂ ਪ੍ਰਭੂ ਭਗਤੀ ਜ਼ਰੀਏ ਕਿਹੜੀ ਪਦਵੀ 'ਤੇ ਪਹੁੰਚ ਗਏ। ਨੀਚ ਕਿਹਾ ਜਾਣ ਵਾਲਾ ਸੁਆਨ ਸਤ੍ਰ ਪ੍ਰਭੂ ਭਗਤੀ ਰਾਹੀਂ ਤਿੰਨ ਲੋਕਾਂ ਵਿਚ ਵਡਿਆਇਆ ਗਿਆ। ਅਜਾਮਲ (ਪਾਪੀ), ਪਿੰਗੁਲਾ (ਵੇਸਵਾ), ਲੁਭਤੁ (ਸ਼ਿਕਾਰੀ) ਤੇ ਕੁੰਚਰ (ਹਾਥੀ) ਸਾਰੇ ਦੇ ਸਾਰੇ ਤਰ ਗਏ। ਗੁਰੂ ਜੀ ਮਨੁੱਖੀ ਹੋਂਦ ਦੀ ਕਾਇਮੀ ਲਈ ਇਹ ਦਾਅਵਾ ਕਰਦੇ ਹਨ ਕਿ ਜੇ ਅਜਿਹੇ ਬੁਰੀ ਮਤ ਵਾਲੇ ਲੋਕ ਪ੍ਰਮਾਤਮਾ ਨੂੰ ਸਿਮਰ ਕੇ ਤਰ ਗਏ ਹਨ ਤਾਂ ਆਮ ਸਧਾਰਨ ਵਿਅਕਤੀ ਕਿਉਂ ਨਹੀਂ ਮੁਕਤ ਹੋ ਸਕਦਾ:-

ਅਜਾਮਲੁ ਪਿੰਗਲਾ ਲੁਭਤੁ ਕੁੰਚਰ ਗਏ ਹਰਿ ਕੈ ਮਾਸਿ॥
ਐਸੇ ਦੁਰਮਤਿ ਨਿਸਤਰੇ ਤੂੰ ਕਿਉ ਨ ਤਰਹਿ ਰਵਿਦਾਸ॥

ਗੁਰੂ ਜੀ ਦੀ ਬਾਣੀ ਮਾਨਵਤਾ ਨੂੰ ਆਪਸੀ ਪਿਆਰ ਦੀ ਡੋਰੀ ਵਿਚ ਪ੍ਰੋਣ ਦਾ ਅਥਾਹ ਯਤਨ ਕਰਦੀ ਹੋਈ ਪ੍ਰਤੀਤ ਹੁੰਦੀ ਹੈ:-

ਸਤ ਸੰਗਤਿ ਮਿਲਿ ਰਹੀਐ ਮਾਧਉ
ਜੈਸੇ ਮਧੁਪ ਮਖੀਰਾ॥

ਗੁਰੂ ਜੀ ਅਨੁਸਾਰ ਅਗਰ ਵਿਅਕਤੀ ਨੇ ਆਪਣੀ ਹੋਂਦ ਨੂੰ ਆਤਮਗਤ ਰੂਪ ਵਿਚ ਸੰਤੁਸ਼ਟ ਕਰਨਾ ਹੈ ਤਾਂ ਉਤਮ ਸੁਸੰਗਤ ਵਿਚੋਂ ਪ੍ਰਾਪਤ ਭਾਵਨਾ ਰਾਹੀਂ ਉਸ ਪ੍ਰਮਾਤਮਾ ਨਾਲ ਵਿਸ਼ਾਲ ਕੀਤਾ ਜਾ ਸਕਦਾ ਹੈ:-

ਗੁਰੂ ਜੀ ਦਾ ਦਾਅਵਾ ਹੈ:

ਸਾਧਸੰਗਤਿ ਬਿਨ ਭਾਉ ਨਹੀ ਉਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥

ਨਤੀਜਤਨ ਆਤਮਾ ਦੀ ਸਥਿਤੀ ਆਤਮ ਚੇਤਨਾ ਯੁਕਤ ਬਣ ਜਾਂਦੀ ਹੈ। ਬਾਹਰੀ ਵਸਤੂਆਂ ਤੋਂ ਧਿਆਨ ਟੁੱਟਦਾ ਹੈ, ਜਿਸ ਨਾਲ ਨੈਤਿਕ ਸੰਕਲਪ ਅਤੇ ਫੈਸਲਿਆਂ ਦੇ ਅੰਤਰਗਤ ਚੇਤਨਮਈ ਇਕਾਗਰਤਾ ਬਣਦੀ ਹੈ। ਫੁਰਮਾਉਂਦੇ ਹਨ:-

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥


ਕਹਿ ਰਵਿਦਾਸ ਸਰਨਿ ਪ੍ਰਭ ਤੇਰੀ
ਜਿਉ ਜਾਨਹੁ ਤਿਉ ਕਰੁ ਗਤਿ ਮੇਰੀ॥

ਗੁਰੂ ਜੀ ਦੀ ਬਾਣੀ ਵਿਚੋਂ ਇਸ ਗੱਲ ਦਾ ਅਹਿਸਾਸ ਵੀ ਹੁੰਦਾ ਹੈ ਕਿ ਮਨੁੱਖੀ ਭੌਤਿਕ ਜਗਤ ਵਿਚ ਸਭ ਕੁਝ ਪ੍ਰਾਪਤ

**(ਬਾਕੀ ਅਗਲੇ ਸਫੇ 'ਤੇ)**

**ਪ੍ਰੋ. ਸੁਰਿੰਦਰ ਕੁਮਾਰ ਮਿੱਢਾ**
**98146-49342**

# ਜੈਤੋ ਦਾ ਮੋਰਚਾ (21 ਫਰਵਰੀ)
# ਜਦੋਂ ਅੰਗਰੇਜ਼ ਹਕੂਮਤ ਨੂੰ ਝੁਕਣਾ ਪਿਆ



ਸਿੱਖ ਧਰਮ ਅਤੇ ਰਾਜਨੀਤੀ ਦੁਨੀਆਂ ਵਿਚ ਹਮੇਸ਼ਾ ਚਰਚਾ ਦਾ ਵਿਸ਼ਾ ਰਿਹਾ ਹੈ। ਇਤਿਹਾਸ ਗਵਾਹ ਹੈ ਕਿ ਸਿੱਖਾਂ ਨੇ ਹਰ ਕੁਰਬਾਨੀ ਕੌਮ ਦੀ ਅਣਖ ਵਾਸਤੇ ਦਿੱਤੀ ਹੈ। ਮਨੁੱਖਤਾ ਵਿਰੋਧੀ ਹਕੂਮਤ ਦੇ ਜ਼ੁਲਮ ਅਤੇ ਅਨਿਆ ਦੀ ਹਮੇਸ਼ਾ ਵਿਰੋਧਤਾ ਕੀਤੀ ਹੈ। ਸਮੇਂ ਦੇ ਜ਼ਾਲਮ ਹੁਕਮਰਾਨਾਂ ਦੇ ਅਣ-ਮਨੁੱਖੀ ਤਸੀਹੇ ਆਪਣੇ ਤਨ 'ਤੇ ਹੰਢਾਏ। ਦੁਸ਼ਮਣਾਂ ਨੇ ਹਮੇਸ਼ਾ ਸਿੱਖਾਂ ਨੂੰ ਖਤਮ ਕਰਨ ਦੇ ਯਤਨ ਕੀਤੇ। ਪਰ ਸਿੱਖਾਂ ਨੇ ਹਰ ਜੁਲਮ ਅਤੇ ਤਸ਼ੱਦਦ ਦੇ ਕੰਮ ਹਿਲਾ ਦਿੱਤੇ। ਦੁਸ਼ਮਣ ਵੀ ਇਹ ਸੋਚਣ ਲਈ ਮਜਬੂਰ ਹੋ ਜਾਂਦੇ ਕਿ ਇਹਨਾਂ ਵਿਚ ਕਿਹੜੀ ਸ਼ਕਤੀ ਹੈ ਜੋ ਹੱਸ ਹੱਸ ਕੇ ਜ਼ੁਲਮ ਸਹਾਰਦੇ ਵੀ ਚੜ੍ਹਦੀ ਕਲਾ ਵਿਚ ਰਹਿੰਦੇ ਹਨ। ਮਹਾਰਾਜਾ ਰਣਜੀਤ ਸਿੰਘ ਨੇ ਬੜੀ ਸ਼ਰਧਾ ਨਾਲ ਗੁਰਧਾਮਾਂ ਦੇ ਨਾਉਂ ਬੜੀ ਸੰਪਤੀ ਲਗਵਾਈ ਅਤੇ ਉਹਨਾਂ ਦੀ ਖ਼ੂਬਸੂਰਤ ਦਿਖ ਵੀ ਬਣਾਈ। ਪਰ ਅੰਦਰੂਨੀ ਤੌਰ ਤੇ ਠਾਕੁਰਦੁਆਰਾ ਮਰਿਆਦਾ ਹੀ ਪ੍ਰਚੱਲਿਤ ਰਹੀ। ਅੰਗਰੇਜ਼ਾਂ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਧਾਮਾਂ ਤੇ ਮਹੰਤਾਂ ਦੇ ਕਬਜ਼ੇ ਕਰਵਾ ਕੇ ਸਿੱਖੀ ਤਾਕਤ ਨੂੰ ਠੋਸ ਪਹੁੰਚਾਉਣ ਦੀ ਸਾਜਿਸ਼ ਰਚੀ ਹੋਈ ਸੀ। ਸੰਨ 1920-25 ਦੌਰਾਨ ਗੁਰਧਾਮਾਂ ਦੇ ਪ੍ਰਬੰਧ ਵਿਚ ਸੁਧਾਰ ਲਿਆਉਣ ਹੇਠ ਹਕੂਮਤ ਦੀ ਸ਼ਹਿ 'ਤੇ ਕਬਜ਼ਾ ਕਰੀ ਬੈਠੇ ਦੁਰਾਚਾਰੀ ਮਹੰਤਾਂ ਤੋਂ ਗੁਰਧਾਮ ਆਜ਼ਾਦ ਕਰਵਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਚਲਾਈ ਗਈ। ਜਿਸ ਨਾਲ ਗੁਰਧਾਮਾਂ ਨੂੰ ਪੰਥਕ ਪ੍ਰਬੰਧ ਹੇਠ ਲਿਆਂਦਾ ਗਿਆ। ਭਾਵੇਂ ਇੱਥੇ ਤੱਕ ਪਹੁੰਚਦਿਆਂ ਕਈ ਮੋਰਚੇ ਲਾਉਣੇ ਪਏ ਅਤੇ ਅਣਗਿਣਤ ਸ਼ਹੀਦੀਆਂ ਦੇਣੀਆਂ ਪਈਆਂ। 'ਜੈਤੋ ਦਾ ਮੋਰਚਾ' ਵੀ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ ਕਿ 28 ਸਾਲਾਂ ਦੇ ਮਹਾਰਾਜਾ ਰਿਪੁਦਮਨ ਸਿੰਘ ਆਜ਼ਾਦ ਖੁੱਲ੍ਹੇ ਵਿਚਾਰਾਂ ਦਾ ਕੌਮਪ੍ਰਸਤ ਨੌਜਵਾਨ ਸੀ। ਉਹ ਸਮਾਜਿਕ ਅਤੇ ਰਾਜਨੀਤਿਕ ਗਤੀਵਿਧੀਆਂ ਵਿਚ ਸੇਵਾ ਭਾਵਨਾ ਰੱਖਦਾ ਸੀ। ਉਹ ਸਿੱਖ ਧਰਮ ਦੀਆਂ ਰਵਾਇਤਾਂ ਦੀ ਕਦਰ ਕਰਦਾ ਸੀ। ਅੰਗਰੇਜ਼ ਸਰਕਾਰ ਦੀਆਂ ਗਲਤ ਨੀਤੀਆਂ ਦੀ ਹਮੇਸ਼ਾ ਵਿਰੋਧਤਾ ਕਰਦਾ ਸੀ। ਅਕਾਲੀ ਲਹਿਰਾਂ ਦਾ ਵੀ ਸਮਰਥਕ ਸੀ। ਜਦੋਂ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਰੋਸ ਦਿਵਸ ਅਤੇ ਅਰਦਾਸ ਦਿਵਸ ਮਨਾਉਣ ਲਈ ਸੰਗਤਾਂ ਨੇ ਕਾਲੀਆਂ ਦਸਤਾਰਾਂ ਸਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਜਾਣ ਦੀ ਅਪੀਲ ਕੀਤੀ ਤਾਂ ਮਹਾਰਾਜਾ ਰਿਪੁਦਮਨ ਸਿੰਘ ਨੇ ਵੀ ਇਸਦਾ ਸਵਾਗਤ ਕੀਤਾ। ਅੰਗਰੇਜ਼ ਸਰਕਾਰ ਨੇ ਮਹਾਰਾਜਾ ਨੂੰ ਬਾਗੀ ਕਰਾਰ ਦਿੰਦੇ ਹੋਏ 9 ਜੁਲਾਈ 1923 ਨੂੰ ਗੱਦੀ ਤੋਂ ਲਾਂਭੇ ਕਰ ਦਿੱਤਾ। ਸਰਕਾਰ ਮਹਾਰਾਜ ਦਾ ਸਿੱਖਾਂ ਨਾਲ ਚੰਗਾ ਸਬੰਧ ਹੋਣ ਤੇ ਔਖੀ ਸੀ ਤੇ ਬਹਾਨੇ ਦੀ ਤਲਾਸ਼ ਵਿਚ ਸੀ। ਸੰਗਤ ਨੇ ਅਨੁਭਵ ਕੀਤਾ ਕਿ ਇਹ ਅੰਗਰੇਜ਼ੀ ਹਕੂਮਤ ਦਾ ਸਿੱਖ ਧਰਮ ਵਿਚ ਸਿੱਧਾ ਦਖਲ ਹੈ। ਸ਼੍ਰੋਮਣੀ ਕਮੇਟ ਨੇ ਅਗਸਤ 5, 1923 ਨੂੰ ਮਹਾਰਾਜਾ ਦੀ ਬਹਾਲੀ ਦਾ ਮਤਾ ਪਾਸ ਕੀਤਾ। ਇਹ ਫੈਸਲਾ ਵੀ ਹੋਇਆ ਕਿ 25, 26 ਅਤੇ 27 ਅਗਸਤ 1923 ਨੂੰ ਗੁਰਦੁਆਰਾ ਗੰਗ ਸਾਹਿਬ ਵਿਖੇ ਦੀਵਾਨ ਸਜਾ ਕੇ ਪਾਠ ਕੀਤਾ ਜਾਵੇ। ਉਸੇ ਵੇਲੇ ਗਿਆਨੀ ਇੰਦਰ ਸਿੰਘ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਸਤੰਬਰ 1, 1923 ਨੂੰ ਸ਼੍ਰੋਮਣੀ ਕਮੇਟੀ ਨੇ ਫਿਰ ਸਿੰਘਾਂ ਨੂੰ ਪਾਠ ਕਰਨ ਭੇਜਿਆ। ਸਰਕਾਰੀ ਅਫਸਰਾਂ ਨੇ ਫਿਰ ਪਾਠੀ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

14 ਸਤੰਬਰ, 1923 ਨੂੰ ਇਸ ਪਾਠ ਖੰਡਿਤ ਦੀ ਘਟਨਾ ਨੇ ਰਾਜਨੀਤਿਕ ਅਤੇ ਧਾਰਮਿਕ ਰੰਗਤ ਫੜ ਲਈ। ਇਸ ਦੇ ਨਾਲ ਹੀ 'ਜੈਤੋ ਦਾ ਮੋਰਚਾ' ਆਰੰਭ ਹੋਇਆ ਜੋ ਬਾਕੀ ਮੋਰਚਿਆਂ ਤੋਂ ਲੰਮਾ ਚੱਲਿਆ। ਜੋ ਗੁਰਦੁਆਰਾ ਸੁਧਾਰ ਲਹਿਰ ਦਾ ਸਭ ਤੋਂ ਵੱਡਾ ਮੋਰਚਾ ਹੈ।

15 ਸਤੰਬਰ 1923 ਤੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ 25-25 ਸਿੰਘਾਂ ਦੇ ਜਥੇ ਭੇਜਣੇ ਸ਼ੁਰੂ ਹੋ ਗਏ। ਸਿੰਘਾਂ ਨੂੰ ਗ੍ਰਿਫਤਾਰ ਕਰਕੇ ਮਾਰ ਕੁੱਟ ਕਰਕੇ ਦੂਰ ਲਿਜਾ ਕੇ ਛੱਡ ਦਿੱਤਾ ਜਾਂਦਾ। ਸਿੰਘ ਫਿਰ ਤੋਂ ਜਥੇ ਵਿਚ ਸ਼ਾਮਲ ਹੋਣ ਲਈ ਚਲੇ ਜਾਂਦੇ। ਲੱਗਭੱਗ 5 ਮਹੀਨੇ ਜਥਿਆਂ ਦੀਆਂ ਗ੍ਰਿਫਤਾਰੀਆਂ ਹੁੰਦੀਆਂ ਰਹੀਆਂ। ਇਸ ਮੋਰਚੇ ਦੀ ਕਾਰਵਾਈ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਚਲਾਈ ਜਾ ਰਹੀ ਸੀ। ਅੰਗਰੇਜ਼ ਸਰਕਾਰ ਨੇ ਇਹਨਾਂ ਦੋਹਾਂ ਜਥੇਬੰਦੀਆਂ ਨੂੰ ਗੈਰ ਕਾਨੂੰਨੀ ਕਰਾਰ ਦੇ ਦਿੱਤਾ। ਸਿਰਕੱਢ ਆਗੂਆਂ ਨੂੰ ਗ੍ਰਿਫਤਾਰ ਕਰ ਲਿਆ। ਉਹਨਾਂ ਨੂੰ ਬਾਗੀ ਕਰਾਰ ਦੇ ਕੇ ਸਜ਼ਾਵਾਂ ਅਤੇ ਜੁਰਮਾਨਾ ਕੀਤਾ।

ਦੂਜੇ ਪੜਾਅ ਵਿਚ 500-500 ਸਿੰਘਾਂ ਦਾ ਜਥਾ ਭੇਜੇ ਜਾਣ ਦਾ ਫੈਸਲਾ ਹੋਇਆ। ਤਦ 3000 ਸਿੰਘ ਗ੍ਰਿਫਤਾਰੀ ਦੇਣ ਲਈ ਪਹੁੰਚ ਗਏ। ਫਰਵਰੀ 9, 1924 ਨੂੰ 500 ਸਿੰਘਾਂ ਦਾ ਪਹਿਲਾ ਜਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਭੇਜਿਆ ਗਿਆ। ਜਦੋਂ ਬਰਗਾੜੀ (ਫਰੀਦਕੋਟ) ਪੁੱਜਾ ਜੋ ਜੈਤੋ ਤੋਂ 6 ਕੁ ਮੀਲ 'ਤੇ ਹੈ। ਇੱਥੇ ਕੁਝ ਦਿਨ ਠਹਿਰ ਕੇ ਜਥੇ ਨੇ 21 ਫਰਵਰੀ, 1924 ਨੂੰ ਜੈਤੋ ਵੱਲ ਵਧਣਾ ਸ਼ੁਰੂ ਕੀਤਾ। ਜਥੇ ਦੇ ਨਾਲ 10,000 ਦੀ ਸੰਗਤ ਵੀ ਆ ਜੁੜੀ ਸੀ। ਜਥੇਵਿਚ ਡਾ. ਕਿਚਲੂ, ਪ੍ਰਿੰ: ਗਿਡਵਾਨੀ ਅਤੇ ਜਿਮੰਡ, ਨਿਊਯਾਰਕ ਟਾਈਮਜ਼ ਦੇ ਐਡੀਟਰ ਵੀ ਸ਼ਾਮਲ ਸਨ। ਬਰਗਾੜੀ ਤੋਂ ਜਥਾ ਗੁਰਦੁਆਰਾ ਟਿੱਬੀ ਸਾਹਿਬ ਵੱਲ ਵਧਿਆ। ਅੰਗਰੇਜ਼ ਫੌਜ ਜਥੇ ਨੂੰ ਖਿਦਰਾਣੇ ਲਈ ਤਿਆਰ ਖੜ੍ਹੀ ਸੀ। ਅੰਗਰੇਜ਼ ਅਫਸਰ ਵਿਲਸਨ ਜੌਹਨਸਨ ਨੇ ਨਿਹੱਥੇ ਜਥੇ ਤੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਸਿੰਘ ਫੱਟੜ ਅਤੇ ਸ਼ਹੀਦ ਹੁੰਦੇ ਗਏ ਪਰ ਜਥਾ ਸ਼ਾਂਤਮਈ ਅੱਗੇ ਵਧਦਾ ਗਿਆ। ਚਲਦੀ ਗੋਲੀ ਵਿਚ ਜਥਾ ਗੁਰਦੁਆਰਾ ਟਿੱਬੀ ਸਾਹਿਬ ਪਹੁੰਚ ਗਿਆ। ਜਿਹੜੀ ਸੰਗਤ ਬਚ ਨਿਕਲੀ ਸੀ ਨੂੰ ਵੀ ਗ੍ਰਿਫਤਾਰ ਕਰ ਲਿਆ। ਜਿਹਨਾਂ ਤੇ ਕੈਦ ਵਿਚ ਬਹੁਤ ਸਖਤੀ ਕੀਤੀ ਗਈ। ਇਸ ਤੋਂ ਬਾਅਦ ਵੀ 16 ਸ਼ਹੀਦੀ ਜਥੇ ਭੇਜੇ ਗਏ। ਆਖਰੀ ਜਥੇ ਤੋਂ ਬਿਨਾਂ ਸਭ ਨੂੰ ਗ੍ਰਿਫਤਾਰ ਕੀਤਾ ਜਾਂਦਾ ਰਿਹਾ। ਕੈਦ ਵਿਚ ਮਾਰ-ਕੁੱਟ ਕੀਤੀ ਜਾਂਦੀ। ਕੈਦ ਵਿਚ ਕਈ ਰੋਗੀ ਅਤੇ ਨਿਕਾਰਾ ਹੋ ਗਏ ਜਾਂ ਸ਼ਹੀਦੀ ਪਾ ਗਏ। ਪਰ ਕਿਸੇ ਨੇ ਵੀ ਹਾਰ ਨਹੀਂ ਮੰਨੀ। ਇਹਨਾਂ ਸੂਰਬੀਰਾਂ ਨੇ ਅਡੋਲ ਰਹਿ ਕੇ ਸਾਰੇ ਕਸ਼ਟ ਝੱਲੇ। ਗ੍ਰਿਫਤਾਰੀਆਂ ਦਾ ਸਿਲਸਿਲਾ ਨਾ ਮੁੱਕਦਾ ਵੇਖ ਕੇ ਕਿ ਸਿੱਖਾਂ ਦੀ ਧਰਮ ਅਤੇ ਰਾਜਨੀਤੀ ਵਿਚ ਦਖਲ ਦੇਣ ਨੇ ਅੰਗਰੇਜ਼ੀ ਸਰਕਾਰ ਨੂੰ ਬੜੀ ਮੁਸ਼ਕਿਲ ਵਿਚ ਪਾ ਦਿੱਤਾ। ਇਸ ਲੰਮੇ ਹੁੰਦੇ ਮੋਰਚੇ ਅੱਗੇ ਹਕੂਮਤ ਨੂੰ ਝੁਕਣਾ ਪਿਆ। ਇਸੇ ਵੇਲੇ ਗੁਰਦੁਆਰਾ ਕਾਨੂੰਨ ਨੰਬਰ 8, 1925 ਪਾਸ ਹੋ ਗਿਆ। ਜੁਲਾਈ, 27 1925 ਨੂੰ 'ਜੈਤੋ ਦੇ ਮੋਰਚਾ' ਦੇ ਸਾਰੇ ਕੈਦੀ ਰਿਹਾ ਹੋ ਗਏ। ਖੰਡਿਤ ਪਾਠ ਜਾਰੀ ਹੋਏ। ਸਿੰਘਾਂ ਦੇ ਸ਼ਾਂਤਮਈ ਹੌਸਲੇ ਅਤੇ ਨਿਸਚੈ ਦੀ ਸ਼ਲਾਘਾ ਹੋਈ। ਅੰਗਰੇਜ਼ੀ ਹਕੂਮਤ ਦੇ ਇਸ ਜ਼ੁਲਮ ਦੀ ਨਿਖੇਧੀ ਹੋਈ। ਸਰਕਾਰ ਰਿਪੋਰਟ ਵਿਚ ਲੱਗਭੱਗ 10,000 ਸਿੰਘਾਂ ਦੀ ਗ੍ਰਿਫਤਾਰੀ ਹੋਈ ਅਤੇ ਇਕ ਲੱਖ ਜੁਰਮਾਨਾ ਸਿੰਘਾਂ ਵੱਲੋਂ ਭਰਿਆ ਗਿਆ। ਦੇਸ਼ ਵਿਦੇਸ਼ ਤੋਂ ਗ੍ਰਿਫਤਾਰੀ ਲਈ ਜਥੇ ਪਹੁੰਚਦੇ ਰਹੇ।

# ਦੇਗ ਤੋਂ ਕੇਕ ਵੱਲ ?



ਕੁਲਜੀਤ ਸਿੰਘ 'ਢਪੱਈ'
+918360268446

ਪੰਜਾਬੀ ਦੀ ਇੱਕ ਕਹਾਵਤ ਹੈ ਕਿ ਅੱਗ ਲੈਣ ਆਈ ਘਰ ਦੀ ਮਾਲਕਣ ਬਣ ਬੈਠੀ, ਇਸੇ ਤਰ੍ਹਾਂ ਹੀ ਕਈ ਰੀਤੀ-ਰਿਵਾਜ ਜਾਂ ਰਸਮਾਂ ਹੌਲੀ-ਹੌਲੀ ਇਸ ਤਰ੍ਹਾਂ ਸਾਡੇ ਵਿਹੜੇ ਆ ਵੜੀਆਂ ਕਿ ਸਾਨੂੰ ਅਹਿਸਾਸ ਤੱਕ ਵੀ ਨਹੀਂ ਹੋਣ ਦਿੱਤਾ ਕਿ ਉਹ ਪਰੀਆਂ ਜਾਂ ਬੇਗਾਨੀਆਂ ਨੇ।

ਖੁੱਲੇ-ਡੁੱਲੇ ਸੁਭਾਅ ਹੋਣ ਕਰਕੇ ਅਸੀਂ ਨਿੱਕੀਆਂ-ਮੋਟੀਆਂ ਗੱਲਾਂ ਦੀ ਪ੍ਰਵਾਹ ਨਹੀਂ ਕਰਦੇ ਪਰ ਉਦੋਂ ਪ੍ਰਵਾਹ ਕਰਨੀ ਲਾਜ਼ਮੀ ਬਣਦੀ ਹੈ ਜਦੋਂ ਉਹ ਘਰ 'ਚ ਪਨਾਹ ਲੈਂਦੀਆਂ ਲੈਂਦੀਆਂ ਸਾਡੇ ਮੋਢਿਆਂ ਉੱਤੇ ਚੜ੍ਹ ਬੈਠੀਆਂ ਹੋਣ ਤੇ ਘਰ ਦੀਆਂ ਵਿਰਾਸਤੀ ਮਾਣਮੱਤੀਆਂ ਰਸਮਾਂ, ਮਰਿਆਦਾਵਾਂ ਨੂੰ ਉਂਗਲ ਤੱਕ ਵੀ ਫੜਨ ਨਾ ਦੇਣ।

ਸਿੱਖ ਧਰਮ ਵਿੱਚ ਜਨਮ, ਵਿਆਹ, ਮੌਤ ਜਾਂ ਇੰਝ ਕਹਿ ਲਵੋ ਕਿ ਹਰ ਖੁਸ਼ੀ ਗਮੀ ਦੇ ਮੌਕੇ ਤੇ ਕੜਾਹ ਪ੍ਰਸ਼ਾਦਿ ਦੀ ਦੇਗ ਬਣਾ ਕੇ ਗੁਰੂ ਸਾਹਿਬ ਅੱਗੇ ਭੇਂਟ ਕਰਕੇ ਸਬੰਧਤ ਕਾਰਜ ਲਈ ਅਰਦਾਸ ਉਪਰੰਤ ਸੰਗਤ ਵਿੱਚ ਵਰਤਾਉਣ ਦੀ ਮਰਿਆਦਾ ਗੁਰੂ ਸਾਹਿਬਾਨ ਦੇ ਸਮੇਂ ਤੋਂ ਚਲਦੀ ਆ ਰਹੀ ਹੈ।ਪਰ ਬੜਾ ਦੁੱਖ ਹੁੰਦਾ ਹੈ ਜਦ ਲੋਕਾਂ ਨੂੰ ਮੈਂ ਹਰ ਥਾਂ ਘਰ-ਬਾਹਰ ਕੋਈ ਵੀ ਪ੍ਰੋਗਰਾਮ ਹੋਵੇ, ਅੱਡੀਆਂ ਚੁੱਕੀ ਕੇਕ ਕੱਟਣ ਲਈ ਉਤਾਵਲੇ ਹੋ ਰਹੇ ਵੇਖਦਾਂ ਹਾਂ।

ਚਾਹੇ ਉਹ ਬੱਚੇ,ਬੁੱਢੇ,ਜਵਾਨ ਦਾ ਜਨਮ ਦਿਨ ਹੋਵੇ (ਜਿਹੜਾ ਕਿ ਆਏ ਦਿਨ ਕਿਸੇ ਨਾ ਕਿਸੇ ਦਾ ਆਇਆ ਹੀ ਰਹਿੰਦਾ ਹੈ) ਠਾਕਾ ਹੋਵੇ, ਸਗਨ ਹੋਵੇ, ਵਿਆਹ ਹੋਵੇ ਪਤਾ ਨਹੀਂ ਕਿਉਂ ਅਸੀਂ ਸਭ ਕੁਝ ਭੁੱਲ ਕੇ ਝੱਟ ਗੋਲ਼-ਕਤਾਰਾ ਬਣਾ ਕੇ ਕੇਕ ਦੁਆਲੇ ਤਾੜੀਆਂ ਮਾਰਨ ਲੱਗ ਪੈਂਦੇ ਹਾਂ।

ਅਜਿਹੇ ਮੌਕੇ ਚੰਗੇ ਭਲੇ ਪੰਜਾਬੀ ਪ੍ਰਵਾਰ ਦੇ ਮਾਈ-ਭਾਈ ਵੀ ਅੰਗਰੇਜੀ ਵਿਚ 'ਹੈਪੀ ਬਰਥ ਡੇ ਟੂ ਯੂ' ਦਾ ਰਾਗ ਅਲਾਪਣ ਲੱਗ ਜਾਂਦੇ ਹਨ। ਜਿਵੇਂ ਕਿਤੇ 'ਜਨਮ ਦਿਨ ਮੁਬਾਰਕ ਪੁੱਤਰਾ ਜਾਂ ਧੀਏ !' ਨੂੰ ਅੰਗਰੇਜੀ 'ਚ ਬੋਲਣ ਦਾ ਕੋਈ 'ਸਖਤ ਕਾਨੂੰਨ' ਬਣਿਆਂ ਹੋਇਆ ਹੋਵੇ ! ਜਿਸਤੋਂ ਡਰਦੇ ਮਾਂ-ਬੋਲੀ ਪੰਜਾਬੀ ਛੱਡ ਕੇ ਅੰਗਰੇਜੀ ਬੋਲਦੇ ਹੋਈਏ !!

ਸਰਕਾਰੀ, ਪ੍ਰਾਈਵੇਟ ਦਫ਼ਤਰਾਂ ਵਿਚ ਨੌਕਰੀ ਮਿਲੇ,ਤਰੱਕੀ ਹੋਵੇ ਸੇਵਾ-ਮੁਕਤੀ ਹੋਵੇ ਇਹ ਮੇਜ਼ਾਂ 'ਤੇ ਪਤਾ ਨਹੀਂ ਕਿਹੜੇ ਵੇਲੇ ਸੱਜ ਧੱਜ ਕੇ ਚੜ੍ਹ ਬਹਿ ਜਾਂਦਾ ਹੈ। ਲੋਹੜੀ, ਦਿਵਾਲੀ ਗੱਲ ਕੀ ਹਰ ਦਿਨ ਤਿਉਹਾਰ ਮੌਕੇ ਸਭ ਨੇ ਇਸ ਨੂੰ ਸਿਰ ਉੱਤੇ ਚੜ੍ਹਾ ਰਖਿਆ ਹੈ।

ਹੋਰ ਤਾਂ ਹੋਰ ਹੁਣ ਤਾਂ ਗੁਰਪੁਰਬਾਂ ਤੇ ਵੀ ਇਸ ਦੀ ਆਮਦ ਦੀਆਂ ਖਬਰਾਂ ਆਮ ਸੁਣਨ ਨੂੰ ਮਿਲਦੀਆਂ ਹਨ।

ਮੇਰਾ ਇਹ ਆਪ ਸਭ ਦਾ ਇਸ ਵੱਲ ਧਿਆਨ ਦਿਵਾਉਣ ਦਾ ਮਕਸਦ ਕੇਵਲ ਇਹ ਹੀ ਹੈ ਕਿ ਅਸੀਂ ਆਪਣੀ ਵਖਰੀ ਹੋਂਦ ਨੂੰ ਆਪਣੇ ਰੀਤੀ-ਰਿਵਾਜ, ਰਸਮਾਂ, ਮਰਿਆਦਾਵਾਂ ਜੋ ਗੁਰੂ ਸਾਹਿਬ ਸਾਨੂੰ ਬਖਸ਼ ਗਏ ਉਨ੍ਹਾਂ ਨੂੰ ਕੰਡ ਦੇ ਕੇ ਬੇਗਾਨੀਆਂ ਰਸਮਾਂ ਨੂੰ ਏਨਾ ਸਿਰ 'ਤੇ ਨਾ ਚੜ੍ਹਾਈਏ ਕਿ ਆਪਣੀ ਵਿਲੱਖਣਤਾ ਤੇ ਨਿਆਰੇਪਣ ਦੀ ਹੋਂਦ ਨੂੰ ਹੀ ਹੱਥੋਂ ਗਵਾ ਬੈਠੀਏ ।

ਸੋ ਆਓ ਦੇਗ ਤੋਂ ਕੇਕ ਵੱਲ ਦੇ ਸੁਰੂ ਹੋਏ ਸਫ਼ਰ ਨੂੰ ਠੱਲ੍ਹ ਪਾਉਂਦੇ ਹੋਏ ਜਿਥੇ ਵੀ ਆਪਣੇ ਆਲੇ ਦੁਆਲੇ ਚਾਹੇ ਘਰ ਹੋਵੇ ਬਾਹਰ ਹੋਵੇ ਜਦ ਵੀ ਕੇਕ ਦੁਆਲੇ ਤਾੜੀਆਂ ਮਾਰਨ ਦੀ ਗੱਲ ਛਿੜੇ ਉਸ ਦੇ ਵਿਰੋਧ ਵਿਚ ਖੜ੍ਹੇ ਹੋ ਕੇ ਗੁਰੂ ਨਾਨਕ ਸਾਹਿਬ ਦੀ ਬਾਣੀ ਦੀ ਖ਼ੁਸ਼ਬੂ ਵੰਡਦੀ ਦੇਗ ਵਰਤਾਉਣ ਦੀ ਗੱਲ ਕਰੀਏ ਤੇ ਆਪਣੇ ਮਾਣ-ਮੱਤੇ ਰੀਤੀ ਰਿਵਾਜਾਂ ਨੂੰ ਬਰਕਰਾਰ ਰੱਖਣ ਲਈ ਯਤਨ ਕਰੀਏ।

************

## ਕਾਵਿ ਵਿਅੰਗ
# ਲੋਟਸ ਦਾ ਕੰਮ ਲੋਟ !

ਉਹ 'ਆਮ' ਨਹੀਂ ਰਹਿੰਦਾ ਫਿਰ ਖਾਸ ਹੁੰਦਾ
ਗੱਦੀ ਬਹਿੰਦਿਆਂ ਮਿਲਣ ਜਦ ਨੋਟ੍ਹ ਯਾਰੋ।
ਕੰਮ ਕੋਈ ਵੀ ਅੜਿਆ ਨਹੀਂ ਰਹਿ ਸਕਦਾ
'ਸਾਮ-ਦਾਮ-ਦੰਡ-ਭੇਦ' ਦੀ ' ਟ' ਯਾਰੋ।
'ਲਾਠੀ' ਜਿਹਦੇ ਹੱਥ 'ਮੱਝ' ਵੀ ਉਸੇ ਦੀ ਹੀ
ਰਾਜਨੀਤੀ ਵਿਚ ਵੱਡਾ ਇਹ 'ਖੋਟ' ਯਾਰੋ।
'ਢੋਲ-ਢਮੱਕਾ' ਸੁਣ 'ਚੋਣ-ਪ੍ਰਚਾਰ' ਵਾ਼ਲਾ
ਬੱਝੀ ਇੱਕੋ ਥਾਂਹ ਰਹਿੰਦੀ ਨਹੀਂ ਵੋਟ ਯਾਰੋ।
ਹਉਮੈਂ-ਆਕੜ ਨਾ਼ਲ ਭਰੀ 'ਇਮਾਨਦਾਰੀ'
ਲਾ ਗਈ 'ਇੰਡੀਆ ਟੀਮ' ਨੂੰ ਚੋਟ ਯਾਰੋ।
ਤਿੰਨ ਧਿਰਾਂ ਵਿਚ ਵੋਟਾਂ ਜਦ ਵੰਡ ਹੋਈਆਂ
ਕੰਮ 'ਲੋਟਸ' ਦਾ ਆ ਗਿਆ 'ਲੋਟ' ਯਾਰੋ।



-ਤਰਲੋਚਨ ਸਿੰਘ
ਦੁਪਾਲ ਪੁਰ
001-408-915-1268

# ਗੁਰੂ ਰਵਿਦਾਸ ਬਾਣੀ: ਮਨੁੱਖੀ ਹੋਂਦ ਦਾ ਸੰਕਲਪ

**(ਸਫਾ 20 ਦੀ ਬਾਕੀ)**

ਕਰਕੇ ਵੀ ਪਦਾਰਥਾਂ ਤੋਂ ਸੰਤੁਸ਼ਟ ਨਹੀਂ ਹੁੰਦਾ। ਇਸੇ ਕਰਕੇ ਗੁਰੂ ਜੀ ਨੇ ਮਨੁੱਖੀ ਹੋਂਦ ਦੀ ਅਸਥਿਰਤਾ ਦਾ ਵਿਸਥਾਰਮਈ ਵਰਣਨ ਕਰਦਿਆਂ ਉਹਨਾਂ ਵਿਅਕਤੀਆਂ ਨੂੰ ਹਲੂਣਿਆ ਹੈ ਜੋ ਮੌਤ ਨੂੰ ਭੁਲਾ ਕੇ ਸੰਸਾਰਕ ਪਦਾਰਥਾਂ ਅਤੇ ਪਦਵੀਆਂ ਦੇ ਨਸ਼ੇ ਵਿਚ ਸਾਧਾਰਨ ਲੋਕਾਂ ਉਤੇ ਜ਼ੁਲਮ ਢਾਹ ਕੇ, ਵਿਸ਼ਿਆਂ-ਵਿਕਾਰਾਂ ਦਾ ਸਹਾਰਾ ਲੈ ਕੇ, ਰਾਜੇ ਇੰਦਰ ਦੇ ਸਮਾਨ ਆਪਣਾ ਮਹੱਲ ਬਣਾਉਣ ਅਤੇ ਸਿੰਘਾਸਨ ਕਾਇਮ ਕਰਨ ਲਈ ਹੜਕੰਪ ਮਚਾ ਰੱਖਦੇ ਹਨ। ਪਰ ਸਚਾਈ ਇਹ ਹੈ ਕਿ ਮੌਤ ਤੋਂ ਭੱਜਿਆ ਨਹੀਂ ਜਾ ਸਕਦਾ। ਗੁਰੂ ਜੀ ਦੇ ਅਨੇਕਾਂ ਸ਼ਬਦ ਜੋ ਮਨੁੱਖੀ ਵਜੂਦ ਦੀ ਹੋਂਦ ਤੇ ਅਸਥਿਰਤਾ ਦਾ ਅਹਿਸਾਸ ਕਰਵਾਉਂਦੇ ਹਨ:-

ਜੈਸਾ ਰੰਗ ਕੁਸੰਭ ਕਾ ਤੈਸਾ ਇਹੁ ਸੰਸਾਰ।।

ਪ੍ਰਾਨੀ ਕਿਆ ਮੇਰਾ ਕਿਆ ਤੇਰੀ।।
ਜੈਸੇ ਤਰਵਰ ਪੰਖਿ ਬਸੇਰਾ।।

ਜੋ ਦਿਨ ਆਵਹਿ ਸੋ ਦਿਨ ਜਾਹੀ।।
ਕਰਨਾ ਕੂਚੁ ਰਹਨੁ ਥਿਰ ਨਾਹੀ।।
ਸੰਗ ਚਲਤ ਹੈ ਹਮ ਭੀ ਚਲਨਾ।।
ਦੂਰ ਗਵਨੁ ਸਿਰ ਊਪਰਿ ਮਰਨਾ।।
ਕਿਆ ਤੂ ਸੋਇਆ ਜਾਗੁ ਇਆਨਾ।।
ਤੈ ਜੀਵਨ ਜਗਿ ਸਚੁ ਕਰਿ ਜਾਨਾ।।

ਇਹ ਤਨੁ ਐਸਾ ਜੈਸੇ ਘਾਸ ਕੀ ਟਾਟੀ।।
ਜਲਿ ਗਇਓ ਘਾਸ ਰਲਿ ਗਇਓ ਮਾਟੀ।।

ਬਿਨ ਦੇਖੈ ਉਪਜੈ ਨਹੀ ਆਸਾ ਜੋ ਦੀਸੈ ਸੋ ਹੋਇ ਬਿਨਾਸਾ।।

ਮਨੁੱਖੀ ਵਜੂਦ ਦੀ ਅਸਥਿਰਤਾ ਨੂੰ ਦੇਖਦਿਆਂ ਗੁਰੂ ਜੀ ਦੇ ਫੁਰਮਾਏ ਸ਼ਬਦ 'ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮਾਰੇ ਲੇਖੇ' ਅਨੁਸਾਰ ਇਨਸਾਨੀਅਤ ਜਨਮ ਦੀ ਦੁਰਲੱਭਤਾ ਕਾਇਮ ਰੱਖਣੀ ਚਾਹੀਦੀ ਹੈ। ਇਸੇ ਕਰਕੇ ਗੁਰੂ ਜੀ ਨੇ ਪਰਮਾਤਮਾ ਦੀ ਭਗਤੀ ਲਈ ਤਰਕਮਈ ਸੋਚ ਉਪਰ ਆਧਾਰਿਤ, ਬਾਹਰਮੁਖੀ ਕਰਮਕਾਂਡਾਂ ਨੂੰ ਵਿਅਰਥ ਦੱਸਿਆ ਹੈ। ਪੂਜਾ, ਤੀਰਥ, ਦਾਨ-ਪੁੰਨ, ਘਰ-ਬਾਹਰ ਛੱਡ ਕੇ ਜੰਗਲਾਂ/ਪਹਾੜਾਂ ਵਿਚ ਭਗਤੀ ਕਰਨੀ ਆਦਿ ਤੋਂ ਰਹਿਤ ਆਪਣੇ ਅੰਦਰੋਂ, ''ਸਾਚੀ ਪ੍ਰੀਤਿ ਹਮ ਤੁਮ ਸੇ ਜੋਰੀ, ਤੁਮ ਸੰਗਿ ਜੋਰ ਅਵਰੁ ਸੰਗ ਤੋਰੀ'' ਦੀ ਜੁਗਤ ਅਪਣਾਉਣ 'ਤੇ ਜ਼ੋਰ ਦਿੱਤਾ ਹੈ। ਇਸੇ ਕਰਕੇ ਗੁਰੂ ਜੀ ਨੇ ''ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ'' ਦਾ ਹੋਕਾ ਦੇ ਕੇ ਪ੍ਰਭੂ ਚਰਨਾਂ ਵਿਚ ''ਤਨ ਮਨ ਅਰਪਨ ਪੂਜ ਚਰਾਵਉ'' ਨੂੰ ਪ੍ਰਭੂ-ਭਗਤੀ ਦੱਸਿਆ ਹੈ ਜੋ ਮਨੁੱਖੀ ਹੋਂਦ ਦੀ ਸਹੀ ਪਛਾਣ ਹੈ।

ਸਮੁੱਚੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਰਵਿਦਾਸ ਜੀ ਦੀ ਬਾਣੀ ਮਾਨਵੀ ਹੋਂਦ ਦੇ ਹਰ ਪਹਿਲੂ ਨੂੰ ਗੰਭੀਰ ਚਿੰਤਨ ਅਤੇ ਸੂਖਮ ਤੋਂ ਸੂਖਮ ਰੂਪ ਵਿਚ ਪੇਸ਼ ਕਰਦੀ ਹੈ। ਜਿਹੜੀ ਰੰਗ, ਨਸਲ, ਊਚ-ਨੀਚ, ਜਾਤ-ਪਾਤ, ਅਮੀਰ-ਗਰੀਬ, ਧਰਮ ਬਿਖਰੇਵਿਆਂ ਤੋਂ ਉਪਰ ਉਠ ਕੇ ਮਨੁੱਖੀ ਹੋਂਦ ਦੀ ਕਾਇਮੀ 'ਤੇ ਜ਼ੋਰ ਦਿੰਦੀ ਹੈ। ਮਨੁੱਖੀ ਹੋਂਦ ਦੇ ਵੱਖ-ਵੱਖ ਪਹਿਲੂ ਜਿਵੇਂ- ਮਨੁੱਖੀ ਸ਼ਖਸੀਅਤ, ਸੁਤੰਤਰਤਾ, ਆਤਮਪਰਕ ਦੀ ਅਭਿਵਿਅਕਤੀ, ਜੀਵਨ ਦੀ ਪ੍ਰਮਾਣਿਕਤਾ, ਮਾਨਵੀ-ਅਨੋਖਾਪਣ, ਮਨੁੱਖੀ ਦੁਰਦਸ਼ਾ ਦੀ ਪਛਾਣ, ਮਨੁੱਖ ਦੀਆਂ ਕਮਜ਼ੋਰੀਆਂ ਅਤੇ ਅਸੁਰੱਖਿਆਤਾਵਾਂ ਆਦਿ 'ਤੇ ਬਿਬੇਕਸ਼ੀਲ ਤੇ ਤਰਕਸ਼ੀਲਤਾ ਵਾਲੀ ਰੋਸ਼ਨੀ ਹੀ ਨਹੀਂ ਪਾਉਂਦੀ, ਸਗੋਂ ਸੰਸਾਰਕ ਨਾਸ਼ਵਾਨਤਾ ਦਰਸਾ ਕੇ 'ਜਨਮ ਸਿਰਾਨੋ ਪੰਥ ਨ ਸਵਾਰਾ' ਵਰਗੀ ਚੇਤਨਤਾ ਪ੍ਰਦਾਨ ਕਰਦੀ ਹੈ। ਗੱਲ ਕੀ ਗੁਰੂ ਜੀ ਦੀ ਬਾਣੀ ਮਨੁੱਖੀ ਅਮਾਨਵੀਕਰਨ ਦੇ ਵਿਰੁੱਧ ਇਕ ਬਗਾਵਤ ਹੈ। ਆਓ! ਗੁਰੂ ਜੀ ਦੀ ਬਾਣੀ ਨੂੰ ਸਮਾਜਿਕ ਬਿਖਰੇਵਿਆਂ ਤੋਂ ਉਪਰ ਉੱਠ ਕੇ, ਨਿਸੰਗ ਹੋ ਕੇ ਆਪਣੇ ਜੀਵਨ ਦਾ ਇਕ ਆਦਰਸ਼ ਬਣਾਈਏ। ਪਰ ਅਫਸੋਸ ਕਿ ਅਸੀਂ ਗੁਰੂ ਜੀ ਦਾ ਜਨਮ ਦਿਹਾੜਾ ਵੱਡੇ-ਵੱਡੇ ਨਗਰ ਕੀਰਤਨ, ਦੀਵਾਨ ਸਜਾਉਣ, ਕੀਰਤਨ ਦਰਬਾਰ ਲਗਾਉਣ, ਲੰਗਰ ਚਲਾਉਣ, ਪ੍ਰਭਾਤ ਫੇਰ-ਿਆਂ ਕੱਢਣ, ਭੰਗੜੇ ਪਾਉਣ ਅਤੇ ਮੇਲਿਆਂ ਦਾ ਰੂਪ ਦੇਣ ਤੱਕ ਸੀਮਤ ਹੋ ਗਏ ਹਾਂ।

ਗੁਰੂ ਜੀ ਦੀ ਵਿਚਾਰਧਾਰਾ ਨੂੰ ਸਮਾਜ ਦੇ ਇਕ ਵਰਗ ਦੇ ਲੋਕਾਂ ਤੱਕ ਸੀਮਤ ਕਰਕੇ ਦੇਖਦੇ ਹਾਂ ਜਦੋਂ ਕਿ ਸਾਨੂੰ ਸਭ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ, ਜਿਨ੍ਹਾਂ ਨੇ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਕੇ ਸਮੁੱਚੀ ਮਾਨਵ ਜਾਤੀ ਲਈ ਵਿਆਪਕਤਾ ਪ੍ਰਦਾਨ ਕੀਤੀ ਹੈ, ਦੀ ਸੋਚ ਨੂੰ ਸਾਕਾਰ ਕਰਨ ਦੇ ਯਤਨਾਂ ਵਿਚ ਲੱਗੇ ਰਹਿਣਾ ਚਾਹੀਦਾ ਹੈ।

# ਦੁਆਬੇ ਦੀ ਧੀ ਹਰਸ਼ਦੀਪ ਕੌਰ ਗੜ੍ਹਸ਼ੰਕਰ ਸਿਰ ਤੇ ਸੱਜੀ ਸੱਗੀ

## ਪੰਜਾਬ ਦੇ ਕੋਨੇ-ਕੋਨੇ ਵਿੱਚੋਂ 114 ਧੀਆਂ ਨੇ ਸੁਨੱਖੀ ਪੰਜਾਬਣ ਮੁਟਿਆਰ ਮੁਕਾਬਲੇ ਵਿੱਚ ਲਿਆ ਭਾਗ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)-** ਵਿਸ਼ਵ ਪੱਧਰ ਤੇ ਪਛਾਣ ਬਣਾਉਣ ਵਾਲਾ ਧੀਆਂ-ਧਿਆਣੀਆ ਵਿਰਾਸਤੀ ਲੋਕ-ਕਲਾਵਾਂ ਮੇਲੇ ਸੁਨੱਖੀ ਪੰਜਾਬਣ ਮੁਟਿਆਰ ਅੱਜ ਸਥਾਨਿਕ ਰਾਮ ਸਿੰਘ ਦੱਤ ਹਾਲ ਵਿਖੇ ਲੋਕ ਸੱਭਿਆਚਾਰਕ ਪਿੜ (ਰਜਿ:) ਗੁਰਦਾਸਪੁਰ ਦੇ ਪ੍ਰਧਾਨ ਤੇ ਭੰਗੜਾ ਕੋਚ ਜੈਕਬ ਮਸੀਹ ਤੇਜਾ ਵੱਲੋਂ ਕਰਵਾਇਆ ਗਿਆ। ਇਸ ਮੁਕਾਬਲੇ ਦੀ ਘੁੰਡ ਚੁਕਾਈ ਦੀ ਰਸਮ ਸ. ਬਰਿੰਦਰਮੀਤ ਸਿੰਘ ਪਾਹੜਾ ਜਿਲਾ ਪ੍ਰਧਾਨ ਕਾਂਗਰਸ ਅਤੇ ਵਿਧਾਇਕ ਗੁਰਦਾਸਪੁਰ ਵੱਲੋਂ ਕੀਤੀ ਗਈ ਅਤੇ ਦੀਵੇ ਦੀ ਲੋਅ ਕਰਨ ਦੀ ਰਸਮ ਸ੍ਰੀ ਰਮਨ ਬਹਿਲ ਚੇਅਰਮੈਨ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਅਤੇ ਸੀਨੀਅਰ ਨੇਤਾ ਆਮ ਆਦਮੀ ਪਾਰਟੀ ਪੰਜਾਬ ਅਤੇ ਪਿੜ ਪਰਿਵਾਰ ਵੱਲੋ ਸਾਂਝੇ ਤੌਰ ਤੇ ਕੀਤੀ ਗਈ। ਇਸ ਮੌਕੇ ਮਾਹਿਰਾਂ ਔਰਤਾਂ ਜੱਜਾਂ ਵੱਲੋਂ ਹਰਸ਼ਦੀਪ ਕੌਰ ਗੜ੍ਹਸ਼ੰਕਰ ਮੁਟਿਆਰ ਸੁਨੱਖੀ ਪੰਜਾਬਣ ਸਵਾਰ ਹੋ ਕੇ ਪਹੁੰਚੇ ਮੇਲੇ ਵਿੱਚ ਪਿੜ ਵਲੋਂ ਕਰਵਾਏ ਜਾਂਦੇ ਮੇਲੇ ਦੀ ਖ਼ਾਸੀਅਤ ਇਹ ਹੈ ਕਿ ਇਹ ਪੂਰੀ ਤਰ੍ਹਾਂ ਸੱਭਿਆਚਾਰ ਦੇ ਰੰਗ ਵਿਚ ਰੰਗਿਆ ਹੁੰਦਾ ਹੈ। ਇਸੇ ਲਈ ਮੇਲੇ 'ਚ ਪਹੁੰਚਣ ਵਾਲੇ ਹਰ ਇਕ ਪ੍ਰਾਹੁਣੇ ਦੀ ਆਓ ਭਗਤ ਪੁਰਾਤਨ ਢੰਗ ਨਾਲ ਟਾਂਗੇ 'ਤੇ ਬਿਠਾ ਕੇ ਮੇਲੇ 'ਚ ਲਿਆਂਦਾ ਜਾਂਦਾ ਹੈ ਤੇ ਫੁਲਕਾਰੀ ਦੀ ਛਾਂ ਹੇਠਾਂ ਉਨ੍ਹਾਂ ਨੂੰ ਮੰਚ ਤੱਕ ਪੁੱਜਦਾ ਕੀਤਾ ਜਾਂਦਾ ਹੈ ਅਤੇ ਜਿੱਥੇ ਬੂਹੇ ਵਿਚ ਤੇਲ 'ਚੋਂ ਕੇ ਉਨ੍ਹਾਂ ਦਾ ਸਵਾਗਤ ਕੀਤਾ ਜਾਂਦਾ ਹੈ। ਪੁਰਾਤਨ ਹਾਰਾ ਨਾਲ ਜੋ ਕਿ ਮੂੰਗਫਲੀ ਨੂਠੀ ਨਾਲ ਬਣਾਏ ਹੋਏ ਹਰ ਮਹਿਮਾਨ ਦੇ ਗਲਾਂ ਵਿੱਚ ਪਾ ਕੇ ਸਵਾਗਤ ਕੀਤਾ ਗਿਆ। ਇਸੇ ਤਰ੍ਹਾਂ ਅੱਜ ਜਦੋਂ ਚੇਅਰਮੈਨ ਰਮਨ ਬਹਿਲ, ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ, ਸਮੇਤ ਹੋਰ ਅਧਿਕਾਰੀ ਟਾਂਗੇ 'ਤੇ ਸਵਾਰ ਹੋ ਕੇ ਮੇਲੇ 'ਚ ਪਹੁੰਚੇ ਤਾਂ ਜਿੱਥੇ ਅਧਿਕਾਰੀ ਖ਼ੁਦ ਖ਼ੁਸ਼ ਹੋਏ, ਉੱਥੇ ਲੋਕ ਵੀ ਇਹ ਨਜ਼ਾਰਾ ਦੇਖ ਕੇ ਵਾਹ-ਛਿੱਲੜ ਲਾਉਣੀ ਅਤੇ ਸਾਗ ਚੀਰਨਾ ਤੇ ਘੋਟਣਾ, ਮਧਾਣੀ ਨਾਲ ਦਹੀਂ ਰਿੜਕਣਾ, ਖੇਸ ਦੇ ਡੋਰੇ ਵੱਟਣੇ, ਗੰਨਾ ਚੂਪਣਾ, ਉੱਖਲੀ ਵਿਚ ਦਾਣੇ ਕੁੱਟਣੇ, ਚੌਂਕ ਪੂਰਨਾ, ਚੂਰੀ ਬਣਾਉਣੀ, ਮਿੱਟੀ ਦੀ ਕੰਧ ਉਤੇ ਬੂਟੀਆਂ ਪਾਉਣਾ, ਨਾਲੇ ਦਾ ਤਾਣਾ ਪਾਉਣਾ, ਚਰਖੇ ਦੇ ਫੱਟਾ ਤੇ ਬੇਰ ਪਾਉਣਾ, ਛਾਬੀ ਬਣਨੀ, ਮਿੱਟੀ ਦੇ ਖਿਡੌਣੇ ਬਣਾਉਣੇ, ਰਜਾਈ ਨਗੰਦਣਾ, ਦਰੀ ਬਣਾਉਣਾ,ਸਵੈਟਰ ਤੇ ਬੁਨਤੀ (ਨਮੂਨਾ) ਪਾਉਣਾ, ਚੁੱਲੇ ਨੂੰ ਮਿੱਟੀ ਲਾਉਣੀ ਅਤੇ ਰੀਣੀ ਲਾਉਣੀ, ਸੁਰਮਾ ਪੀਹਣਾ,ਤੰਦੂਰ ਤੇ ਰੋਟੀ ਲਾਉਣੀ, ਮੰਜੀ, ਪੀੜੀ ਨੂੰ ਵਾਣ ਨਾਲ ਬੁਣਨਾ ਮੁਕਾਬਲੇ ਕਰਵਾਏ ਗਏ। ਇਸ ਮੌਕੇ ਤੇ ਪੰਜਾਬ ਭਰ ਵਿੱਚੋਂ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰ ਚੁੱਕੀਆਂ ਪੰਜਾਬ ਦੀਆਂ 5 ਨਾਮਵਰ ਸ਼ਖਸ਼ੀਅਤਾਂ ਨੂੰ ਪੁਰਸਕਾਰ ਦਿਤੇ ਗਏ। ਜਿੰਨਾਂ ਵਿੱਚ ਸ ਬਲਰਾਜ ਜੀ ਨੂੰ ਲੋਕ ਗਾਇਕੀ ਦੇ ਖੇਤਰ ਤੇ ਕੰਮ ਕਰਨ ਲਈ "ਸੁਰਾਂ ਦਾ ਵਣਜਾਰਾ" ਸਵ: ਹੈਪੀ ਹੁਸ਼ਿਆਰਪੁਰ ਗਿੱਧਿਆਂ ਦੀ ਮੇਲਣ, ਰਿਤਿਕਾ ਥਾਪਰ ਦਸ਼ਮੇਸ਼ ਕਾਲਜ ਫ਼ਾਰ ਵੂਮੈਨ ਮੁਕੇਰੀਆਂ, ਹੁਸ਼ਿਆਰਪੁਰ ਮੋਰਨੀ ਵਰਗੀ ਧੌਣ, ਜੈਸਮੀਨ ਕੌਰ ਸੈਂਟ ਮੈਰੀ ਸੀਨੀਅਰ ਸੈਕੈਂਡਰੀ ਸਕੂਲ ਮੀਰਪੁਰ ਸੂਝਵਾਨ ਮੁਟਿਆਰ, ਕਿਰਨਦੀਪ ਕੌਰ ਕੇ.ਐਮ.ਵੀ. ਜਲੰਧਰ ਮੜ੍ਹਕ ਨਾਲ ਤੁਰਨਾ, ਵੰਸ਼ਿਕਾ ਕੇ.ਐਮ.ਵੀ. ਜਲੰਧਰ ਸੋਹਣਾ ਪੰਜਾਬੀ ਪਹਿਰਾਵਾ, ਜਸਮੀਨ ਢਿੱਲੋਂ ਪੰਡਿਤ ਮੋਹਨ ਲਾਲ ਐਸ ਡੀ ਕਾਲਜ ਫਾਰ ਵੋਮਨ ਗੁਰਦਾਸਪੁਰ ਹਾਸਿਆਂ ਦੀ ਰਾਣੀ, ਦੀਕਸ਼ਾ ਦਸ਼ਮੇਸ਼ ਕਾਲਜ ਫਾਰ ਵੋਮੈਨ ਮਕੇਰੀਆਂ ਸੱਪਣੀ ਵਾਲੀ ਗੁੱਤ, ਸਿਮਰਨ ਐਸ ਐਸ ਐਮ ਕਾਲਜ ਦੀਨਾਨਗਰ ਮੁੱਖਰਾ ਚੰਨ ਵਰਗਾ, ਮੁਸਕੀਨਜੋਤ ਕੇ.ਐਮ.ਵੀ. ਜਲੰਧਰ ਸੋਹਣੇ ਗਹਿਣੇ, ਸਿਮਰਨਜੋਤ ਕੌਰ ਜੀ.ਐਨ.ਡੀ.ਯੂ. ਖੇਤਰੀ ਕੈਂਪਸ ਮਿੱਠੜੇ ਬੋਲ, ਗੁਰਪ੍ਰੀਤ ਕੌਰ ਪੀ.ਟੀ.ਯੂ. ਜਲੰਧਰ ਮਿਲਾਪੜੀ ਮੁਟਿਆਰ, ਰਾਧਿਕਾ ਸਿੱਖ ਨੈਸ਼ਨਲ ਕਾਦੀਆਂ ਨੰਨੀ







ਮੁਟਿਆਰ ਦੀ ਖਿਤਾਬ ਨਾਲ ਸਨਮਾਨਿਤ ਕਰਕੇ ਉਸ ਨੂੰ ਸੱਗੀ ਦਿੱਤੀ ਗਈ।ਜਦੋਂ ਕਿ ਨਿੰਮੀ ਬੈਂਸ ਪੀ ਏ ਯੂ ਲੁਧਿਆਣਾ ਨੇ ਦੂਜਾ ਸਥਾਨ, ਸਿਮਰਨਜੀਤ ਕੌਰ ਡੀ ਕਾਲਜ ਫ਼ਾਰ ਵੂਮੈਨ ਗੁਰਦਾਸਪੁਰ ਨੇ ਤੀਸਰਾ ਸਥਾਨ ਹਾਸਲ ਕੀਤਾ। ਪੰਜਾਬੀ ਸੱਭਿਆਚਾਰ ਨਾਲ ਜੁੜੇ ਇਸ ਵਿਲੱਖਣ ਪੁਰਾਤਨ ਸੱਭਿਆਚਾਰ ਨਾਲ ਸਬੰਧਿਤ ਮੁਕਾਬਲਾ ਸਵੇਰੇ 10 ਤੋਂ ਸ਼ਾਮ ਤੱਕ 5 ਵਜੇ ਲਗਾਤਾਰ 8 ਘੰਟੇ ਚੱਲੇ ਪ੍ਰੋਗਰਾਮ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਇਲਾਵਾ ਗੁਰਦਾਸਪੁਰ ਜਿਲ੍ਹੇ ਦੇ ਪੰਜਾਬੀ ਸੱਭਿਆਚਾਰ ਨੂੰ ਪ੍ਰੇਮ ਕਰਨ ਵਾਲੇ ਸਰੋਤੇ ਲਗਾਤਾਰ ਬੈਠੇ ਰਹੇ ਅਤੇ ਉਨ੍ਹਾਂ ਨੇ ਇਸ ਪ੍ਰੋਗਰਾਮ ਦਾ ਭਰਪੂਰ ਅਨੰਦ ਮਾਣਿਆ। ਕੈਬਨਿਟ ਮੰਤਰੀ ਸ ਹਰਭਜਨ ਸਿੰਘ ਈ.ਟੀ. .ਬਿਜਲੀ ਅਤੇ ਨਿਰਮਾਣ ਮੰਤਰੀ ਪੰਜਾਬ ਦੀ ਧਰਮ ਪਤਨੀ ਸ੍ਰੀਮਤੀ ਸੁਹਿੰਦਰ ਕੌਰ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਉਹਨੂੰ ਬਹੁਤ ਹੀ ਸੁਲਝੇ ਢੰਗ ਨਾਲ ਸ਼ਬਦਾਂ ਨੂੰ ਬੋਲਦੇ ਹੋਏ ਧੀਆਂ-ਧਿਆਣੀਆਂ ਨੂੰ ਵਧਾਈ ਦਿੱਤੀ ਕਿ ਤੁਸੀਂ ਪੰਜਾਬ ਦੀ ਵਾਗ ਡੋਰ ਹੋ ਅਤੇ ਪੰਜਾਬੀਅਤ ਨੂੰ ਹਮੇਸ਼ਾ ਹੀ ਇਸੇ ਤਰਾਂ ਸਾਂਭ ਕੇ ਰੱਖੋ। ਉਨਾਂ ਮੰਤਰੀ ਸਾਹਿਬ ਦੇ ਅਖਤਿਆਰੀ ਫੰਡ 'ਚੋਂ ਇਕ ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਮੌਕੇ ਲੋਕ ਸੱਭਿਆਚਾਰਕ ਪਿੜ ਦੇ ਬਾਨੀ ਸ ਅਜੈਬ ਸਿੰਘ ਚਾਹਲ, ਸਰਪ੍ਰਸਤ ਬੀਬੀ ਅਮਰੀਕ ਕੌਰ ਪ੍ਰਧਾਨ ਤੇ ਭੰਗੜਾ ਕੋਚ ਜੈਕਬ ਤੇਜਾ, ਪਿੜ ਮੁੱਖ ਬੁਲਾਰੇ ਪ੍ਰਸਿੱਧ ਲੋਕ ਗਾਇਕ ਦਲਵਿੰਦਰ ਦਿਆਲਪੁਰੀ ਅਤੇ ਮੁੱਖ ਸਲਾਹਕਾਰ ਡਾ. ਐਸ ਯੂਸਫ, ਪਿੜ ਦੀ ਕੋਆਡੀਨੇਟਰ ਸ੍ਰੀ ਕੁਲਵਿੰਦਰ ਕੌਰ, ਡਰਾਇਕੈਟਰ ਡਾ. ਅਮਰਜੀਤ ਕੌਰ ਕਾਲਕਟ, ਵਿਸ਼ੇਸ਼ ਬੁਲਾਰੀ ਡਾ. ਰੁਪਿੰਦਰਜੀਤ ਕੌਰ ਗਿੱਲ, ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਇਸ ਮੌਕੇ ਪ੍ਰਬੰਧਕਾਂ ਵੱਲੋਂ ਬਣਾਈ ਗਈ ਸਟੇਜ ਸਰੋਤਿਆਂ ਦੀ ਖਿਚ ਦਾ ਕੇਂਦਰ ਬਣੀ ਰਹੀ। ਜਿਸ ਉਪਰ ਪੁਰਾਤਨ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੀਆਂ ਵੱਖ-ਵੱਖ ਵੰਨਗੀਆਂ ਖ਼ੂਬ ਸੂਰਤ ਢੰਗ ਨਾਲ ਪ੍ਰਦਰਸ਼ਿਤ ਕੀਤੀਆਂ ਹੋਈਆਂ ਸਨ।

ਚੇਅ।ਬਹਿਲ, ਵਿਧਾਇਕ ਪਾਹੜਾ ਤੇ ਟਾਂਗੇ 'ਤੇ ਵਾਹ ਕਰ ਉੱਠੇ। ਪੂਰੇ ਮੇਲੇ ਵਿੱਚ ਧੀਆਂ ਵੱਲੋਂ ਸਿਰ ਤੇ ਡਲ ਅਤੇ ਪਰਾਤ ਰੱਖ ਕੇ ਗੁੜ, ਪਤਾਸੇ, ਗੁਲਗਲੇ ਪਾ ਕੇ ਵੰਡੇ ਗਏ। ਇਹ ਦ੍ਰਿਸ਼ ਆਉਣ ਲੱਗ ਰਿਹਾ ਸੀ ਕਿ ਜਿੰਦਾਂ ਫਿਰ ਪੰਜਾਬ ਦੇ ਅਲੋਪ ਹੋਏ ਰੀਤੀ ਰਿਵਾਜ ਉਗੜ ਕੇ ਸਾਹਮਣੇ ਆ ਗਏ ਹੋਣ। ਗੱਲ ਕਿ ਪ੍ਰੋਗਰਾਮ ਦਾ ਪੂਰਾ ਮਹੌਲ ਪੁਰਾਤਨ ਪੰਜਾਬੀ ਸੱਭਿਆਚਾਰ ਦੀ ਹੂ-ਬ-ਹੂ ਤਸਵੀਰ ਪੇਸ਼ ਕਰ ਰਿਹਾ ਸੀ ਜੋ ਦਰਸ਼ਕਾਂ ਉਪਰ ਪ੍ਰਤੱਖ ਰੂਪ ਵਿੱਚ ਆਪਣੀ ਅਮਿੱਟ ਯਾਦ ਛੱਡਦਾ ਜਾ ਰਿਹਾ ਸੀ। ਵੱਖ-ਵੱਖ ਲੋਕ-ਕਲਾਵਾਂ ਦੇ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੀਆਂ ਜਦੋਂ ਖ਼ੂਬ ਸੂਰਤ ਉੱਚੀਆਂ ਲੰਮ ਸਲੱਮੀਆਂ ਪੰਜਾਬੀ ਪਹਿਰਾਵੇ ਵਿੱਚ ਸੱਜੀਆਂ ਮੁਟਿਆਰਾਂ ਸਟੇਜ ਤੇ ਪੁੱਜੀਆਂ ਤਾਂ ਸਰੋਤਿਆਂ ਨੇ ਅਕਾਸ਼ ਗੁੰਜਾਊ ਤਾੜੀਆਂ ਨਾਲ ਉਨਾਂ ਦਾ ਸਵਾਗਤ ਕੀਤਾ। ਜਦੋਂ ਕਿ ਸਟੇਜ ਸਕੱਤਰ ਦਾ ਫਰਜ ਬਹੁਤ ਹੀ ਖ਼ੁਬਸੂਰਤ ਢੰਗ ਨਾਲ ਪ੍ਰਸਿੱਧ ਮੰਚ ਸੰਚਾਲਕਾ ਡਾ: ਰੁਪਿੰਦਰਜੀਤ ਕੌਰ ਗਿੱਲ ਤੇ ਲੋਕ ਗਾਇਕ ਦਲਵਿੰਦਰ ਦਿਆਲਪੁਰੀ ਅਤੇ ਪ੍ਰੋ. ਸੁਰਖਾਬ ਸ਼ੈਲੀ ਨੇ ਸਾਂਝੇ ਤੌਰ ਤੇ ਬਾਖੂਬੀ ਨਿਭਾਅ ਰਹੇ ਸਨ। ਸੁਨੱਖੀ ਪੰਜਾਬਣ ਮੁਟਿਆਰ ਦੇ ਮੁਕਾਬਲੇ ਦੌਰਾਨ ਜੱਜਾਂ ਦੀ ਭੂਮਿਕਾ ਸ੍ਰੀਮਤੀ ਕਿਰਨਦੀਪ ਕੌਰ,ਸ੍ਰੀਮਤੀ ਰਜਨੀਸ਼ ਕੌਰ, ਡਾ: ਕੁਲਵਿੰਦਰ ਕੌਰ ਸਰਾਂ ਨੇ ਨਿਭਾਈ। ਮੁਟਿਆਰਾ ਨੇ ਵਿਰਸੇ ਨਾਲ ਜੁੜੇ ਕੰਮਕਾਜ ਬਹੁਤ ਵਧੀਆ ਢੰਗ ਨਾਲ ਕਰ ਕੇ ਵਿਖਾਏ ਜਿਵੇ ਪਿੱਤਲ ਦੀ ਗਾਗਰ ਉਤੇ ਆਟੇ ਦੇ ਦੀਵੇ ਬਣਾ ਕੇ ਜਾਗੋ ਤਿਆਰ ਕਰਨੀ,ਘੜੇ ਉਤੇ ਸੇਵੀਆਂ ਵੱਟਣੀਆਂ, ਵੇਲਣੇ ਨਾਲ ਕਪਾਹ ਵੇਲਣੀ, ਛੱਜ ਨਾਲ ਦਾਣੇ ਛੱਟਣੇ, ਨਾਲੇ ਬਣਾਉਣਾ (ਬੁਣਨਾ), ਜਵਾਰ ਦਾ ਆਟਾ ਗੁੰਨਣਾ ਅਤੇ ਰੋਟੀ ਪਕਾਉਣੀ, ਪੂਣੀਆਂ ਵੱਟਣੀਆਂ, ਚਰਖੇ ਤੇ ਰੂੰ ਕੱਤਣਾ ਅਤੇ ਟੇਰਨੇ ਤੇ ਸੂਤ ਵਲੇਟਣਾ, ਚੱਕੀ ਤੇ ਦਾਣੇ ਪੀਹਣੇ, ਗੀਟੇ ਖੇਡਣੇ, ਸਾਗ ਦੀਆਂ ਗੰਦਲਾਂ ਉਤੋਂ



ਮਾਨ ਯਾਦਗਾਰੀ ਪੁਰਸਕਾਰ, ਸ ਪ੍ਰੀਤ ਕੋਹਲੀ ਜੀ ਨੂੰ ਪੰਜਾਬੀ ਸੱਭਿਆਚਾਰ ਨੂੰ ਤਹਿ ਦਿਲੋਂ ਸਾਂਭਣ ਦੇ ਖੇਤਰ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਲਈ "ਸੱਭਿਆਚਾਰ ਦਾ ਸੂਬੇਦਾਰ" ਸਵ: ਭਾਗ ਸਿੰਘ ਯਾਦਗਾਰੀ ਪੁਰਸਕਾਰ, ਸ੍ਰੀਮਤੀ ਨਵਜੋਤ ਕੌਰ ਜੀ ਨੂੰ ਉਹਨਾਂ ਦੀਆਂ ਮੰਚ ਸੰਚਾਰਕਾ ਦੇ ਖੇਤਰ ਵਿੱਚ ਸਲਾਹੁਣਯੋਗ ਪ੍ਰਾਪਤੀਆਂ ਅਤੇ ਜੀਵਨ ਦੇ ਵੱਖ-ਵੱਖ ਖੇਤਰਾਂ ਵਿੱਚ ਪਾਏ ਵਿਲੱਖਣ ਯੋਗਦਾਨ ਲਈ ਸ੍ਰੀਮਤੀ ਨਵਜੋਤ ਕੌਰ ਨੂੰ "ਮੰਚ ਦਾ ਸ਼ਿੰਗਾਰ" ਸਵ: ਬੀਬੀ ਸਤਿੰਦਰ ਕੌਰ ਯਾਦਗਾਰੀ ਪੁਰਸਕਾਰ, ਸ੍ਰੀ ਨੱਕਾਸ਼ ਚਿੱਤੇਵਾਣੀ ਜੀ ਨੂੰ ਸਾਹਿਤ ਦੇ ਖੇਤਰ ਵਿੱਚ ਸਲਾਹੁਣਯੋਗ ਪ੍ਰਾਪਤੀਆਂ ਲਈ "ਪੰਜਾਬੀ ਮਾਂ ਬੋਲੀ ਦਾ ਪਟਵਾਰੀ" ਸਵ: ਵਰਿੰਦਰ ਸਹੋਤਾ ਯਾਦਗਾਰੀ ਪੁਰਸਕਾਰ, ਸ. ਰਾਜਬੀਰ ਸਿੰਘ ਟਾਡਾ ਉਹਨਾਂ ਦਾ ਪੰਜਾਬੀ ਲੋਕ ਨਾਚ ਭੰਗੜੇ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਲਈ "ਭੰਗੜੇ ਦਾ ਲੰਬ-ੜਦਾਰ" ਸਵ: ਗੁਰਪ੍ਰੀਤ ਸਿੰਘ ਚਾਹਲ ਯਾਦਗਾਰੀ ਪੁਰਸਕਾਰ ਵਿੱਚ ਕੈਂਠਾ, ਸਨਮਾਨ ਪੱਤਰ, ਦੁਸ਼ਾਲਾ ਅਤੇ ਪਿੜ ਦੀ ਨਿਸ਼ਾਨੀ ਟਰਾਫੀ ਨਾਲ ਨਿਵਾਜਿਆ ਗਿਆ। ਇਸ ਮੌਕੇ ਹਰਸ਼ਦੀਪ ਕੌਰ ਗੜ੍ਹਸ਼ੰਕਰ ਹੁਸ਼ਿਆਰਪੁਰ ਪਹਿਲੇ ਸਥਾਨ ਤੇ ਆਉਣ ਵਾਲੀ ਮੁਟਿਆਰ ਨੂੰ ਸੁੱਗੀ ਫੁੱਲ ਸ਼ਗਨ ਅਤੇ ਟਰਾਫੀ, ਨਿੰਮੀ ਬੈਂਸ ਪੀ.ਏ.ਯੂ. ਲੁਧਿਆਣਾ ਦੂਸਰੇ ਸਥਾਨ ਵਾਲੀ ਨੂੰ ਬੁਗਤੀਆਂ ਸ਼ਗਨ ਅਤੇ ਟਰਾਫੀ, ਸ਼ਰਨਜੀਤ ਕੌਰ ਪੰਡਿਤ ਮੋਹਨ ਲਾਲ ਐਸ.ਡੀ. ਕਾਲਜ ਫਾਰ ਵੋਮਨ ਗੁਰਦਾਸਪੁਰ ਤੀਜੇ ਸਥਾਨ ਵਾਲੀ ਨੂੰ ਟਿੱਕਾ ਸ਼ਗਨ ਅਤੇ ਟਰਾਫੀ ਦਿੱਤੀ ਗਈ। ਇਸ ਤੋਂ ਇਲਾਵਾਂ ਸੰਦੀਪ ਕੌਰ ਗੁਰੂ ਤੇਗ ਬਹਾਦਰ ਖਾਲਸਾ ਕਲਾਜ ਦਸੂਹਾ ਲੰਮ ਸਲੰਮੀ ਨਾਰ, ਖੁਸ਼ੀ ਸਰਕਰੀ ਕਾਲਜ ਲੁਧਿਆਣਾ ਨਸ਼ੀਲੇ ਨੈਣ, ਜਸਮੀਤ ਕੌਰ ਦਸ਼ਮੇਸ਼ ਕਾਲਜ ਫ਼ਾਰ ਵੂਮੈਨ ਮੁਕੇਰੀਆਂ, ਕਰੂੰਬਲ, ਜਸਮੀਨ ਰੰਧਾਵਾ ਪੰਡਿਤ ਮੋਹਨ ਲਾਲ ਐਸ ਡੀ ਕਾਲਜ ਫਾਰ ਵੋਮਨ ਗੁਰਦਾਸਪੁਰ ਮਲੂਕੜੀ ਜਿਹੀ ਮੁਟਿਆਰ, ਪ੍ਰਿਆਯਾਲ ਸ਼ਿਵਾਲਿਕ ਕਾਲਜ ਗੁਰਦਾਸਪੁਰ ਨਿਰੋਲ ਪਿੜ ਪੇਸ਼ਕਾਰੀ, ਤਨਵੀਤ ਕੌਰ ਕੇ.ਐਮ.ਵੀ. ਜਲੰਧਰ ਸ਼ਰਮੀਲੀਆਂ ਅੱਖਾਂ, ਪਵਨਦੀਪ ਕੇ.ਐਮ.ਵੀ. ਜਲੰਧਰ ਬੁਸਕਣਾ, ਅਸਕੇਟਾ ਠਾਕੁਰ ਐਸ ਐਸ ਐਮ ਕਾਲਜ ਦੀਨਾਨਗਰ ਲਾੜੀ ਸਰੂਪ, ਚੰਨਪ੍ਰੀਤ ਕੌਰ ਸਟਾਫ ਨਰਸ ਜਲੰਧਰ ਵਿਦਾਇਗੀ ਤੋਰ, ਸਨਮਾਨਿਆ ਗਿਆ। ਇਸ ਪ੍ਰੋਗਰਾਮ ਵਿੱਚ ਸ. ਬਰਿੰਦਰਮੀਤ ਸਿੰਘ ਪਾਹੜਾ ਬੋਲਦਿਆਂ ਰਵਾਇਤੀ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੇ ਇਹ ਪ੍ਰੋਗਰਾਮ ਕਰਵਾਉਣ ਵਾਲੇ ਮੁੱਖ ਪ੍ਰਬੰਧਕ ਜੈਕਬ ਤੇਜਾ ਅਤੇ ਉਸ ਦੇ ਸਾਥੀਆਂ ਦੀ ਖ਼ੂਬ ਪ੍ਰਸੰਸਾ ਕੀਤੀ। ਪ੍ਰੋਗਰਾਮ ਤੋਂ ਪ੍ਰਭਾਵਿਤ ਹੁੰਦਿਆਂ ਪ੍ਰਬੰਧਕਾਂ ਨੂੰ ਸੁਖਜਿੰਦਰ ਸਿੰਘ ਰੰਧਾਵਾ ਦੇ ਅਖਤਿਆਰੀ ਫੰਡ ਵਿੱਚੋਂ 50,000 ਰੁਪਏ ਦੇਣ ਦਾ ਐਲਾਨ ਕੀਤਾ। ਇਸੇ ਦੌਰਾਨ ਗੁਰਦਾਸਪੁਰ ਦੇ ਆਮ ਆਦਮੀ ਪਾਲਟੀ ਦੇ ਸੀਨੀਅਰ ਨੇਤਾ ਸ੍ਰੀ ਰਮਨ ਬਹਿਲ ਦੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਰੂਣ ਹੱਤਿਆ ਅੱਜ ਦੀ ਸਭ ਤੋਂ ਖਤਰਨਾਕ ਸਮਾਜਿਕ ਕੁਰੀਤੀ ਹੈ। ਜਿਸ ਦੇ ਖਿਲਾਫ ਸਾਨੂੰ ਸਾਰਿਆਂ ਨੂੰ ਹੰਬਲਾ ਮਾਰਨਾ ਚਾਹੀਦਾ ਹੈ। ਲੋਕ ਸੱਭਿਆਚਾਰਕ ਪਿੜ ਦੀ ਤਰਫੋਂ ਜੈਕਬ ਤੇਜਾ ਨੇ ਇਸ ਪ੍ਰੋਗਰਾਮ ਦੌਰਾਨ ਪੁੱਜੀਆਂ ਪ੍ਰਮੁੱਖ ਸਖਸ਼ੀਅਤਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਪਿੜ ਪਰਿਵਾਰ ਅਜੈਬ ਸਿੰਘ ਚਾਹਲ, ਬੀਬੀ ਅਮਰੀਕ ਕੌਰ, ਬੀਬੀ ਕੁਲਮਿੰਦਰ ਕੌਰ, ਡਾ. ਅਮਰਜੀਤ ਕੌਰ ਕਾਲਕਟ, ਡਾ. ਐਸ. ਯੂਸਫ, ਪ੍ਰੋਫ਼ੈਸਰ ਕੁਲਵਿੰਦਰ ਕੌਰ, ਡਾ. ਮਿੰਨੀ ਘੁੰਮਣ, ਡਾ. ਰੁਪਿੰਦਰਜੀਤ ਕੌਰ ਗਿੱਲ, ਦਲਵਿੰਦਰ ਦਿਆਲਪੁਰੀ, ਡਾ. ਸਤਿੰਦਰ ਕੌਰ ਕਾਹਲੋ, ਅਰਵਿੰਦਰ ਸਿੰਘ ਭੱਟੀ, ਗੁਲਸਨ ਕੁਮਾਰ, ਡਾ. ਲੱਕੀ ਗੁਰਦਾਸਪੁਰੀ, ਡਾ. ਗੁਰਬੀਰ ਸਿੰਘ ਸਰਬਜੀਤ ਸਿੰਘ, ਡਾ. ਗੁਰਜੀਤ ਸਿੰਘ ਝੋਰ, ਰਾਜ ਕੁਮਾਰ, ਡਾ. ਹੈਪੀ ਵਿਨਸੈਂਟ, ਵਿਲਸ ਰਾਇਲ, ਸੁਖਦੀਪ ਸਿੰਘ, ਰਜਿੰਦਰ ਸਿੰਘ ਛੀਨਾ, ਹਰਪ੍ਰੀਤ ਸਿੰਘ ਸੋਹਲ, ਸੈਮੂਅਲ ਡੇਵਿਡ ਬਟਾਲਾ ਹਰਪ੍ਰੀਤ ਕੌਰ ਰੰਧਾਵਾ, ਪ੍ਰੋ. ਸੁਰਖਾਬ ਸ਼ੈਲੀ, ਸਿਮਰਨਜੀਤ ਅਦਿ ਹਾਜਰ ਸਨ।

# ਦੇਸ਼ ਭਗਤ ਆਯੁਰਵੈਦਿਕ ਕਾਲਜ ਅਤੇ ਹਸਪਤਾਲ ਵਿਖੇ ਮਨਾਇਆ ਗਿਆ ਵਿਸ਼ਵ ਕੈਂਸਰ ਦਿਵਸ

**ਮੰਡੀ ਗੋਬਿੰਦਗੜ੍ਹ-** ਦੇਸ਼ ਭਗਤ ਆਯੁਰਵੈਦਿਕ ਕਾਲਜ ਅਤੇ ਹਸਪਤਾਲ, ਮੰਡੀ ਗੋਬਿੰਦਗੜ੍ਹ ਵਿਖੇ ਇੱਕ ਜਾਗਰੂਕਤਾ ਭਾਸ਼ਣ ਦਾ ਆਯੋਜਨ ਕਰਕੇ ਵਿਸ਼ਵ ਕੈਂਸਰ ਦਿਵਸ ਮਨਾਇਆ ਗਿਆ।

ਪ੍ਰਿੰਸੀਪਲ ਡਾ। ਸਨੇਹਮਈ ਮਿਸ਼ਰਾ ਅਤੇ ਡਾਇਰੈਕਟਰ ਡਾ. ਕੁਲਭੂਸ਼ਣ ਦੀ ਅਗਵਾਈ ਹੇਠ ਆਯੋਜਿਤ ਇਸ ਸਮਾਗਮ ਦਾ ਉਦੇਸ਼ ਕੈਂਸਰ ਦੀ ਰੋਕਥਾਮ, ਜਲਦੀ ਪਤਾ ਲਗਾਉਣ ਅਤੇ ਇਲਾਜ ਲਈ ਸੰਪੂਰਨ ਪਹੁੰਚਾਂ ਬਾਰੇ ਜਾਗਰੂਕਤਾ ਫੈਲਾਉਣਾ ਹੈ। ਇਸ ਦੌਰਾਨ ਮੁੱਖ ਬੁਲਾਰੇ, ਦੇਸ਼ ਭਗਤ ਯੂਨੀਵਰਸਿਟੀ ਦੇ ਕਲੀਨਿਕਲ ਰਿਸਰਚ-ਆਯੁਰਵੇਦ ਦੇ ਡਾਇਰੈਕਟਰ, ਪ੍ਰੋਫੈਸਰ (ਡਾ.) ਸੱਤਿਆ ਦਿ ਪਾਂਡੇ ਨੇ ਕੈਂਸਰ ਬਾਰੇ ਇੱਕ ਵਿਆਪਕ ਸੰਖੇਪ ਜਾਣਕਾਰੀ ਦਿੱਤੀ ਅਤੇ ਬਿਮਾਰੀ ਜਾਗਰੂਕਤਾ ਅਤੇ ਰੋਕਥਾਮ ਉਪਾਵਾਂ 'ਤੇ ਜ਼ੋਰ ਦਿੱਤਾ।

ਉਨ੍ਹਾਂ ਦੇ ਭਾਸ਼ਣ ਨੇ ਆਯੁਰਵੈਦਿਕ ਸਿਧਾਂਤਾਂ ਨੂੰ ਕੈਂਸਰ ਵਿਰੁੱਧ ਸਿਹਤ ਪ੍ਰਤੀ ਇੱਕ ਸੰਪੂਰਨ ਪਹੁੰਚ ਦੀ ਜ਼ਰੂਰਤ ਨੂੰ ਮਜ਼ਬੂਤ ਕੀਤਾ।




ਇਸ ਸਮਾਗਮ ਵਿੱਚ ਫੈਕਲਟੀ ਮੈਂਬਰ ਸ਼ਾਮਲ ਹੋਏ, ਜਿਨ੍ਹਾਂ ਵਿੱਚ ਪ੍ਰੋ. (ਡਾ.) ਅਮਿਤਾਭ ਸਿੰਘ, ਪ੍ਰੋਫੈਸਰ, ਕਾਇਆਚਿਕਿਤਸਾ ਵਿਭਾਗ; ਡਾ. ਗਗਨ ਦੀਪ ਸ਼ਰਮਾ, ਐਸੋਸੀਏਟ ਪ੍ਰੋਫੈਸਰ, ਸੰਸਕ੍ਰਿਤ ਸੰਹਿਤਾ ਏਵਮ ਸਿਧਾਂਤ ਵਿਭਾਗ; ਡਾ. ਦਰਸ਼ਨਾ, ਐਸੋਸੀਏਟ ਪ੍ਰੋਫੈਸਰ, ਕਾਇਆਚਿਕਿਤਸਾ ਵਿਭਾਗ; ਡਾ. ਨਿਸ਼ਾਂਤ ਪਾਈਕਾ, ਸਹਾਇਕ ਪ੍ਰੋਫੈਸਰ, ਕ੍ਰਿਆ ਸ਼ਰੀਰ ਵਿਭਾਗ; ਅਤੇ ਸ਼੍ਰੀ ਰਾਜੇਂਦਰ ਪ੍ਰਸਾਦ, ਸਹਾਇਕ ਪ੍ਰੋਫੈਸਰ, ਸੰਸਕ੍ਰਿਤ ਸੰਹਿਤਾ ਏਵਮ ਸਿਧਾਂਤ ਵਿਭਾਗ ਸ਼ਾਮਲ ਸਨ। ਇਸ ਤੋਂ ਇਲਾਵਾ ਬੀਏਐਮਐਸ ਅਤੇ ਪੋਸਟ ਗ੍ਰੈਜੂਏਟ ਐਮਡੀ ਕੋਰਸਾਂ ਦੇ ਵਿਦਿਆਰਥੀਆਂ ਨੇ ਵੀ ਇਸ ਸਮਾਗਮ ਵਿੱਚ ਸਰਗਰਮੀ ਨਾਲ ਹਿੱਸਾ ਲਿਆ।

ਇਹ ਸੈਸ਼ਨ ਇੱਕ ਇੰਟਰੈਕਟਿਵ ਚਰਚਾ ਨਾਲ ਸਮਾਪਤ ਹੋਇਆ, ਜਿੱਥੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਆਯੁਰਵੇਦ ਰਾਹੀਂ ਕੈਂਸਰ ਦੀ ਰੋਕਥਾਮ ਬਾਰੇ ਆਪਣੀ ਸਮਝ ਨੂੰ ਡੂੰਘਾ ਕਰਨ ਲਈ ਮਾਹਿਰਾਂ ਨਾਲ ਗੱਲਬਾਤ ਕੀਤੀ। ਇਸ ਸਮਾਗਮ ਨੇ ਕੈਂਸਰ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਲੜਨ ਲਈ ਜਾਗਰੂਕਤਾ ਵਧਾਉਣ ਅਤੇ ਰੋਕਥਾਮ ਵਾਲੀਆਂ ਸਿਹਤ ਸੰਭਾਲ ਰਣਨੀਤੀਆਂ ਨੂੰ ਉਤਸ਼ਾਹਿਤ ਕਰਨ ਦੇ ਮਹੱਤਵ ਨੂੰ ਹੋਰ ਮਜ਼ਬੂਤ ਕੀਤਾ। ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਪ੍ਰੋ ਚਾਂਸਲਰ ਡਾ. ਤਜਿੰਦਰ ਕੌਰ ਨੇ ਪੂਰੀ ਟੀਮ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਪਹਿਲ ਦੇਸ਼ ਭਗਤ ਯੂਨੀਵਰਸਿਟੀ ਦੇ ਸਮਾਜ ਭਲਾਈ ਪ੍ਰਤੀ ਸਮਰਪਣ ਨੂੰ ਦਰਸਾਉਂਦੀ ਹੈ।



ਡਾ. ਅਰਵਿੰਦਰ ਸਿੰਘ ਭੱਲਾ
91-94630-62603

# ਤੁਹਾਡੀ ਸੋਚ ਤੈਅ ਕਰੇਗੀ ਤੁਹਾਡਾ ਮੁਸਤਕਬਿਲ

ਹਰੇਕ ਮਨੁੱਖ ਆਪਣੀ ਤਰਜ਼-ਏ-ਜ਼ਿੰਦਗੀ ਨੂੰ ਆਪਣੀ ਕੁਵਤ, ਜ਼ਹਾਨਤ, ਜ਼ਾਵੀਏ, ਤਰਜ਼ੀਹਾਂ, ਇਰਦ-ਗਿਰਦ ਦੀਆਂ ਪ੍ਰਸਥਿਤੀਆਂ, ਆਪਣੀ ਪਸੰਦ-ਨਾ-ਪਸੰਦ ਅਤੇ ਵੱਖ-ਵੱਖ ਵਿਕਲਪਾਂ ਅਨੁਸਾਰ ਨਿਰਧਾਰਤ ਕਰਨ ਦੇ ਨਾਲ-ਨਾਲ ਆਪਣੀ ਜ਼ਿੰਦਗੀ ਵਿਚ ਇਕ ਅਜਿਹੇ ਅਵਸਰ ਦੀ ਤਲਾਸ਼ ਵੀ ਕਰਦਾ ਹੈ ਕਿ ਜਿਸ ਰਾਹੀਂ ਉਹ ਮੁਆਸ਼ਰੇ ਵਿਚ ਇਕ ਮੁਨਫ਼ਰਿਦ ਮੁਕਾਮ ਹਾਸਲ ਕਰਨ ਵਿਚ ਕਾਮਯਾਬ ਹੋ ਸਕੇ। ਹਰੇਕ ਮਨੁੱਖ ਦੀ ਆਮ ਤੌਰ ਉੱਪਰ ਇਹ ਵੀ ਕੋਸ਼ਿਸ਼ ਰਹਿੰਦੀ ਹੈ ਕਿ ਉਹ ਦੂਜਿਆਂ ਨਾਲੋਂ ਖ਼ੁਦ ਨੂੰ ਕੁਝ ਹੱਦ ਤੱਕ ਮੁਖ਼ਤਲਿਫ਼ ਸਿਧ ਕਰਕੇ ਦੂਜਿਆਂ ਤੋਂ ਖ਼ੁਦ ਨੂੰ ਬੇਹਤਰ ਸਾਬਤ ਕਰ ਸਕੇ। ਆਪਣੇ ਵਜੂਦ ਅਤੇ ਆਪਣੀ ਸ਼ਖ਼ਸੀਅਤ ਨੂੰ ਵੱਖਰੀ ਪਛਾਣ ਦੇਣ ਦੀ ਖ਼ਾਤਰ ਉਹ ਤਾਉਮਰ ਜਦੋਜਹਿਦ ਕਰਦਾ ਹੈ। ਦਰਅਸਲ ਇਹ ਵੀ ਇਕ ਸੱਚ ਹੈ ਕਿ ਕੁਝ ਅਜਿਹੇ ਚੁਣਿੰਦਾ ਤੇ ਖੁਸ਼ਕਿਸਮਤ ਲੋਕ ਹੀ ਹੁੰਦੇ ਹਨ, ਜੋ ਆਪਣੇ ਖ਼ਵਾਬਾਂ ਨੂੰ ਸਾਕਾਰ ਕਰਨ ਵਿਚ ਕਾਮਯਾਬ ਹੁੰਦੇ ਹਨ, ਜਦੋਂ ਕਿ ਆਮ ਤੌਰ ਉੱਪਰ ਵਧੇਰੇ ਕਰਕੇ ਲੋਕ ਆਪਣੀਆਂ ਹਸਰਤਾਂ ਅਤੇ ਆਪਣੀ ਵਾਸਤਵਿਕ ਪ੍ਰਸਥਿਤੀਆਂ ਦਰਮਿਆਨ ਫ਼ਾਸਲੇ ਨੂੰ ਕਦੇ ਵੀ ਤੈਅ ਨਹੀਂ ਕਰ ਪਾਉਂਦੇ ਹਨ। ਇਨਸਾਨ ਲਈ ਜੀਵਨ ਵਿਚ ਨਾਕਾਮਯਾਬੀ ਤੋਂ ਵੀ ਵੱਧ ਤਕਲੀਫ਼ਦੇਹ ਪਲ ਉਹ ਹੁੰਦੇ ਹਨ, ਜਦੋਂ ਉਹ ਨਿਰਾਸ਼ ਹੋਣ ਦੇ ਨਾਲ-ਨਾਲ ਦੁਚਿੱਤੀ ਵਿਚ ਫਸਿਆ ਹੁੰਦਾ ਹੈ ਕਿਉਂ ਕਿ ਕਿਸੇ ਚੌਰਾਹੇ ਉੱਤੇ ਦਵੰਦ ਵਿਚ ਉਲਝਿਆ ਕੋਈ ਮਾਯੂਸ ਸ਼ਖ਼ਸ ਕਾਮਯਾਬੀ ਦੀਆਂ ਮੰਜ਼ਲਾ ਕਦੇ ਵੀ ਛੂਹ ਨਹੀਂ ਪਾਉਂਦਾ ਹੈ। ਇਨਸਾਨ ਦੀ ਮਨੋਦਸ਼ਾ, ਮਨਸ਼ਾ, ਮਨਸੂਬੇ, ਅਮਲ ਅਤੇ ਉਸ ਵਲੋਂ ਆਪਣੀ ਮੰਜ਼ਿਲ ਨੂੰ ਪਾਉਣ ਦੀ ਇੱਛਾ ਸ਼ਕਤੀ ਇਹ ਫ਼ੈਸਲਾ ਕਰਦੀ ਹੈ ਕਿ ਉਸ ਇਨਸਾਨ ਦਾ ਮੁਸਤਕਬਿਲ ਕਿਹੋ ਜਿਹਾ ਹੋਵੇਗਾ? ਜੇਕਰ ਗਹੁ ਨਾਲ ਵਾਚਿਆ ਜਾਵੇ ਤਾਂ ਇਹ ਸਹਿਜੇ ਹੀ ਮਹਿਸੂਸ ਹੁੰਦਾ ਹੈ ਕਿ ਮਨੁੱਖ ਦੇ ਅਮਲ ਉਸ ਦੀ ਸੋਚ ਅਤੇ ਸੰਸਕਾਰਾਂ ਦੇ ਪ੍ਰਤੀਬਿੰਬ ਹੁੰਦੇ ਹਨ ਅਤੇ ਉਸ ਦੀ ਸੋਚ ਉਸ ਦੇ ਅੰਦਰ ਦੀ ਉਥਲ-ਪੁਥਲ ਦਾ ਪ੍ਰਗਟਾਵਾ ਕਰਨ ਦੇ ਨਾਲ-ਨਾਲ ਉਸ ਦੀਆਂ ਆਪਣੇ ਜੀਵਨ ਵਿਚ ਨਿਰਧਾਰਤ ਕੀਤੀਆਂ ਗਈਆਂ ਤਰਜੀਹਾਂ ਨੂੰ ਵੀ ਮੂਰਤੀਮਾਨ ਕਰਦੀਆਂ ਹਨ।

ਇਨਸਾਨ ਦੀ ਇਹ ਬੁਨਿਆਦੀ ਫ਼ਿਤਰਤ ਹੈ ਕਿ ਭਾਵੇਂ ਮਜਬੂਰੀ ਵੱਸ ਉਸ ਨੂੰ ਭੀੜ ਵਿਚ ਹੀ ਕਿਉਂ ਨਾ ਸ਼ਾਮਲ ਹੋਣਾ ਪਵੇ, ਫਿਰ ਵੀ ਉਹ ਭੀੜ ਵਿਚ ਵੀ ਨੁਮਾਇਆ ਦਿਖਣਾ ਚਾਹੁੰਦਾ ਹੈ। ਭਾਵੇਂ ਉਹ ਗ਼ੁਰਬਤ ਦੀ ਚੱਕੀ ਵਿਚ ਹੀ ਕਿਉਂ ਨਾ ਪਿਸ ਰਿਹਾ ਹੋਵੇ, ਫਿਰ ਵੀ ਉਸ ਦੇ ਧੁਰ ਅੰਦਰ ਕਿਤੇ ਨਾ ਕਿਤੇ ਅਮੀਰ-ਏ-ਸ਼ਹਿਰ ਬਣਨਾ ਦਾ ਸੁਪਨਾ ਅੰਗੜਾਈ ਜ਼ਰੂਰ ਲੈਂਦਾ ਹੈ। ਭਾਵੇਂ ਉਹ ਜ਼ਹਾਲਤ ਦੀ ਦਲਦਲ ਵਿਚ ਹੀ ਕਿਉਂ ਨਾ ਧੱਸਿਆ ਹੋਵੇ, ਇਸ ਦੇ ਬਾਵਜੂਦ ਵੀ ਉਸ ਨੂੰ ਆਪਣੀ ਅਕਲ ਉਤੇ ਨਾਜ਼ ਹੁੰਦਾ ਹੈ। ਭਾਵੇਂ ਵਿਅਕਤੀ ਸ਼ਕਲੋਂ ਕੋਝਾ ਹੀ ਕਿਉਂ ਨਾ ਹੋਵੇ, ਫਿਰ ਵੀ ਉਸ ਅੰਦਰ ਖ਼ੂਬਸੂਰਤ ਦਿਖਣ ਦੀ ਚਾਹਤ ਬੜੀ ਸ਼ਿੱਦਤ ਨਾਲ ਪਾਈ ਜਾਂਦੀ ਹੈ। ਇਸ ਸਭ ਦਾ ਅਰਥ ਇਹ ਹੈ ਇਨਸਾਨ ਦੀਆਂ ਵਾਸਤਵਿਕ ਸਥਿਤੀ ਭਾਵੇਂ ਕੁਝ ਵੀ ਕਿਉਂ ਨਾ ਹੋਵੇ, ਉਸ ਅੰਦਰ ਕਿਸੇ ਅਜਿਹੇ ਮਰਤਬੇ ਜਾਂ ਮੰਜ਼ਿਲ ਨੂੰ ਹਾਸਲ ਕਰਨ ਦੀ ਲਾਲਸਾ ਹੁੰਦੀ ਹੈ, ਜਿਸ ਨੂੰ ਹਾਸਲ ਕੀਤੇ ਬਿਨਾਂ ਉਸ ਨੂੰ ਆਪਣਾ ਵਜੂਦ ਜਾਂ ਸ਼ਖਸੀਅਤ ਅਧੂਰੀ ਜਾਪਦੀ ਹੈ। ਇਨਸਾਨ ਉਸ ਸ਼ੈਅ ਵੱਲ ਤਵੱਜੋਂ ਘੱਟ ਹੀ ਦਿੰਦਾ ਹੈ ਜੋ ਪਹਿਲਾਂ ਤੋਂ ਹੀ ਉਸ ਦੀ ਦਸਤਰਸ ਵਿਚ ਜਾਂ ਉਸ ਦੀ ਝੋਲੀ ਵਿਚ ਹੁੰਦੀ ਹੈ। ਉਹ ਕਿਸੇ ਅਜਿਹੇ ਸਿਖ਼ਰ ਦੀ ਤਲਾਸ਼ ਵਿਚ ਭਟਕਣਾ ਆਪਣਾ ਨਸੀਬ ਸਮਝ ਲੈਂਦਾ ਹੈ, ਜਿਥੇ ਕੋਈ ਪਹਿਲਾਂ ਨਾ ਪਹੁੰਚਿਆ ਹੋਵੇ ਅਤੇ ਨਾ ਹੀ ਉਥੇ ਪਹੁੰਚੇ ਬਿਨਾਂ ਉਸ ਨੂੰ ਚੈਨ ਆਉਣ ਦੀ ਉਮੀਦ ਹੋਵੇ। ਲੇਕਿਨ ਅਫ਼ਸੋਸ ਜਦੋਂ ਮਨੁੱਖ ਸਾਰੀ ਉਮਰ ਦੀ ਦੌੜ ਭੱਜ ਕਰਕੇ ਉਸ ਟੀਸੀ ਨੂੰ ਛੂਹ ਲੈਂਦਾ ਹੈ ਤਾਂ ਵੀ ਉਹ ਖੁਦ ਨੂੰ ਅਜੇ ਵੀ ਅਤ੍ਰਿਪਤ, ਅਧੂਰਾ ਅਤੇ ਮਾਯੂਸ ਮਹਿਸੂਸ ਕਰਦਾ ਹੈ ਕਿਉਂ ਕਿ ਇਕ ਪਾਸੇ ਉਥੋਂ ਉਸ ਨੂੰ ਕੋਈ ਹੋਰ ਸਿਖ਼ਰ ਦਿਖਾਈ ਦੇ ਰਿਹਾ ਹੁੰਦਾ ਹੈ ਅਤੇ ਦੂਜੇ ਪਾਸੇ ਇਥੋਂ ਤੱਕ ਪਹੁੰਚਣ ਦੀ ਜੋ ਕੀਮਤ ਅਦਾ ਕਰ ਚੁੱਕਾ ਹੁੰਦਾ ਹੈ, ਉਸ ਦੀ ਤੁਲਨਾ ਵਿਚ ਉਸ ਨੂੰ ਉਸ ਦੀ ਮੰਜ਼ਿਲ ਬਹੁਤ ਛੋਟੀ ਜਿਹੀ ਜਾਪਦੀ ਹੈ। ਬਸ ਇਹ ਹੀ ਜ਼ਿਹਨੀ ਕੈਫ਼ੀਅਤ ਉਸ ਕੋਲੋਂ ਉਸ ਦੇ ਦਿਲ ਦਾ ਸਕੂਨ ਅਤੇ ਸਾਰੀਆਂ ਖੁਸ਼ੀਆਂ ਖੋਹ ਲੈਂਦੀ ਹੈ।

ਇਨਸਾਨ ਦੀ ਇਹ ਸਭ ਤੋਂ ਵੱਡੀ ਭੁੱਲ ਕਹਿ ਲਵੋ ਜਾਂ ਇਹ ਉਸ ਦਾ ਸਭ ਤੋਂ ਵੱਡਾ ਭੁਲੇਖਾ ਹੁੰਦਾ ਹੈ ਕਿ ਦੁਨਿਆਵੀ ਖੁਸ਼ੀਆਂ ਜਾਂ ਕਿਸੇ ਅਖੌਤੀ ਮੁਕਾਮ ਨੂੰ ਹਾਸਲ ਕਰਨ ਲਈ ਉਸ ਨੂੰ ਇਹ ਜ਼ਿੰਦਗੀ ਦੀ ਸੌਗਾਤ ਮਿਲੀ ਹੈ। ਆਪਣੀਆਂ ਹਸਰਤਾਂ, ਤਮੰਨਾਵਾਂ, ਹਵਸ ਅਤੇ ਖਵਾਹਿਸ਼ਾਂ ਦੀ ਮਿਰਗ ਤ੍ਰਿਸ਼ਨਾ ਦੇ ਚੱਕਰਵਿਊ ਵਿਚ ਉਲਝ ਕੇ ਉਹ ਆਪਣੇ ਜੀਵਨ ਦੀਆਂ ਛੋਟੀਆਂ-ਛੋਟੀਆਂ ਖੁਸ਼ੀਆਂ ਨੂੰ ਮਾਣਨ ਦਾ ਹਰ ਮੌਕਾ ਅਜਾਈਂ ਗੁਆ ਦਿੰਦਾ ਹੈ। ਦਰਅਸਲ ਆਪਣੇ ਜੀਵਨ ਵਿਚ ਮਨੁੱਖ ਨੂੰ ਕਿਸੇ ਮੁਕਾਮ ਉਤੇ ਖੜ੍ਹ ਕੇ ਇਹ ਜ਼ਰੂਰ ਦੇਖਣਾ, ਸੋਚਣਾ ਅਤੇ ਵਿਚਾਰਨਾ ਚਾਹੀਦਾ ਹੈ ਕਿ ਆਖਰ ਉਹ ਕਿਸ ਦਿਸ਼ਾ ਵੱਲ ਕਿਉਂ ਵਧ ਰਿਹਾ ਹੈ? ਜੇਕਰ ਉਸ ਦੇ ਧੁਰ ਅੰਦਰੋਂ ਉਸ ਨੂੰ ਇਹ ਜਵਾਬ ਮਿਲੇ ਕਿ ਉਹ ਸਹੀ ਦਿਸ਼ਾ ਵੱਲ ਵਧ ਰਿਹਾ ਹੈ ਅਤੇ ਜ਼ਿੰਦਗੀ ਦੀਆਂ ਅਨੇਕਾਂ ਦੁਸ਼ਵਾਰੀਆਂ ਦਾ ਸਾਹਮਣਾ ਕਰਨ ਦੇ ਬਾਵਜੂਦ ਵੀ ਪ੍ਰਸੰਨ ਚਿੱਤ ਹੈ ਤਾਂ ਉਹ ਉਸੇ ਦਿਸ਼ਾ ਵੱਲ ਆਪਣੇ ਕਦਮ ਵਧਾਉਣੇ ਜਾਰੀ ਰੱਖੇ ਅਤੇ ਜੇਕਰ ਉਸ ਦਿਸ਼ਾ ਵੱਲ ਅੱਗੇ ਵਧਦਿਆਂ ਉਹ ਖੁਦ ਨੂੰ ਨਿਰਾਸ਼, ਲੁਟਿਆ, ਠਗਿਆ, ਹਾਰਿਆ ਅਤੇ ਥੱਕਿਆ ਹੋਇਆ ਮਹਿਸੂਸ ਕਰੇ ਤਾਂ ਉਸ ਨੂੰ ਕਿਸੇ ਹੋਰ ਰਾਹ ਦਾ ਇੰਤਖ਼ਾਬ ਕਰਨਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਹਿੱਸੇ ਦੀਆਂ ਛੋਟੀਆਂ-ਛੋਟੀਆਂ ਲੇਕਿਨ ਬੇਸ਼ਕੀਮਤੀ ਖੁਸ਼ੀਆਂ ਨੂੰ ਮਾਣ ਸਕੇ। ਉਸ ਨੂੰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਮਨੁੱਖ ਦੀਆਂ ਖਾਇਸ਼ਾਂ ਦਾ ਕੋਈ ਅੰਤ ਨਹੀਂ, ਲੇਕਿਨ ਇਹਨਾਂ ਗਿਣਵੇਂ-ਚੁਣਵੇਂ ਸਾਹਾਂ ਦੀ ਡੋਰ ਇਕ ਦਿਨ ਪਲਕ ਝਪਕਦਿਆਂ ਟੁੱਟ ਜਾਵੇਗੀ।

ਮਨੁੱਖ ਨੂੰ ਚਾਹੀਦਾ ਹੈ ਕਿ ਉਹ ਖੁਦ ਨੂੰ ਇਸ ਕਾਇਨਾਤ ਦਾ ਇਕ ਛੋਟਾ ਜਿਹਾ ਜ਼ਰਾ ਸਮਝੇ, ਲੇਕਿਨ ਇਸ ਤੋਂ ਉਲਟ ਮਨੁੱਖ ਖੁਦ ਨੂੰ ਖ਼ੁਦਾ ਸਮਝਦੇ ਹੋਏ ਇਕ ਤੋਂ ਬਾਅਦ ਇਕ ਹਿਮਾਕਤ ਕਰਨ ਵੇਲੇ ਰੰਚਕ ਮਾਤਰ ਵੀ ਸੰਕੋਚ ਨਹੀਂ ਕਰਦਾ ਹੈ। ਉਹ ਆਪਣੇ ਸਿਰਜਣਹਾਰ ਦੀ ਰਜ਼ਾ ਵਿਚ ਚਲਣ ਨੂੰ ਸਜ਼ਾ ਅਤੇ ਆਪਣੇ ਮਨ ਦੇ ਆਖੇ ਲੱਗ ਕੇ ਤੁਰਨ ਵਿਚ ਆਨੰਦ ਮਹਿਸੂਸ ਕਰਦਾ ਹੈ। ਉਹ ਆਪਣੇ ਦੀਨ-ਈਮਾਨ ਦਾ ਸੌਦਾ ਕਰਕੇ ਨਿਗੂਣੀਆਂ ਅਤੇ ਛਿੰਨ ਮਾਤਰ ਖੁਸ਼ੀਆਂ ਦੀਆਂ ਤਲਾਸ਼ ਵਿਚ ਗਵਾਚ ਜਾਂਦਾ ਹੈ। ਉਸ ਨੂੰ ਇਉਂ ਜਾਪਦਾ ਹੈ ਕਿ ਜਿਵੇਂ ਸੁੱਚੇ ਮੋਤੀਆਂ ਦੇ ਮੁਕਾਬਲੇ ਕੌਡੀਆਂ ਦੀ ਕੀਮਤ ਜ਼ਿਆਦਾ ਹੁੰਦੀ ਹੋਵੇ। ਸਧਾਰਨ ਮਨੁੱਖ ਆਮ ਤੌਰ ਉੱਪਰ ਸਾਰੀ ਹਯਾਤੀ ਅਹਿਸਾਸ-ਏ-ਕਮਤਰੀ ਦਾ ਸ਼ਿਕਾਰ ਰਹਿੰਦਾ ਹੋਇਆ ਨਾਸ਼ੁਕਰਿਆ ਵਾਂਗ ਕਦੇ ਰੱਬ ਨੂੰ, ਕਦੇ ਆਪਣੇ ਨਸੀਬਾਂ ਨੂੰ ਅਤੇ ਕਦੇ ਉਹ ਆਪਣੇ ਹਲਾਤਾਂ ਨੂੰ ਦੋਸ਼ੀ ਕਰਾਰ ਦਿੰਦਾ ਹੈ। ਉਹ ਦੂਸਰਿਆਂ ਨਾਲ ਬੇਵਜ੍ਹਾ ਮੁਕਾਬਲੇ ਦੀ ਅੰਨ੍ਹੀ ਦੌੜ ਵਿਚ ਖੁਦ ਨੂੰ ਤਬਾਹ ਕਰ ਲੈਂਦਾ ਹੈ। ਕਾਸ਼! ਮਨੁੱਖ ਸਬਰ, ਸਿਦਕ ਅਤੇ ਸੰਜਮ ਦੇ ਅਰਥ ਸਮਝ ਲੈਂਦਾ ਤਾਂ ਨਾ ਉਸ ਨੂੰ ਕਦੇ ਦੋਜ਼ਖ਼ ਦਾ ਡਰ ਸਤਾਉਂਦਾ, ਨਾ ਜੰਨਤ ਦਾ ਲੋਭ ਲਲਚਾਉਂਦਾ ਅਤੇ ਨਾ ਹੀ ਉਹ ਆਪਣੀ ਝੋਲੀ ਨੂੰ ਖਾਲੀ ਤੇ ਦੂਜਿਆਂ ਦੀ ਝੋਲੀ ਨੂੰ ਭਰਿਆ ਦੇਖਕੇ ਈਰਖਾ ਅਤੇ ਹਵਸ ਦੀ ਭੱਠੀ ਵਿੱਚ ਖੁਦ ਨੂੰ ਤਪਾਉਂਦਾ।

## ਅਮਰੀਕਾ ਵਿਚ ਵੱਡੀ ਪੱਧਰ 'ਤੇ ਹੋਵੇਗੀ ਸੰਘੀ ਵਰਕਰਾਂ ਦੀ ਛਾਂਟੀ, ਟਰੰਪ ਨੇ ਮਸਕ ਦੀ ਹਾਜਰੀ ਵਿਚ ਕੀਤੇ ਦਸਤਖਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਾ ਵਿਚ ਵੱਡੀ ਪੱਧਰ 'ਤੇ ਸੰਘੀ ਵਰਕਰਾਂ ਦੀ ਛਾਂਟੀ ਲਈ ਰਾਹ ਪੱਧਰਾ ਹੋ ਗਿਆ ਹੈ।



ਵਾਈਟ ਹਾਊਸ ਨੇ ਜਾਰੀ ਇਕ ਆਦੇਸ਼ ਵਿਚ ਕਿਹਾ ਹੈ ਕਿ ਏਜੰਸੀ ਦੇ ਮੁੱਖੀਆਂ ਨੂੰ ਹੁਕਮ ਦਿੱਤਾ ਜਾਂਦਾ ਹੈ ਕਿ ਉਹ ਸੰਘੀ ਵਰਕ ਫੋਰਸ ਦੇ ਆਕਾਰ ਨੂੰ ਸੀਮਿਤ ਕਰਨ ਤੇ ਜਰੂਰੀ ਅਹੁੱਦਿਆਂ ਉਪਰ ਨਿਯੁਕਤੀਆਂ ਨੂੰ ਘਟਾਉਣ ਲਈ ਸਰਕਾਰ ਦੇ ਕੁਸ਼ਲਤਾ ਵਿਭਾਗ ਨਾਲ ਤਾਲਮੇਲ ਤੇ ਸਲਾਹ ਕਰਨ। ਵਾਈਟ ਹਾਊਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੰਘੀ ਵਰਕ ਫੋਰਸ ਘਟਾਉਣ ਸਬੰਧੀ ਆਦੇਸ਼ ਉਪਰ ਦਸਤਖਤ ਪੱਤਰਕਾਰਾਂ ਦੇ ਓਵਾਲ ਦਫਤਰ ਵਿਚੋਂ ਬਾਹਰ ਚਲੇ ਜਾਣ ਉਪਰੰਤ ਕੀਤੇ ਹਨ। ਇਸ ਮੌਕੇ ਓਵਾਲ ਦਫਤਰ ਵਿਚ ਅਰਬਪਤੀ ਸਪੇਸ-ਐਕਸ ਸੀ ਈ ਓ ਐਲਨ ਮਸਕ ਵੀ ਹਾਜਰ ਸਨ। ਆਦੇਸ਼ ਵਿਚ ਕਿਹਾ ਗਿਆ ਹੈ ਕਿ ਏਜੰਸੀ ਮੁੱਖੀ ਫੌਰੀ ਵੱਡੀ ਪੱਧਰ 'ਤੇ ਸੰਘੀ ਮੁਲਾਜ਼ਮਾਂ ਦੀ ਗਿਣਤੀ ਘਟਾਉਣ ਦੀਆਂ ਤਿਆਰੀਆਂ ਸ਼ੁਰੂ ਕਰਨਗੇ ਤੇ ਇਸ ਸਬੰਧੀ ਅਨੁਕੂਲ ਕਾਨੂੰਨ ਦੀ ਵਰਤੋਂ ਕਰਨਗੇ। ਇਸ ਮੌਕੇ ਟਰੰਪ ਨੇ ਕਿਹਾ ਕਿ ਅਸੀਂ ਪਹਿਲਾਂ ਹੀ ਅਯੋਗ ਤੇ ਭ੍ਰਿਸ਼ਟਾਚਾਰ ਦੀ ਅਲਾਮਤ ਉਪਰ ਅਰਬਾਂ ਡਾਲਰ ਖਰਚ ਕਰ ਚੁੱਕੇ ਹਾਂ। ਉਨਾਂ ਕਿਹਾ ਡੌਜ ਦੀ ਕੋਸ਼ਿਸ਼ ਪੈਸੇ ਦੀ ਦੁਰਵਰਤੋਂ ਨੂੰ ਰੋਕਣਾ ਹੈ।

ਪੱਤਰਕਾਰਾਂ ਨਾਲ ਆਪਣੀ 30 ਮਿੰਟਾਂ ਦੀ ਗੱਲਬਾਤ ਦੌਰਾਨ ਟਰੰਪ ਤੇ ਮਸਕ ਨੇ ਇਸ ਦੁਰਵਰਤੋਂ ਨੂੰ ਵਾਰ ਵਾਰ ਕਿਹਾ। ਟਰੰਪ ਦੇ ਦੂਸਰੇ ਕਾਰਜਕਾਲ ਦੌਰਾਨ ਅਹੁੱਦਾ ਸੰਭਾਲਣ ਉਪਰੰਤ ਐਲਨ ਮਸਕ ਪਹਿਲੀ ਵਾਰ ਓਵਾਲ ਦਫਤਰ ਵਿਚ ਰਾਸ਼ਟਰਪਤੀ ਨਾਲ ਨਜਰ ਆਏ। ਉਨਾਂ ਨੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਡੌਜ ਦੀ ਜਵਾਬਦੇਹੀ ਦਾ ਬਚਾਅ ਕੀਤਾ ਤੇ ਕਿਹਾ ਕਿ ਉਹ ਅਜਿਹਾ ਕੰਮ ਨਹੀਂ ਕਰਨਗੇ ਜਿਸ ਨਾਲ ਹਿੱਤਾਂ ਦਾ ਟਕਰਾਅ ਪੈਦਾ ਹੁੰਦਾ ਹੋਵੇ। ਉਨਾਂ ਕਿਹਾ ਕਿ ਸਮੁੱਚੀ ਕਾਰਵਾਈ ਜਨਤਿਕ ਹੈ।

## ਸਿੱਖ ਆਗੂ ਬਲਵੀਰ ਸਿੰਘ ਨੇ ਨਿਊ ਜਰਸੀ ਜਨਰਲ ਅਸੰਬਲੀ ਦੇ ਵਿਧਾਇਕ ਵਜੋਂ ਸਹੁੰ ਚੁੱਕੀ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** 20 ਸਾਲ ਤੋਂ ਵਧ ਸਮਾਂ ਅਧਿਆਪਕ ਰਹੇ ਤੇ ਬਰਲਿੰਗਟਨ ਕਾਊਂਟੀ ਦੇ ਸਾਬਕਾ ਕਮਿਸ਼ਨਰ ਬਲਵੀਰ ਸਿੰਘ ਨੇ ਨਿਊ ਜਰਸੀ ਜਨਰਲ ਅਸੰਬਲੀ ਦੇ ਮੈਂਬਰ ਵਜੋਂ ਸਹੁੰ ਚੁੱਕੀ। ਨਿਊਜਰਸੀ ਦੇ ਇਤਿਹਾਸ ਵਿਚ ਪਹਿਲਾ ਸਿੱਖ ਵਿਧਾਇਕ ਬਣ ਕੇ ਉਨਾਂ ਨੇ ਇਤਿਹਾਸ ਰਚ ਦਿੱਤਾ ਹੈ। ਬਲਵੀਰ ਸਿੰਘ ਨੇ ਆਪਣੇ ਪਰਿਵਾਰਕ ਮੈਂਬਰਾਂ ਦੀ ਮੌਜੂਦਗੀ ਵਿਚ ਸਹੁੰ ਚੁੱਕੀ। ਉਨਾਂ ਨੂੰ ਅਹੁੱਦੇ ਦੀ ਸਹੁੰ ਸਪੀਕਰ ਕਰੈਗ ਜੇ ਕੌਗਲਿਨ ਨੇ ਚੁੱਕਾਈ । ਉਹ ਬਰਲਿੰਗਟਨ ਕਾਊਂਟੀ ਵਿਚ 7ਵੇਂ ਡਿਸਟ੍ਰਿਕਟ ਦੀ ਪ੍ਰਤੀਨਿਧਤਾ ਕਰਨਗੇ। ਡੈਮੋਕਰੈਟਿਕ ਆਗੂ ਬਲਵੀਰ ਸਿੰਘ ਨੇ ਇਸ ਮੌਕੇ ਕਿਹਾ ਕਿ ਉਹ ਸਿੱਖਿਆ, ਆਰਥਿਕ ਅਵਸਰਾਂ ਤੇ ਹਰ ਇਕ ਲਈ ਉਚਿੱਤ ਸੇਵਾਵਾਂ 'ਤੇ ਆਪਣਾ ਧਿਆਨ ਕੇਂਦ੍ਰਿਤ ਕਰਨਗੇ। ਮੈ ਬਰਲਿੰਗਟਨ ਕਾਊਂਟੀ ਤੇ ਸਮੁੱਚੇ ਨਿਊ ਜਰਸੀ ਰਾਜ ਦੇ ਲੋਕਾਂ ਦੀ ਆਵਾਜ਼ ਨੂੰ ਟਰੈਨਟਨ ਵਿਧਾਨ ਸਭਾ ਵਿਚ ਪਹੁੰਚਾਏ ਜਾਣ ਨੂੰ ਯਕੀਨੀ ਬਣਾਵਾਂਗਾ। ਮੈ ਲੋਕਾਂ ਨੂੰ ਸਮਰਪਿਤ ਹਾਂ। ਬਲਵੀਰ ਸਿੰਘ 1999 ਵਿਚ 14 ਸਾਲ ਦੀ ਉਮਰ ਵਿਚ ਪੰਜਾਬ ਤੋਂ ਅਮਰੀਕਾ ਗਏ ਸਨ। ਉਨਾਂ ਨੇ ਬਰਲਿੰਗਟਨ ਸਿਟੀ ਹਾਈ ਸਕੂਲ ਤੋਂ ਸਿੱਖਿਆ ਪ੍ਰਾਪਤ ਕੀਤੀ ਤੇ ਕਾਲਜ ਆਫ ਨਿਊ ਜਰਸੀ ਤੇ ਰੂਟਗਰਸ ਯੂਨੀਵਰਸਿਟੀ ਤੋਂ ਡਿਗਰੀਆਂ ਕੀਤੀਆਂ।

## ਭਾਰਤ-ਫਰਾਂਸ ਆਧੁਨਿਕ ਪਰਮਾਣੂ ਰਿਐਕਟਰ ਵਿਕਸਤ ਕਰਨ ਦੇ ਇੱਛੁਕ



**ਨਵੀਂ ਦਿੱਲੀ/ ਪੈਰਿਸ-** ਭਾਰਤ ਅਤੇ ਫਰਾਂਸ ਨੇ ਬੁੱਧਵਾਰ ਨੂੰ ਆਧੁਨਿਕ ਪਰਮਾਣੂ ਰਿਐਕਟਰਾਂ ਨੂੰ ਸਾਂਝੇ ਤੌਰ 'ਤੇ ਵਿਕਸਤ ਕਰਨ ਦਾ ਇਰਾਦਾ ਜ਼ਾਹਿਰ ਕਰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਊਰਜਾ ਸੁਰੱਖਿਆ ਅਤੇ ਘੱਟ ਕਾਰਬਨ ਵਾਲੇ ਅਰਥਚਾਰੇ ਵੱਲ ਵਧਣ ਲਈ ਪਰਮਾਣੂ ਊਰਜਾ ਅਹਿਮ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੈਰਿਸ 'ਚ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨਾਲ ਮੀਟਿੰਗ ਮਗਰੋਂ ਜਾਰੀ ਸਾਂਝੇ ਬਿਆਨ ਮੁਤਾਬਕ ਦੋਵੇਂ ਮੁਲਕਾਂ ਨੇ ਛੋਟੇ ਮਾਡਿਊਲਰ ਰਿਐਕਟਰ ਅਤੇ ਐਡਵਾਂਸਡ ਮਾਡਿਊਲਰ ਰਿਐਕਟਰ ਨੂੰ ਲੈ ਕੇ ਇਕ ਪੱਤਰ 'ਤੇ ਦਸਤਖ਼ਤ ਕੀਤੇ ਹਨ। ਮੈਕਰੋਂ ਨਾਲ ਦੁਵੱਲੀ ਗੱਲਬਾਤ ਅਤੇ ਫਰਾਂਸ ਦੇ ਦੌਰੇ ਮਗਰੋਂ ਪ੍ਰਧਾਨ ਮੰਤਰੀ ਮੋਦੀ ਅਮਰੀਕਾ ਲਈ ਰਵਾਨਾ ਹੋ ਗਏ ਜਿਥੇ ਉਹ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਮੁਲਾਕਾਤ ਕਰਨਗੇ। ਮੋਦੀ ਅਤੇ ਟਰੰਪ ਵਿਚਕਾਰ ਵੀ ਪਰਮਾਣੂ ਊਰਜਾ ਦੇ ਮੁੱਦੇ 'ਤੇ ਚਰਚਾ ਹੋ ਸਕਦੀ ਹੈ। ਮੋਦੀ ਅਤੇ ਮੈਕਰੋਂ ਨੇ ਭਾਰਤ ਅਤੇ ਫਰਾਂਸ ਵਿਚਕਾਰ ਮਜ਼ਬੂਤ ਗ਼ੈਰ-ਫੌਜੀ ਪਰਮਾਣੂ ਸਬੰਧਾਂ ਅਤੇ ਖਾਸ ਤੌਰ 'ਤੇ ਜੈਤਾਪੁਰ ਪਰਮਾਣੂ ਊਰਜਾ ਪ੍ਰਾਜੈਕਟ ਦੇ ਸਬੰਧ 'ਚ ਪਰਮਾਣੂ ਊਰਜਾ ਦੀ ਵਰਤੋਂ 'ਤੇ ਸਹਿਯੋਗ ਦੀਆਂ ਕੋਸ਼ਿਸ਼ਾਂ 'ਤੇ ਵੀ ਸਹਿਮਤੀ ਜਤਾਈ ਹੈ।

## ਦਿੱਲੀ ਹਾਰਨ ਤੋਂ ਬਾਅਦ ਆਪ ਦੀ ਪੰਜਾਬ ਦੀ ਸਰਕਾਰ ਵਿਚ ਵੀ ਹਲਚਲ ਦੀ ਤੌਖਲੇ

ਚੰਡੀਗੜ੍ਹ (ਬਿਊਰੋ) ਆਮ ਆਦਮੀ ਪਾਰਟੀ ਦੁਆਰਾ ਦਿੱਲੀ ਦੀਆਂ ਚੋਣਾਂ ਹਾਰਨ ਤੋਂ ਬਾਅਦ ਹੁਣ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਨੂੰ ਲੈ ਕੇ ਸ਼ੰਕਿਆਂ ਦਾ ਬਾਜ਼ਾਰ ਗਰਮ ਹੋ ਗਿਆ ਹੈ। ਮੰਗਲਵਾਰ ਨੂੰ ਹਾਰਨ ਤੋਂ ਤੁਰੰਤ ਬਾਅਦ ਕੇਜਰੀਵਾਲ ਦੁਆਰਾ ਪੰਜਾਬ ਦੇ ਵਿਧਾਇਕਾਂ ਦੀ ਦਿੱਲੀ ਸੱਦੀ ਮੀਟਿੰਗ ਵਿਚ ਜੋ ਹੋਇਆ, ਉਸ ਨੂੰ ਦੇਖ ਕੇ ਲੱਗਦਾ ਹੈ ਕਿ ਹੁਣ ਕੇਜਰੀਵਾਲ ਪਾਰਟੀ ਤੇ ਆਪਣੀ ਪਕੜ ਮਜ਼ਬੂਤ ਕਰਨ ਅਤੇ ਭਗਵੰਤ ਮਾਨ ਦੇ ਪਰ ਕਤਰਨ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਫਿਲਹਾਲ ਅਜਿਹਾ ਹੁੰਦਾ ਨਜ਼ਰ ਨਹੀਂ ਆ ਰਿਹਾ। ਕੇਜਰੀਵਾਲ ਵੱਲੋਂ ਬੀਤੇ ਦਿਨ ਪੰਜਾਬ ਦੇ ਵਿਧਾਇਕਾਂ, ਮੰਤਰੀਆਂ ਅਤੇ ਹੋਰ ਆਗੂਆਂ ਨਾਲ ਮੁਲਾਕਾਤ ਕਰਨ ਤੋਂ ਬਾਅਦ ਭਾਜਪਾ ਦੇ ਕੌਮੀ ਬੁਲਾਰੇ ਆਰਪੀ ਸਿੰਘ ਨੇ ਬੁੱਧਵਾਰ ਨੂੰ ਦੋਸ਼ ਲਗਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੇ ਸੂਬੇ ਵਿੱਚ ਸਭ ਕੁਝ ਠੀਕ ਨਹੀਂ ਹੈ, ਜਿੱਥੇ ਹਾਲ ਹੀ ਵਿੱਚ ਦਿੱਲੀ ਵਿਧਾਨ ਸਭਾ ਚੋਣਾਂ ਹਾਰਨ ਤੋਂ ਬਾਅਦ ਕੇਜਰੀਵਾਲ ਦਾ ਵਿਰੋਧ ਹੈ। ਭਾਜਪਾ ਆਗੂ ਨੇ ਦੱਸਿਆ ਕਿ ਦਿੱਲੀ ਵਿੱਚ ਮੀਟਿੰਗ ਲਈ ਬੁਲਾਏ ਗਏ 94 ਵਿਧਾਇਕਾਂ ਵਿੱਚੋਂ ਚਾਰ ਨਹੀਂ ਆਏ। ਆਰਪੀ ਸਿੰਘ ਨੇ ਕਿਹਾ, ''ਇਹ ਬਿਲਕੁਲ ਸਪੱਸ਼ਟ ਹੈ ਕਿ ਪੰਜਾਬ ਵਿੱਚ ਸਭ ਕੁਝ ਠੀਕ ਨਹੀਂ ਹੈ। ਖਾਸ ਤੌਰ 'ਤੇ ਅਰਵਿੰਦ ਕੇਜਰੀਵਾਲ ਦੇ ਦਿੱਲੀ ਵਿੱਚ ਚੋਣ ਹਾਰਨ ਤੋਂ ਬਾਅਦ ਲੋਕਾਂ ਵਿੱਚ ਰੋਸ ਹੈ। ਮੀਟਿੰਗ ਵਿੱਚ 94 ਵਿਧਾਇਕਾਂ ਨੂੰ ਬੁਲਾਇਆ ਗਿਆ ਸੀ ਪਰ ਚਾਰ ਵਿਧਾਇਕ ਮੀਟਿੰਗ ਵਿੱਚ ਨਹੀਂ ਆਏ। ਇੱਕ ਵਿਧਾਇਕ ਨੇ ਖੁੱਲ੍ਹ ਕੇ ਭਗਵੰਤ ਮਾਨ ਨੂੰ ਮੁੱਖ ਮੰਤਰੀ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ।'' ਆਮ ਆਦਮੀ ਪਾਰਟੀ ਦਿੱਲੀ ਵਿਧਾਨ ਸਭਾ ਚੋਣਾਂ 'ਚ ਮਿਲੀ ਹਾਰ ਤੋਂ ਸਬਕ ਲੈਂਦਿਆਂ ਹੁਣ ਨਵਾਂ 'ਪੰਜਾਬ ਮਾਡਲ' ਤਿਆਰ ਕਰੇਗੀ ਤਾਂ ਜੋ ਕੌਮੀ ਨਕਸ਼ੇ 'ਤੇ ਵਿਕਾਸ ਦੇ ਨਵੇਂ ਨਕਸ਼ ਦਿਖਾਏ ਜਾ ਸਕਣ। ਦਿੱਲੀ 'ਚ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਦੇ ਵਿਧਾਇਕਾਂ ਅਤੇ ਵਜ਼ੀਰਾਂ ਦੀ ਮੀਟਿੰਗ 'ਚ ਉਪਰੋਕਤ ਸੁਨੇਹਾ ਦਿੱਤਾ ਗਿਆ। ਕਪੂਰਥਲਾ



ਹਾਊਸ 'ਚ ਅੱਜ ਹੋਈ ਸੰਖੇਪ ਮੀਟਿੰਗ 'ਚ ਸਮੁੱਚੀ ਲੀਡਰਸ਼ਿਪ ਨੇ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ ਅਤੇ ਵਿਰੋਧੀਆਂ ਦੇ ਦਾਅਵਿਆਂ ਨੂੰ ਖ਼ਾਰਜ ਕਰਦਿਆਂ ਸਰਕਾਰ ਨੂੰ ਕੋਈ ਖ਼ਤਰਾ ਨਾ ਹੋਣ ਦਾ ਸੰਕੇਤ ਵੀ ਦਿੱਤਾ। ਪੰਜਾਬ 'ਚ ਹੁਣ ਤੱਕ 'ਦਿੱਲੀ ਮਾਡਲ' ਦੀ ਚਰਚਾ ਹੁੰਦੀ ਰਹੀ ਸੀ ਜਦੋਂ ਕਿ ਅੱਜ ਪਹਿਲੀ ਵਾਰ 'ਪੰਜਾਬ ਮਾਡਲ' ਦੀ ਗੱਲ ਸ਼ੁਰੂ ਹੋਈ ਹੈ।

ਮੀਟਿੰਗ ਦੌਰਾਨ ਕੇਜਰੀਵਾਲ ਨੇ ਪੰਜਾਬ ਦੇ ਵਿਧਾਇਕਾਂ ਨੂੰ 'ਮਿਸ਼ਨ 2027' ਲਈ 'ਪੰਜਾਬ ਮਾਡਲ' ਵਾਸਤੇ ਸਮੂਹਿਕ ਜ਼ਿੰਮੇਵਾਰੀ ਨਿਭਾਉਣ ਦਾ ਸੱਦਾ ਦਿੱਤਾ। ਕੌਮੀ ਲੀਡਰਸ਼ਿਪ ਦੇ ਚਿਹਰਿਆਂ ਤੋਂ ਦਿੱਲੀ ਚੋਣਾਂ ਦੀ ਹਾਰ ਦਾ ਪਰਛਾਵਾਂ ਤਾਂ ਸਾਫ਼ ਦਿੱਖ ਰਿਹਾ ਸੀ ਪ੍ਰੰਤੂ ਕੇਜਰੀਵਾਲ ਨੇ ਪੰਜਾਬ ਦੇ ਵਿਧਾਇਕਾਂ ਨੂੰ ਹਿੰਮਤ ਰੱਖਣ ਦੀ ਢਾਰਸ ਦਿੱਤੀ। ਪਾਰਟੀ ਨੇ ਦਿੱਲੀ ਚੋਣਾਂ 'ਚ ਪੰਜਾਬ ਦੇ ਵਿਧਾਇਕਾਂ ਵੱਲੋਂ ਪਾਏ ਯੋਗਦਾਨ ਬਦਲੇ ਧੰਨਵਾਦੀ ਲਫ਼ਜ਼ ਵੀ ਆਖੇ। ਕੇਜਰੀਵਾਲ ਨੇ ਵਿਧਾਇਕਾਂ ਨੂੰ ਕਿਹਾ ਕਿ ਉਹ ਕਿਸੇ ਸਮੇਂ ਵੀ ਉਨ੍ਹਾਂ ਨਾਲ ਰਾਬਤਾ ਬਣਾ ਸਕਦੇ ਹਨ। ਉਨ੍ਹਾਂ ਵਿਧਾਇਕਾਂ ਨੂੰ ਬਿਹਤਰੀ ਵਾਸਤੇ ਸੁਝਾਅ ਭੇਜਣ ਲਈ ਵੀ ਕਿਹਾ ਅਤੇ ਆਪੋ-ਆਪਣੇ ਹਲਕਿਆਂ ਵਿਚ ਤਕੜੇ ਹੋ ਕੇ ਕੰਮ ਕਰਨ ਲਈ ਥਾਪੀ ਦਿੱਤੀ। ਉਨ੍ਹਾਂ ਕਿਹਾ ਕਿ ਜੇ ਕੋਈ ਅਧਿਕਾਰੀ ਅੜਿੱਕਾ ਬਣਦਾ ਹੈ ਤਾਂ ਉਸ ਬਾਰੇ ਵੀ ਦੱਸਿਆ ਜਾਵੇ। ਕੇਜਰੀਵਾਲ ਨੇ ਸੰਖੇਪ ਭਾਸ਼ਣ ਦੇ ਅਖੀਰ 'ਚ ਕਿਹਾ, ''ਅਸੀਂ ਤੁਹਾਡੇ ਨਾਲ ਹਾਂ, ਆਓ ਪੰਜਾਬ 'ਚ ਮਿਲ ਕੇ ਕੰਮ ਕਰੀਏ।'' ਪਤਾ ਲੱਗਾ ਹੈ ਕਿ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਕੁੱਝ ਸਮੇਂ ਲਈ ਵੱਖਰੇ ਤੌਰ 'ਤੇ ਵੀ ਮੁਲਾਕਾਤ ਕੀਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਮੀਟਿੰਗ ਮਗਰੋਂ ਕਿਹਾ ਕਿ ਪੰਜਾਬ ਦੀ ਤਰੱਕੀ ਲਈ ਵਿਕਾਸ ਦਾ ਨਵਾਂ ਰੋਡ ਮੈਪ ਤਿਆਰ ਕਰਨ ਵਾਸਤੇ ਦਿੱਲੀ ਦੀ ਮੁਹਾਰਤ ਦੀ ਮਦਦ ਲਵਾਂਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਤਰੱਕੀ ਦਾ ਮਾਡਲ ਹੋਰ ਕਿਵੇਂ ਬਿਹਤਰ ਕੀਤਾ ਜਾ ਸਕਦਾ ਹੈ, ਇਸ ਬਾਰੇ ਮੀਟਿੰਗ ਵਿਚ ਵਿਚਾਰਾਂ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਪਾਰਟੀ ਦਾ ਫੋਕਸ ਹੁਣ ਪੰਜਾਬ 'ਚ ਚੰਗਾ ਸ਼ਾਸਨ ਪ੍ਰਦਾਨ ਕਰਨਾ ਹੈ।

# ਕ੍ਰਾਂਤੀਕਾਰੀ ਰਹਿਬਰ - ਗੁਰੂ ਰਵਿਦਾਸ ਜੀ



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਸੰਸਾਰ ਵਿੱਚ ਹੁਣ ਤੱਕ ਪ੍ਰਗਟ ਹੋਈਆਂ ਵਿਲੱਖਣ ਸ਼ਖ਼ਸੀਅਤਾਂ ਵਿਚੋਂ ਗੁਰੂ ਰਵਿਦਾਸ ਕਾਦਰ ਦੀ ਕੁਦਰਤ ਦਾ ਉੱਤਮ ਨਮੂਨਾ ਸਨ। ਜਾਂ ਇਉਂ ਕਹੋ ਕਿ ਉਹ ਇਕ ਗਿਆਨ ਦਾ ਅਜਿਹਾ ਸੂਰਜ ਸੀ ਜਿਸ ਨੇ ਜ਼ਿੰਦਗੀ ਦੀ ਸੱਜਰੀ ਪ੍ਰਭਾਤ ਇਸ ਧਰਤੀ 'ਤੇ ਲਿਆਂਦੀ। ਜਿਸ ਸਦਕਾ ਸਦੀਆਂ ਤੋਂ ਪਸਰੀ ਅਗਿਆਨਤਾ ਦੇ ਧੁੰਦ-ਗੁਬਾਰ ਵਿਚੋਂ ਨਿਕਲਣ ਲਈ ਮਾਨਵਤਾ ਨੂੰ ਪ੍ਰਕਾਸ਼ ਪ੍ਰਾਪਤ ਹੋਇਆ। ਉਹ ਅਖੌਤੀ ਅਛੂਤਾਂ ਦੇ ਵਿਹੜਿਆਂ ਵਿਚ ਰੋਸ਼ਨ ਹੋਈ ਉਹ ਜੋਤ ਸੀ ਜਿਸ ਦੀ ਚਮਕ-ਦਮਕ ਬ੍ਰਾਮਣੀ ਵਿਦਵਤਾ ਦੀਆਂ ਸਾਜਿਸ਼ਾਂ ਰਾਂਹੀ ਧੁੰਦਲਾਏ ਭੂਤਕਾਲ ਦੇ ਬਾਵਜੂਦ ਵੀ ਰੋਕੀ ਨਾ ਜਾ ਸਕੀ। ਆਪ ਹਨੇਰ ਗਰਦੀ ਦੇ ਯੁੱਗ ਵਿੱਚ ਅਛੂਤਾਂ ਦੀਆਂ ਕੁੱਲੀਆਂ ਵਿਚੋਂ ਪ੍ਰਗਟ ਹੋਏ। ਆਪ ਦਾ ਜਨਮ ਮਾਂ ਕਲਸਾਂ ਦੀ ਕੁੱਖੋਂ, ਪਿਤਾ ਸੰਤੋਖ ਦੇ ਘਰ, ਮਾਘ ਦੀ ਪੂਰਨਮਾਸ਼ੀ ਸੰਮਤ 1470 ਬਿਕਰਮੀ, ਅਰਥਾਤ 1413 ਈਸਵੀ ਨੂੰ ਬਨਾਰਸ ਦੇ ਨਜ਼ਦੀਕ ਸੀਰ-ਗੋਵਰਦਨਪੁਰਾ ਵਿਖੇ ਹੋਇਆ। ਇਤਿਹਾਸ ਗਵਾਹ ਹੈ ਕਿ ਆਪ ਨੇ ਬਚਪਨ ਵਿੱਚ ਹੀ ਮਨੂ ਸਿਮ੍ਰਤੀ ਦੇ ਕਾਲੇ ਕਾਨੂੰਨਾਂ ਦੀ ਵਿਰੋਧਤਾ ਕਰਨੀ ਸ਼ੁਰੂ ਕਰ ਦਿੱਤੀ। ਆਪ ਨੇ ਮਾਨਵਵਾਦੀ ਵਿਚਾਰਾਂ ਦੇ ਮੁੱਦਈ ਸੰਤ ਰਾਮਾ ਨੰਦ ਦੀ ਅਗਵਾਈ ਵਿਚ ਚੋਖੀ ਵਿਦਿਆ ਗ੍ਰਹਿਣ ਕਰ ਲਈ। ਆਪ ਜੀ ਨੇ ਅਛੂਤ ਗੱਭਰੂਆਂ ਨੂੰ ਇਕੱਠਾ ਕਰਕੇ ਸਮਾਜਿਕ ਨਾ ਬਰਾਬਰੀ, ਜ਼ਬਰ- ਜ਼ੁਲਮ, ਜਾਤ-ਪਾਤ, ਛੂਤ-ਛਾਤ ਤੇ ਵਰਣ-ਵਿਵਸਥਾ ਵਿਰੁੱਧ ਸੰਘਰਸ਼ ਸ਼ੁਰੂ ਕਰਕੇ ਬ੍ਰਾਹਮਣ ਦੇ ਭਰਮ ਜਾਲ ਦਾ ਭਾਂਡਾ ਭੰਨਣਾ ਸ਼ੁਰੂ ਕਰ ਦਿੱਤਾ। ਆਪ ਨੇ ਸ਼ੂਦਰਾਂ ਅਤੇ ਅਤਿ- ਸ਼ੂਦਰਾਂ ਵਿਰੁੱਧ ਮਨੂ ਸਿਮ੍ਰਤੀ ਤੇ ਹੋਰ ਧਾਰਮਿਕ ਗ੍ਰੰਥਾਂ ਦੁਆਰਾ ਲਾਈਆਂ ਗਈਆਂ ਪਾਬੰਦੀਆਂ ਵਿਰੁੱਧ ਜ਼ੋਰਦਾਰ ਬਗ਼ਾਵਤ ਦਾ ਬਿਗਲ ਵਜਾ ਦਿੱਤਾ। ਆਪ ਨੇ ਸ਼ੂਦਰਾਂ ਲਈ ਵਰਜਿਤ ਕੀਤੇ ਕੰਮ ਸ਼ੁਰੂ ਕਰਕੇ ਬ੍ਰਾਹਮਣ ਅਤੇ ਉਸਦੇ ਧਾਰਮਿਕ ਗ੍ਰੰਥਾਂ ਨੂੰ ਚੁਣੌਤੀ ਦੇ ਦਿੱਤੀ ਜਿਵੇਂ:- ਸੰਖ ਵਜਾਉਣਾ, ਪਾਠ ਪੂਜਾ ਕਰਨਾ, ਜਨੇਊ ਪਹਿਨਣਾ, ਵਿਦਿਆ ਗ੍ਰਹਿਣ ਕਰਨਾ, ਧਾਰਮਿਕ ਉਪਦੇਸ਼ ਦੇਣਾ ਆਦਿ। ਬ੍ਰਾਹਮਣ ਨੇ ਸੋਚਿਆ ਕਿ ਜੇ ਇਸ ਤਰ੍ਹਾਂ ਸ਼ੂਦਰ ਉਸਦੀ ਬਰਾਬਰੀ ਕਰਨ ਲੱਗ ਪਏ ਤਾਂ ਬ੍ਰਾਹਮਣ ਦੀ ਸਰਦਾਰੀ ਕਿਵੇਂ ਕਾਇਮ ਰਹੇਗੀ? ਬ੍ਰਾਹਮਣ ਦੀ ਸਰਬ ਉੱਚਤਾ ਕਿਵੇਂ ਕਾਇਮ ਰਹੇਗੀ? ਇਸ ਲਈ ਉਹ ਗੁਰੂ ਰਵਿਦਾਸ ਦੀਆਂ ਇਹ ਵਿਦਰੋਹੀ ਹਰਕਤਾਂ ਦੇਖ ਕੇ ਅੱਗ ਬਬੂਲਾ ਹੋ ਉੱਠੇ। ਜਦੋਂ ਆਮ ਰਸਤੇ 'ਤੇ ਚੱਲਣ ਦੀ ਅਛੂਤਾਂ ਲਈ ਮਨਾਹੀ ਸੀ ਉਸ ਵੇਲੇ ਜਾਤ ਅਭਿਮਾਨੀ ਬ੍ਰਾਹਮਣਾਂ ਦਾ ਹੰਕਾਰ ਤੋੜਨ ਲਈ ਆਪ ਜੀ ਨੇ ਅਛੂਤ ਨੌਜਵਾਨਾਂ ਨੂੰ ਇਕੱਠੇ ਕਰਕੇ ਬਨਾਰਸ ਦੇ ਬਾਜ਼ਾਰਾਂ ਵਿਚ ਇਕ ਜਲੂਸ ਕੱਢ ਦਿੱਤਾ। ਬ੍ਰਾਹਮਣ ਦੀ ਨਜ਼ਰ ਵਿਚ ਗੁਰੂ ਜੀ ਵੱਲੋਂ ਕੀਤਾ ਗਿਆ ਇਹ ਬਾਗੀਆਨਾਂ ਕੰਮ ਬ੍ਰਾਹਮਣਾਂ ਦੇ ਬਰਦਾਸ਼ਤ ਤੋਂ ਬਾਹਰ ਦੀ ਗੱਲ ਸੀ। ਇਸ ਲਈ ਉਹ ਅੱਗ ਬਬੂਲਾ ਹੋ ਉਠੇ। ਬ੍ਰਾਹਮਣਾਂ ਨੇ ਹਰ ਹਰਬਾ ਵਰਤ ਕੇ ਆਪ ਜੀ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ। ਪਰ ਆਪ ਦੀ ਮਾਨਵੀ ਵਿਚਾਰਧਾਰਾ ਸਾਹਮਣੇ ਉਹ ਅੜ ਨਾ ਸਕੇ। ਕੋਈ ਧਮਕੀ, ਕੋਈ ਡਰਾਵਾ ਆਪ ਤੇ ਅਸਰ ਨਾ ਕਰ ਸਕਿਆ। ਸੱਚ ਦੇ ਪਾਂਧੀ ਸੰਤ ਰਵਿਦਾਸ ਜੀ ਨੂੰ ਕੋਈ ਲਾਲਚ ਪੋਹ ਨਾ ਸਕਿਆ। ਜਦੋਂ ਹੈਂਕੜ ਬਾਜ਼ ਤੇ ਜਾਤ ਅਭਿਮਾਨੀ ਬ੍ਰਾਹਮਣਾਂ ਦੀ ਕੋਈ ਪੇਸ਼ ਨਾ ਗਈ ਤਾਂ ਉਨ੍ਹਾਂ ਨੇ ਸਮੇਂ ਦੇ ਹਾਕਮ ਨਾਗਰ ਮੱਲ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਦਰਬਾਰ ਵਿੱਚ ਪੇਸ਼ੀ ਸਮੇਂ ਰਾਜਾ ਗੁਰੂ ਜੀ ਦੀਆਂ ਅਕੱਟ ਦਲੀਲਾਂ ਤੇ ਮਾਨਵੀ ਵਿਚਾਰਾਂ ਨੂੰ ਸੁਣਕੇ ਇਨਾਂ ਪ੍ਰਭਾਵਿਤ ਹੋਇਆ ਕਿ ਉਹ ਗੁਰੂ ਜੀ ਦਾ ਮੁਰੀਦ ਬਣ ਗਿਆ ਤੇ ਬ੍ਰਾਹਮਣਾਂ ਨੂੰ ਮੂੰਹ ਦੀ ਖਾਣੀ ਪਈ। ਸਦੀਆਂ ਪਹਿਲਾਂ ਜਦੋਂ ਬ੍ਰਾਹਮਣ ਦੇ ਮੂੰਹ ਵਿਚੋਂ ਨਿਕਲਿਆ ਮਾਮੂਲੀ ਸ਼ਬਦ ਵੀ ਇਲਾਹੀ ਹੁਕਮ ਦੀ ਹੈਸੀਅਤ ਰੱਖਦਾ ਸੀ, ਉਸ ਸਮੇਂ ਆਪ ਵੱਲੋਂ ਬ੍ਰਾਹਮਣਵਾਦ ਵਿਰੁੱਧ ਬਗਾਵਤ ਦਾ ਝੰਡਾ ਚੁਕਣਾ ਕੋਈ ਸਧਾਰਨ ਕਾਰਜ ਨਹੀਂ ਸੀ ਸਗੋਂ ਇਕ ਵਿਦਰੋਹੀ ਤੇ ਕ੍ਰਾਂਤੀਕਾਰੀ ਕਦਮ ਸੀ, ਬਗਾਵਤ ਦਾ ਬਿਗੁਲ ਸੀ।



ਲਾਲ ਸਿੰਘ ਸੁਲਹਾਣੀ
91-98721-55120

ਆਪ ਨੇ ਆਪਣੇ ਲੰਮੇ ਸੰਘਰਸ਼ਮਈ ਜੀਵਨ ਦੌਰਾਨ ਕਿਧਰੇ ਅਖੌਤੀ ਨੀਚ ਜਾਤ ਵਿਚ ਪੈਦਾ ਹੋਣ ਦਾ ਗਿਲਾ ਸ਼ਿਕਵਾ ਨਹੀਂ ਕੀਤਾ, ਆਪਣੇ ਆਪ ਨੂੰ ਕਦੇ ਘਟੀਆ ਜਾਂ ਨੀਚ ਨਹੀਂ ਸਮਝਿਆ ਸਗੋਂ ਦ੍ਰਿੜ੍ਹ ਵਿਸ਼ਵਾਸ ਨਾਲ "ਚਮਾਰ" ਹੋਣ 'ਤੇ ਮਾਣ ਮਹਿਸੂਸ ਕੀਤਾ। ਆਪ ਨੇ ਸੰਘਰਸ਼ ਰਾਹੀਂ ਸਵੈਮਾਨ, ਇੱਜ਼ਤ, ਵਿਦਵਤਾ ਤੇ ਐਨੀ ਸ਼ੋਹਰਤ ਪ੍ਰਾਪਤ ਕਰ ਲਈ ਕਿ ਮੁਖੀ ਬ੍ਰਾਹਮਣਾਂ ਨੂੰ ਵੀ ਡੰਡੌਤ ਕਰਕੇ ਉਨ੍ਹਾਂ ਦੇ ਚਰਨ ਪਰਸਨ ਲਈ ਮਜ਼ਬੂਰ ਹੋਣਾ ਪਿਆ। ਆਪ ਦੀਆਂ ਠੋਸ ਦਲੀਲਾਂ ਤੇ ਇਨਸਾਨੀਅਤ ਪੱਖੀ ਵਿਚਾਰਧਾਰਾ ਸਾਹਮਣੇ ਨਾ ਸਿਰਫ ਵਿਦਵਾਨ ਤੇ ਪ੍ਰਮੁੱਖ ਬ੍ਰਾਹਮਣਾਂ ਨੂੰ ਹੀ ਝੁਕਣਾ ਪਿਆ ਬਲਕਿ ਸਮੇਂ ਦੇ ਹਾਕਮ ਰਾਜਾ ਰਤਨ ਸਿੰਘ, ਰਾਣਾ ਹੁੰਮਾ, ਭਾਨਮਤੀ, ਕਰਮਾਂ ਬਾਈ, ਜੋਗਵਤੀ, ਸਾਵਿਤਰੀ ਦੇਵੀ, ਰਾਜਾ ਪਰਮ ਹੰਸ, ਰਾਜਾ ਪੀਪਾ, ਰਾਜਾ ਸਿਕੰਦਰ ਲੋਧੀ, ਮਹਾਰਾਣਾ ਸੰਗਰਾਮ, ਰਾਜਾ ਨਾਗਰ ਮੱਲ, ਸ਼ਾਹਜਾਦੀ ਮੀਰਾਂ, ਚਿਤੌੜ ਦੀ ਰਾਣੀ ਝਾਲਾਂ ਬਾਈ ਤੇ ਹੋਰ ਮੁੱਖੀ ਲੋਕਾਂ ਨੂੰ ਵੀ ਉਹਨਾਂ ਦੇ ਵਡਮੁੱਲੇ ਮਾਨਵਵਾਦੀ ਵਿਚਾਰਾਂ ਦਾ ਸਿੱਕਾ ਮੰਨਣਾ ਪਿਆ ਤੇ ਉਹ ਆਪ ਦੀ ਵਿਚਾਰਧਾਰਾ ਦੇ ਮੁੱਦਈ ਤੇ ਪ੍ਰਚਾਰਕ ਹੋਣ ਵਿੱਚ ਮਾਣ ਮਹਿਸੂਸ ਕਰਨ ਲੱਗੇ। ਐਨੀ ਇੱਜ਼ਤ, ਮਾਣ, ਵਡਿਆਈ, ਪਦਵੀ ਤੇ ਸ਼ੋਹਰਤ ਹਾਸਲ ਕਰਨ ਦੇ ਬਾਵਜੂਦ ਵੀ ਆਪ ਨੇ ਕਦੀ ਆਪਣੀ ਜਾਤ ਛੁਪਾਉਣ ਦੀ ਕੋਸ਼ਿਸ਼ ਨਹੀਂ ਕੀਤੀ ਤੇ ਨਾ ਹੀ ਆਪ ਜਾਤ ਕਾਰਨ ਹੀਣ ਭਾਵਨਾ ਦਾ ਸ਼ਿਕਾਰ ਹੋਏ। ਸਗੋਂ ਡੰਕੇ ਦੀ ਚੋਟ ਤੇ "ਮੇਰੀ ਜਾਤ ਕੁਟਬਾਂਢਲਾ ਢੋਰ ਢੋਵੰਤਾ", "ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚਮਾਰੰ" ਅਤੇ "ਕਹਿ ਰਵਿਦਾਸ ਚਮਾਰਾ" ਗੌਰਵ ਨਾਲ ਕਿਹਾ। ਆਪ ਨੇ ਬ੍ਰਾਹਮਣਵਾਦ ਦੇ ਆਧਾਰ 'ਤੇ ਜਨਮ ਤੋਂ ਹੀ ਜਾਤ-ਪਾਤ ਤੇ ਊਚ-ਨੀਚ ਨੂੰ ਪ੍ਰਵਾਨ ਨਹੀਂ ਕੀਤਾ। ਆਪ ਦੀ ਮਾਨਵਵਾਦੀ ਸੋਚ ਅਨੁਸਾਰ ਕੋਈ ਮਨੁੱਖ ਭਾਵੇਂ ਅਖੌਤੀ ਸ੍ਰੇਸ਼ਟ ਕੁਲ ਵਿਚ ਪੈਦਾ ਹੋਇਆ ਹੋਵੇ ਤੇ ਸ਼ਾਸਤਰਾਂ ਅਨੁਸਾਰ ਕਰਮ ਧਰਮ ਵੀ ਕਰਦਾ ਹੋਵੇ ਪਰ ਜੇ ਉਹ ਬ੍ਰਹਮ ਦੀ ਪ੍ਰੇਮਾ ਭਗਤੀ ਤੇ ਮਾਨਵ ਪਿਆਰ ਦੀ ਕਥਾ ਦਾ ਹਾਮੀ ਨਹੀਂ ਹੈ ਤਾਂ ਅਜਿਹਾ ਵਿਅਕਤੀ ਸੁਪਚ ਭਾਵ ਸੱਭ ਤੋਂ ਗਿਰੇ ਹੋਏ ਬੰਦੇ ਦੇ ਬਰਾਬਰ ਹੈ -

ਖਟ ਕਰਮ ਕੁਲ ਸੰਜੁਗਤੁ ਹੈ
ਹਰਿ ਭਗਤਿ ਹਿਰਦੇ ਨਾਹਿ॥
ਚਰਨਾਰਬਿੰਦ ਨ ਕਥਾ ਭਾਵੈ
ਸੁਪਚ ਤੁਲਿ ਸਮਾਨਿ॥੧॥

ਆਪ ਨੇ ਸਮਾਜ ਅਤੇ ਮਨੁੱਖਤਾ ਦੇ ਭਲੇ ਲਈ ਜੋ ਆਵਾਜ਼ ਬੁਲੰਦ ਕੀਤੀ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ 16 ਰਾਗਾਂ ਵਿਚਲੇ 40 ਸ਼ਬਦਾਂ ਵਿੱਚ ਸਾਡੇ ਪਾਸ ਸੁਰੱਖਿਅਤ ਹੈ। ਆਪ ਦੀ ਮਨੋਹਰ, ਅਨੂਪਮ ਤੇ ਕਲਿਆਣਕਾਰੀ ਬਾਣੀ ਸਦੀਆਂ ਤੋਂ ਛੇਕੇ ਤੇ ਤ੍ਰਿਸਕਾਰੇ, ਧਾਰਮਿਕ ਨੁਕਤਾ-ਨਜ਼ਰ ਤੋਂ ਅਛੂਤ ਤੇ ਅਪਵਿੱਤਰ ਗਰਦਾਨੇ, ਸਮਾਜਿਕ ਦ੍ਰਿਸ਼ਟੀ ਤੋਂ ਅਣਗੌਲੇ ਤੇ ਅਪ੍ਰਵਾਨੇ, ਆਰਥਕ ਦ੍ਰਿਸ਼ਟੀਕੋਣ ਤੋਂ ਲੁੱਟ ਖਸੁੱਟ ਦਾ ਸ਼ਿਕਾਰ, ਸਾਧਨਹੀਣ ਤੇ ਲਾਚਾਰ ਅਤੇ ਰਾਜਸੀ ਨਜ਼ਰੀਏ ਤੋਂ ਲਤਾੜੇ ਤੇ ਧ੍ਰਿਕਾਰੇ ਹੋਏ ਕਰੋੜਾਂ ਲੋਕਾਂ ਨੂੰ ਸਵੈਮਾਨ, ਅਣਖ ਤੇ ਇੱਜ਼ਤ ਨਾਲ ਸਿਰ ਚੁੱਕ ਕੇ ਤੁਰਨ ਲਈ ਉਮਾਹ ਤੇ ਉੱਦਮ ਪੈਦਾ ਕਰਦੀ ਹੈ। ਮਨੁੱਖੀ ਜੀਵਨ ਦੇ ਮੂਲ ਮਨੋਰਥ ਆਤਮਿਕ ਸ਼ਾਂਤੀ, ਆਜ਼ਾਦੀ, ਭਾਈਚਾਰਾ, ਸਮਤਾ, ਸਮਾਨਤਾ ਤੇ ਸਵੈਮਾਣ ਦੀ ਪ੍ਰਾਪਤੀ ਲਈ ਉਤਸ਼ਾਹਿਤ ਕਰਦੀ ਹੈ। ਦਿਲ ਵਿਚ ਰਾਜ ਭਾਗ ਵਿਚ ਹਿੱਸੇਦਾਰ ਬਣਨ ਦੀ ਚਾਹਤ ਜਗਾਉਂਦੀ ਹੈ।

ਆਪ ਨੇ ਗੁਲਾਮ ਹੋ ਚੁੱਕੇ ਸ਼ੂਦਰ ਸਮਾਜ ਦੇ ਪਿਛੋਕੜ ਬਾਰੇ ਸੰਕੇਤਕ ਭਾਸ਼ਾ ਰਾਹੀਂ "ਨਰਪਤਿ ਏਕ ਸਿੰਘਾਸਨ ਸੋਇਆ ਸੁਪਨੇ ਭਇਆ ਭਿਖਾਰੀ॥ ਅਛਤ ਰਾਜ ਬਿਸਰਤ ਦੁਖ ਪਾਇਆ ਸੋ ਗਤਿ ਭਈ ਹਮਾਰੀ॥" ਕਹਿ ਕੇ ਜਾਗ੍ਰਤ ਕਰਨ ਦਾ ਯਤਨ ਕੀਤਾ। ਗੁਰੂ ਜੀ ਨੇ ਸਾਰੇ ਦੁੱਖਾਂ ਦਾ ਕਾਰਨ ਰਾਜਸੀ ਸ਼ਕਤੀ ਦੀ ਅਣਹੋਂਦ ਦੱਸਿਆ ਹੈ। ਆਪ ਨੇ ਸਦੀਆਂ ਤੋਂ ਗੁਲਾਮ ਭਾਰਤੀਆਂ ਦੇ ਮਨਾਂ ਵਿੱਚ ਅਜਿਹੇ ਰਾਜ ਦੀ ਚਾਹਤ ਪੈਦਾ ਕਰਨ ਕੋਸ਼ਿਸ਼ ਕੀਤੀ ਹੈ ਜਿੱਥੇ ਸਭ ਨੂੰ ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਕ ਬਰਾਬਰੀ ਹੋਵੇ। ਆਪ ਨੇ ਅਜਿਹੇ ਰਾਜ ਦਾ ਨਕਸ਼ਾ ਉਲੀਕਿਆ ਜਿੱਥੇ ਬਤੌਰ ਮਨੁੱਖ ਬੁਨਿਆਦੀ ਹੱਕ ਸਭ ਦੇ ਬਰਾਬਰ ਹੋਣ। ਜਿੱਥੇ ਸਾਰੇ ਮਨੁੱਖ ਗੁਲਾਮੀ ਦੀ ਜਕੜ ਵਿੱਚੋਂ ਨਿਕਲ ਕੇ ਆਜ਼ਾਦੀ ਦਾ ਆਨੰਦ ਮਾਣਦੇ ਹੋਏ ਸ਼ਾਂਤੀ ਨਾਲ ਜ਼ਿੰਦਗੀ ਗੁਜ਼ਾਰ ਕਰ ਸਕਣ। ਆਪ ਅਜਿਹੇ ਸੁਤੰਤਰ ਤੇ ਆਦਰਸ਼ਿਕ ਲੋਕ ਰਾਜ ਦੇ ਮੁਦੱਈ ਸਨ ਜਿਸ ਵਿੱਚ ਸਾਰੇ ਲੋਕ ਇਕੋ ਜਿਹੇ ਤੇ ਬਰਾਬਰ ਹੋਣ। ਕੋਈ ਦੂਜੇ ਤੇ ਤੀਜੇ ਦਰਜੇ ਦਾ ਨਾਗਰਿਕ ਨਾ ਹੋਵੇ। ਜਿੱਥੇ ਕਿਸੇ ਵੀ ਵਿਅਕਤੀ ਨੂੰ ਕੋਈ ਗ਼ਮ ਤੇ ਡਰ ਨਾ ਹੋਵੇ, ਨਾ ਚਿੰਤਾ ਤੇ ਨਾ ਫਿਕਰ ਹੋਵੇ, ਨਾ ਤੌਖਲਾ, ਨਾ ਬੰਦਸ਼ਾਂ ਤੇ ਪਾਬੰਦੀਆਂ ਨੇ ਘੇਰਿਆ ਹੋਵੇ। ਜਿਥੇ ਮਨੁੱਖ ਟੈਕਸਾਂ ਦੇ ਬੋਝ ਤੋਂ ਮੁਕਤ ਹੋਵੇ। ਅਜਿਹੇ ਦੇਸ਼ ਦੇ ਬਾਸ਼ਿੰਦੇ ਖੁਸ਼ਹਾਲ, ਧਨੀ ਤੇ ਰੱਜੇ ਪੁੱਜੇ ਹੋਣ। ਜਿਥੇ ਹਰ ਇਕ ਬੰਦੇ ਨੂੰ ਮਨਮਰਜ਼ੀ ਨਾਲ ਬਿਨਾਂ ਰੋਕ ਟੋਕ ਘੁੰਮਣ ਫਿਰਨ ਦੀ ਪੂਰੀ ਆਜ਼ਾਦੀ ਹੋਵੇ। ਜਿੱਥੇ ਹਰ ਮਨੁੱਖ ਦੀ ਪਹੁੰਚ ਰਾਜ ਮਹਿਲਾਂ ਤੱਕ ਬੇਰੋਕ ਹੋਵੇ। ਆਪ ਨੇ ਊਚ ਨੀਚ ਦੇ ਨਿਜ਼ਾਮ ਨੂੰ ਰੱਦ ਕਰਦਿਆਂ ਸਰਬ ਸਾਂਝੀਵਾਲਤਾ ਦੇ ਪ੍ਰਤੀਕ, ਇਨਸਾਨੀਅਤ ਦੇ ਹਿਤੈਸ਼ੀ, ਸਰਬੱਤ ਦੇ ਭਲੇ ਵਾਲੇ ਅਤੇ ਸਮਾਜਵਾਦੀ ਰਾਜ ਦਾ ਖ਼ਾਕਾ ਉਲੀਕਿਆ ਜੋ ਉਨ੍ਹਾਂ ਦੀ ਸੂਝ ਬੂਝ ਦਾ ਕਮਾਲ ਮੰਨਿਆਂ ਜਾਂਦਾ ਹੈ। ਆਪ ਨੇ ਅਜਿਹਾ ਆਦਰਸ਼ਕ ਤੇ ਆਜ਼ਾਦ ਲੋਕ ਰਾਜ ਸਿਰਜਣ ਦੀ ਕਾਮਨਾ ਕਰਕੇ ਸ਼ੂਦਰ (ਗੁਲਾਮ) ਸਮਾਜ ਦੀਆਂ ਅੱਖਾਂ ਵਿੱਚ ਨਵੀਆਂ ਹੋਣੀਆਂ ਲਿਸ਼ਕਾ ਦਿੱਤੀਆਂ-

ਬੇਗਮਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾ ਤਸਵੀਸ ਖਰਾਜ ਨਾ ਮਾਲਿ॥
ਖਉਫੁ ਨਾ ਖਤਾ ਨਾ ਤਰਸੁ ਜਵਾਲੁ॥ ੧॥
ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾ ਖੈਰ ਸਦਾ ਮੇਰੇ ਭਾਈ॥ ੧॥ ਰਹਾਉ॥
ਕਾਇਮੁ ਦਾਇਮੁ ਸਦਾ ਪਾਤਸਾਹੀ॥
ਦੋਮ ਨਾ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥
ਊਹਾ ਗਨੀ ਬਸਹਿ ਮਾਮੂਰ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤ ਹਮਾਰਾ॥ ੩॥੨॥
(ਗੁਰੂ ਗ੍ਰੰਥ ਸਾਹਿਬ ਜੀ ਪੰਨਾ ੩੪੫)

ਆਪ ਨੇ ਇਤਿਹਾਸ ਵਿਚ ਪਹਿਲੀ ਵਾਰ 'ਵਿਸ਼ਵ ਕੁਟੰਬ' ਦਾ ਮਾਨਵਵਾਦੀ ਸੰਕਲਪ ਮਨੁੱਖਤਾ ਸਾਹਮਣੇ ਪੇਸ਼ ਕੀਤਾ। ਸਮਾਜ ਦੇ ਕਲਿਆਣ ਲਈ ਗੁਰੂ ਜੀ ਨੇ ਸਾਰੇ ਦੇਸ਼ ਦਾ ਭਰਮਣ ਕੀਤਾ। ਉੱਤਰ ਪ੍ਰਦੇਸ਼, ਮੱਧਪ੍ਰਦੇਸ਼, ਰਾਜਸਥਾਨ, ਮਹਾਂਰਾਸ਼ਟਰ, ਪੰਜਾਬ ਵਿੱਚ ਥਾਂ ਥਾਂ ਘੁੰਮਕੇ ਗਿਆਨ ਗੋਸ਼ਟੀਆਂ ਕੀਤੀਆਂ। ਗੁਰੂ ਜੀ ਨੇ ਪੁਸ਼ਕਰ, ਪ੍ਰਯਾਗ, ਮੁਲਤਾਨ, ਮਥਰਾ, ਪੁਰੀ,ਪਨਘਾਟ ਆਦਿ ਤੀਰਥਾਂ ਦੀ ਯਾਤਰਾ ਕੀਤੀ ਤੇ ਸ਼੍ਰੋਮਣੀ ਵਿਦਵਾਨਾਂ ਨਾਲ ਵਿਚਾਰ ਵਟਾਂਦਰਾ ਕਰਕੇ ਸੱਚ ਦਾ ਮਾਰਗ ਦਰਸਾਇਆ। ਆਪ ਨੇ ਅਯੁੱਧਿਆ, ਭਰਤਪੁਰ, ਮਥੁਰਾ, ਦਿੱਲੀ, ਗੁੜਗਾ ੰ, ਬਿੰਦਰਾਬਨ, ਤ੍ਰਿਬੇਣੀ ਸੰਗਮ, ਗੋਦਾਵਰੀ, ਕੋਠਾ ਸਾਹਿਬ (ਜ਼ਿਲ੍ਹਾ ਅੰਮ੍ਰਿਤਸਰ), ਖੁਰਾਲਗੜ੍ਹ (ਜ਼ਿਲ੍ਹਾ ਹੁਸ਼ਿਆਰਪੁਰ) ਲੁਧਿਆਣਾ, ਹਕੀਮਪੁਰ (ਫਗਵਾੜਾ) ਆਦਿ ਸਥਾਨਾਂ ਤੇ ਜਾ ਕੇ ਸਮਾਜ ਦੇ ਕਲਿਆਣ ਹਿੱਤ ਗੁਰਮਤਿ ਦਾ ਉਪਦੇਸ਼ ਦਿੱਤਾ। ਭਾਈ ਬਾਲਾ ਜੀ ਦੀ ਸਾਖੀ ਅਨੁਸਾਰ ਆਪ ਦੇ ਹਿਮਾਲਾ ਦੀ ਚੋਟੀ ਸਿਰਧਾਰ ਤੱਕ ਪਹੁੰਚਣ ਦੀ ਪੁਸ਼ਟੀ ਹੋ ਚੁੱਕੀ ਹੈ। 1482 ਈਸਵੀ ਵਿੱਚ ਚੂਹੜਕਾਣੇ ਵਿਚ ਗੁਰੂ ਨਾਨਕ ਦੁਆਰਾ ਕੀਤੇ ਗਏ ਖਰੇ ਸੌਦੇ ਵਾਲੀ ਸਾਖੀ ਵੀ ਗੁਰੂ ਰਵਿਦਾਸ ਤੇ ਇਨਕਲਾਬੀ ਸੰਤ ਸਤਿਗੁਰੂ ਕਬੀਰ ਜੀ, ਸੰਤ ਬਾਬਾ ਸੈਣ ਜੀ, ਮਨੁੱਖਤਾ ਦੇ ਰਹਿਬਰ ਧੰਨਾ ਜੀ ਅਤੇ ਹੋਰ ਕਲਿਆਣਕਾਰੀ ਵਿਚਾਰਧਾਰਾ ਵਾਲੇ ਸੈਂਕੜੇ ਸਤਿ ਪੁਰਖਾਂ ਨਾਲ ਸਬੰਧਤ ਹੈ। ਉਹ ਸੰਤ ਮੰਡਲੀ ਕੋਈ ਵਿਹਲੜ, ਭੁੱਖੇ ਤੇ ਨਿਖੱਟੂ ਸਾਧਾਂ ਦਾ ਟੋਲਾ ਨਹੀਂ ਸਗੋਂ ਵਿਦਵਾਨ ਤੇ ਸਮਾਜ ਦੇ ਹਿਤੈਸ਼ੀ ਮਾਨਵਵਾਦੀ ਰਹਿਬਰ ਸਨ ਜਿਨ੍ਹਾਂ ਦੇ ਹਿਰਦੇ ਵਿੱਚ ਸਰਬੱਤ ਦੇ ਭਲੇ ਦੀ ਤੜਫ਼ ਸੀ।

ਏਸੇ ਤਰ੍ਹਾਂ 1496 ਈਸਵੀ ਵਿਚ ਗੁਰੂ ਨਾਨਕ ਜੀ ਦੇ ਵੇਈਂ ਪ੍ਰਵੇਸ਼ ਉਪਰੰਤ ਸੁਲਤਾਨ ਪੁਰ ਲੋਧੀ ਵਿਖੇ "ਗੁਰਦੁਆਰਾ ਸੰਤਘਾਟ" ਵਰਗੇ ਮੁਕੱਦਸ ਸਥਾਨ ਉਤੇ (ਨੌਜੁਆਨ) ਗੁਰੂ ਨਾਨਕ ਜੀ ਨਾਲ ਤਿੰਨ ਦਿਨ ਗੁਰੂ ਰਵਿਦਾਸ ਜੀ ਤੇ ਹੋਰ ਬਜ਼ੁਰਗ ਇਨਕਲਾਬੀ ਮਹਾਂ ਪੁਰਖਾਂ ਨੇ ਗਿਆਨ ਗੋਸ਼ਟੀ ਕੀਤੇ ਜਾਣ ਦੇ ਇਤਿਹਾਸਕ ਪ੍ਰਮਾਣ ਹਨ। ਇਸ ਅਸਥਾਨ ਤੇ ਹੀ ਮੂਲਮੰਤਰ ਲਿਖੇ ਜਾਣ ਦਾ ਜ਼ਿਕਰ ਮਿਲਦਾ ਹੈ। ਇਥੇ ਹੀ ਗੁਰੂ ਨਾਨਕ ਵਲੋਂ ਦੀਰਘ ਵਿਚਾਰ ਚਰਚਾਵਾਂ ਉਪਰੰਤ ਵਰਣ ਵੰਡ, ਜਾਤ ਪਾਤੀ ਵਿਤਕਰੇ, ਊਚ- ਨੀਚ, ਛੂਤ-ਛਾਤ, ਮਜ਼ਹਬਾਂ, ਨਸਲਾਂ, ਲਿੰਗ ਤੇ ਰੰਗ ਭੇਦ ਵਿਰੋਧੀ ਅਮਾਨਵੀ ਵਿਚਾਰਧਾਰਾ ਵਿਰੁੱਧ ਜ਼ੋਰਦਾਰ ਸੰਘਰਸ਼ ਦਾ ਬਿਗੁਲ ਵਜਾਉਣ ਦਾ ਨਿਰਨਾ ਲਿਆ ਗਿਆ। ਜਿਥੋਂ "ਨ ਕੋ ਹਿੰਦੂ ਨ ਮੁਸਲਮਾਨ" ਦਾ ਮਾਨਵਵਾਦੀ ਸੰਦੇਸ਼ ਐਲਾਨਦਿਆਂ "ਅੱਵਲ ਅਲਾ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ" ਵਾਲੀ ਉੱਤਮ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਲਈ ਗੁਰੂ ਨਾਨਕ ਜੀ ਵਲੋਂ ਮੋਦੀ ਖਾਨੇ ਦੀ ਨੌਕਰੀ, ਘਰ ਬਾਰ ਤੇ ਟੱਬਰ ਟੀਹਰ ਛੱਡਕੇ ਉਦਾਸੀਆਂ (ਪ੍ਰਚਾਰ ਯਾਤਰਾਵਾਂ) ਕਰਨ ਦਾ ਕਠਿਨ ਫੈਸਲਾ ਲਿਆ ਗਿਆ। ਗੁਰੂ ਨਾਨਕ ਜੀ ਭਾਈ ਮਰਦਾਨਾ ਜੀ ਸਮੇਤ ਜਗਤ ਜਲੰਦੇ ਵਿਚ ਠੰਢ ਵਰਤਾਉਣ, ਬੇਗ਼ਮਪੁਰੇ ਦੀ ਕਾਇਮੀ ਅਤੇ ਸਮਤਾ, ਸਮਾਨਤਾ ਭਾਈਚਾਰੇ ਵਾਲ਼ਾ ਸਰਬ ਸਾਂਝਾ ਸਮਾਜ ਸਿਰਜਣ ਲਈ ਚੱਲ ਪਏ।

ਇਹ ਵੀ ਇਤਿਹਾਸਕ ਸੱਚ ਹੈ ਕਿ ਗੁਰੂ ਨਾਨਕ ਜੀ ਨੇ ਪਹਿਲੀ ਉਦਾਸੀ ਵੇਲੇ 15 ਦਿਨ ਗੁਰੂ ਕੇ ਬਾਗ ਬਨਾਰਸ ਵਿਖੇ ਸੰਤ ਗੁਰੂ ਕਬੀਰ ਸਾਹਿਬ ਤੇ ਗੁਰੂ ਰਵਿਦਾਸ ਨਾਲ ਗਿਆਨ ਗੋਸ਼ਟੀਆਂ ਕੀਤੀਆਂ ਤੇ ਉਹਨਾਂ ਦੀ ਰਚੀ ਬਾਣੀ ਹਾਸਲ ਕਰਕੇ ਬੰਗਾਲ ਵੱਲ ਚਲੇ ਗਏ। ਗੁਰੂ ਰਵਿਦਾਸ ਜੀ ਦੇ ਚਿਤੌੜਗੜ੍ਹ ਵਿਚ ਜਾਕੇ ਬ੍ਰਹਮਭੋਜ ਵਿਚ ਸ਼ਾਮਲ ਹੋਣ ਦੀ ਪੁਸ਼ਟੀ ਵੀ ਹੋ ਚੁੱਕੀ ਹੈ ਜਿਥੇ ਆਪ ਦੀ ਯਾਦ ਵਿਚ ਬਣਿਆ ਚਬੂਤਰਾ ਮੌਜੂਦ ਹੈ। ਜਿੱਥੇ ਆਪ ਆਪਣੀ ਪਰਮ ਸ਼ਿਸ਼ ਰਾਣਾ ਸਾਂਗਾ ਦੀ ਪਤਨੀ ਝਾਲਾਂਬਾਈ ਦੇ ਵਿਸ਼ੇਸ਼ ਸੱਦੇ 'ਤੇ ਪਧਾਰੇ ਸਨ। ਜਿਥੇ ਰਾ ਦੂਦਾ ਜੀ ਦੀ ਪੋਤਰੀ ਮੀਰਾ ਬਾਈ ਦੇ ਰਾਜ ਕੁਮਾਰ ਭੋਜਰਾਜ ਨਾਲ ਹੋਏ ਵਿਆਹ ਦੇ ਮਹਾਂਉਤਸਵ ਤੇ ਗੁਰੂ ਜੀ ਨੇ ਸਿਸੋਦੀਆ ਬੰਸ ਦੇ ਕੁਲ ਗੁਰੂ ਵਜੋਂ ਸੁਭਾਗ ਜੋੜੀ ਨੂੰ ਅਸ਼ੀਰਵਾਦ ਦਿੱਤਾ ਸੀ। ਗੁਰੂ ਰਵਿਦਾਸ ਜੀ ਦਾ ਦੇਹਾਂਤ 1540 ਈਸਵੀ ਨੂੰ ਚਿਤੌੜ ਗੜ੍ਹ ਵਿੱਚ ਹੀ ਹੋਇਆ।

ਆਪ ਨੇ ਜੀਵਨ ਸੰਘਰਸ਼ ਦੌਰਾਨ ਪ੍ਰਚਾਰ ਦੌਰੇ ਕਰਕੇ ਕਰਮਕਾਂਡਾਂ ਨੂੰ ਨੰਗਿਆਂ ਕੀਤਾ, ਬ੍ਰਾਹਮਣ ਦੀ ਉੱਚਤਾ ਨੂੰ ਵੰਗਾਰਿਆ, ਜਾਤ-ਪਾਤ, ਛੂਤ-ਛਾਤ ਦੀ ਨਿਖੇਧੀ ਕੀਤੀ। ਆਪ ਨੇ ਅਵਤਾਰਵਾਦ, ਬੁੱਤਪ੍ਰਸਤੀ, ਮੂਰਤੀ ਪੂਜਾ ਅਤੇ ਕਾਲਪਨਿਕ ਦੇਵੀ ਦੇਵਤਿਆਂ ਦੀ ਪੂਜਾ ਦਾ ਖੰਡਨ ਕਰਕੇ ਇਕ ਬ੍ਰਹਮ ਦੀ ਉਪਾਸ਼ਨਾ ਦਾ ਉਪਦੇਸ਼ ਦਿੱਤਾ ਹੈ। ਪ੍ਰੰਤੂ ਬਹੁਤ ਹੀ ਦੁੱਖ ਦੀ ਗੱਲ ਹੈ ਕਿ ਆਪ ਦੇ ਦੋਖੀਆਂ ਵਲੋਂ ਅਜਿਹੀਆਂ ਮਨ ਘੜਤ,ਅਢੁਕਵੀਆਂ, ਗੈਰ ਕੁਦਰਤੀ ਤੇ ਅਵਿਗਿਆਨਕ ਕਹਾਣੀਆਂ ਜੋੜ ਦਿਤੀਆਂ ਗਈਆਂ ਜਿਹੜੀਆਂ ਉਹਨਾਂ ਦੀਆਂ ਸਿਖਿਆਵਾਂ ਦੇ ਬਿਲਕੁੱਲ ਪ੍ਰਤੀਕੂਲ ਹਨ। ਜਿਵੇਂ ਉਪਰੰਤ ਚਮਾਰ ਮਾਂ ਦੇ ਕੁੱਖੋਂ ਜਨਮ ਲੈਕੇ ਦੁੱਧ ਨਾ ਚੁੰਘਣਾ, ਰੂੰ ਦੇ ਗੋਹੜੇ ਡੁਬੋ ਕੇ ਪੱਥਰਾਂ ਨੂੰ ਤਾਰਨਾ, ਗੰਗਾ ਨਦੀ ਦਾ ਕੰਨਿਆ ਦਾ ਰੂਪ ਧਾਰਨ ਕਰਕੇ ਪੰਡਤਾਂ ਰਾਹੀਂ ਦਮੜੀ ਹਾਸਲ ਕਰਨਾ ਤੇ ਸੋਨੇ ਦੇ ਕੰਗਨ ਵਰਦਾਨ ਵਜੋਂ ਦੇਣਾ, ਬ੍ਰਹਮ ਭੋਜ ਸਮੇਂ ਪੰਗਤ ਵਿਚ ਬੈਠੇ ਹਰੇਕ ਪੰਡਿਤ ਦੇ ਨਾਲ ਲੰਗਰ ਛਕਦਿਆਂ ਪ੍ਰਤੀਤ ਹੋਣਾ ਅਤੇ ਰੰਬੀ ਨਾਲ ਆਪਣੀਆਂ ਆਂਦਰਾਂ ਕੱਢ ਕੇ ਚਾਰ ਯੁੱਗਾਂ ਦੇ ਜਨੇਊ ਦਰਸਾਉਣਾ। ਅਜਿਹੀਆਂ ਹੋਰ ਕਈ ਕਰਾਮਾਤੀ ਸਾਖੀਆਂ ਜੋੜ ਦਿੱਤੀਆਂ ਗਈਆਂ ਹਨ। ਜੋ ਉਸ ਮਹਾਨ ਕ੍ਰਾਂਤੀਕਾਰੀ ਰਹਿਬਰ ਦੁਆਰਾ ਸਮਾਜਿਕ ਪ੍ਰੀਵਰਤਨ ਅਤੇ ਆਰਥਿਕ ਮੁਕਤੀ ਲਈ ਕੀਤੇ ਗਏ ਸੰਘਰਸ਼ ਨੂੰ ਖੁੰਡਾ ਕਰਨ ਦਾ ਸਬੱਬ ਬਣ ਰਹੀਆਂ ਹਨ। ਅਜਿਹੀਆਂ ਕਲਪਿਤ ਤੇ ਬੇਤੁਕੀਆਂ ਕਹਾਣੀਆਂ ਗ਼ੁਲਾਮ ਮਾਨਸਿਕਤਾ ਨੂੰ ਪ੍ਰਪੱਕ ਅਤੇ ਰਾਜ ਭਾਗ ਦੀ ਚਾਹਤ ਨੂੰ ਧੁੰਦਲਾ ਕਰਦੀਆਂ ਹਨ। ਗੁਰੂ ਜੀ ਤਾਂ ਡੰਕੇ ਦੀ ਚੋਟ ਤੇ ਆਖਦੇ ਹਨ:

"ਪ੍ਰਾਧੀਨਤਾ ਪਾਪ ਹੈ ਜਾਣ ਲੇਹੁ ਰੇ ਮੀਤ॥
ਰਵੀਦਾਸ ਪ੍ਰਾਧੀਨ ਕਉਨ ਕਰੇ ਹੈ ਪ੍ਰੀਤ'॥"
"ਐਸਾ ਚਾਹੂੰ ਰਾਜ ਮੈਂ ਜਹਾਂ ਮਿਲੇ ਸਭਨ ਕਉ ਅੰਨ॥
ਛੋਟ ਬਡੇ ਸਭ ਸਮ ਬਸਹਿ ਰਵਿਦਾਸ ਰਹੇ ਪ੍ਰਸੰਨ॥"

ਉਹਨਾਂ ਦੇ ਜੀਵਨ ਦੀ ਇਨਕਲਾਬੀ ਫਲਸਫਾ ਸੀ। ਗੈਰ ਬਰਾਬਰੀ ਦਾ ਅੰਤ ਆਪ ਦੇ ਜੀਵਨ ਦੀ ਤੀਬਰ ਤਾਂਘ ਸੀ ਜੋ ਅਜੇ ਤੱਕ ਅਧੂਰੀ ਪਈ ਹੈ।

ਸੋ ਆਓ ! ਐਸੇ ਕ੍ਰਾਂਤੀਕਾਰੀ ਸੰਤ ਗੁਰੂ ਰਵਿਦਾਸ ਦੇ ਸੁਪਨੇ ਤੇ ਭਵਿੱਖ ਵਾਚੀ ਬੋਲਾਂ ਨੂੰ ਸਾਕਾਰ ਕਰਨ ਦਾ ਉੱਦਮ ਕਰੀਏ। ਮਧੂ ਮੱਖੀਆਂ ਵਾਂਗ ਸੰਗਠਿਤ ਹੋਕੇ ਨਵੇਂ ਸਮਾਜ ਦੀ ਸਿਰਜਣਾ ਹਿੱਤ ਸੰਘਰਸ਼ ਵਿੱਢੀਏ। ਜਿੱਥੇ ਵਰਣ ਵੰਡ, ਜਾਤ-ਪਾਤ ਤੇ ਊਚ-ਨੀਚ ਤੋਂ ਉੱਪਰ ਉੱਠ ਕੇ ਸਾਰੇ ਨਾਗਰਿਕ ਆਜ਼ਾਦੀ ਦਾ ਆਨੰਦ ਮਾਣਦੇ ਹੋਏ ਸਮਤਾ, ਸਮਾਨਤਾ ਤੇ ਭਾਈਚਾਰੇ ਵਾਲਾ ਜੀਵਨ ਜਿਉਂ ਸਕਣ। ਜਿੱਥੇ ਗੁਰੂ ਜੀ ਦੁਆਰਾ ਚਿਤਵੇ ਬੇਗਮਪੁਰੇ ਦੇ ਸੁਪਨੇ ਦੀ ਪੂਰਤੀ ਹੋ ਸਕੇ।



## 14 ਫਰਵਰੀ ਨੂੰ ਵਿਆਹ ਦੀ ਵਰ੍ਹੇਗੰਢ ਦੀ ਸਿਲਵਰ ਜੁਬਲੀ ਤੇ ਵਿਸ਼ੇਸ਼

14 ਫਰਵਰੀ 2000 ਦਿਨ ਭਾਗਾਂ ਭਰਿਆ ਚੜ੍ਹਿਆ,
ਜ਼ਿੰਦਗੀ ਦੀ ਗੱਡੀ ਵਿੱਚ ਕਦਮ ਤੂੰ ਹਮਸਫ਼ਰ ਬਣ ਧਰਿਆ,
ਦੁੱਖ ਤਕਲੀਫਾਂ ਮੁਸ਼ਕਿਲਾਂ ਵਿਚ ਬਣ ਸਾਥੀ ਰਹੀ ਖੜਦੀ,
ਗੁੱਸੇ, ਗਿਲੇ,ਰੋਸੇ, ਸ਼ਿਕਵਿਆਂ ਉੱਤੇ ਪਿਆਰ ਹੈਂ ਭਾਰੂ ਕਰਦੀ,
ਨਿਭ ਗਈ ਵਧੀਆ ਹੁਣ ਤੱਕ ਕੁਦਰਤ ਰਹੀ ਮਿਹਰਵਾਨ,
ਭਵਿੱਖ ਚ ਵੀ ਸਾਥ ਇਵੇਂ ਰਹੇ ਹੋਵੇ ਅਰਦਾਸ ਸਾਡੀ ਪ੍ਰਵਾਨ

**- ਇੰਜੀਨੀਅਰ ਸਤਨਾਮ ਸਿੰਘ ਮੱਟੂ**

ਅਦਾਰਾ ਦੇਸ਼ ਦੁਆਬਾ ਵਲੋਂ ਬਹੁਤ ਵਧਾਈਆਂ ਅਤੇ ਸ਼ੁੱਭ ਕਾਮਨਾ

# ਆਖ਼ਿਰ 'ਆਪ' ਦਿੱਲੀ ਕਿਉਂ ਹਾਰੀ?



ਗੁਰਮੀਤ ਪਲਾਹੀ
91-98158-02070

'ਆਪ' ਲੋਕਾਂ ਦੇ ਦਿਲ ਤੋਂ ਉਤਰ ਗਈ ਹੈ? ਜਿਸ ਚਮਤਕਾਰ ਨਾਲ 'ਆਪ' ਰਾਜਨੀਤੀ ਵਿੱਚ ਆਈ ਸੀ, ਉਸੇ ਚਮਤਕਾਰ ਨਾਲ ਹੀ ਵਾਪਸ ਜਾ ਰਹੀ ਹੈ? ਉਹ ਰਾਜਨੀਤੀ ਦੇ ਜਿਸ ਉੱਜਲੇ ਪੱਖ ਨੂੰ ਫੜ ਕੇ ਸੱਤਾ ਵਿੱਚ ਆਏ ਸਨ, ਉਸ ਉਤੇ ਟਿਕੇ ਰਹਿੰਦੇ ਤਾਂ ਐਤਕਾਂ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਬਾਅਦ ਗੱਲ ਕੁੱਝ ਹੋਰ ਹੀ ਹੁੰਦੀ।

ਇਸ ਸੰਦਰਭ 'ਚ ਸਮਾਜਿਕ ਕਾਰਜਕਰਤਾ ਅੰਨਾ ਹਜ਼ਾਰੇ, ਜੋ ਕਿ ਅਰਵਿੰਦ ਕੇਜਰੀਵਾਲ ਦੇ ਗੁਰੂ ਰਹਿ ਚੁੱਕੇ ਹਨ,ਦੇ ਉਹ ਸ਼ਬਦ ਸਮਝਣ ਵਾਲੇ ਹਨ, ਜਿਹੜੇ ਉਹਨਾ ਦਿੱਲੀ 'ਚ ਭਾਜਪਾ ਦੀ 27 ਸਾਲਾਂ ਬਾਅਦ ਸੱਤਾ ਵਾਪਸੀ 'ਤੇ ਕਹੇ ਹਨ, "ਆਪ ਸ਼ਰਾਬ ਨੀਤੀ ਤੇ ਪੈਸੇ ਕਾਰਨ ਡੁੱਬੀ ਹੈ"।

ਅੰਨਾ ਹਜ਼ਾਰੇ ਨੇ ਕੇਜਰੀਵਾਲ 'ਤੇ ਵਿਅੰਗ ਕਰਦੇ ਹੋਏ ਕਿਹਾ ਕਿ ਉਮੀਦਵਾਰ ਦਾ ਚਰਿੱਤਰ ਸਾਫ਼ ਸੁਥਰਾ ਹੋਣਾ ਚਾਹੀਦਾ ਹੈ ਤੇ ਉਸ 'ਚ ਤਿਆਗ ਦੀ ਭਾਵਨਾ ਹੋਣੀ ਚਾਹੀਦੀ ਹੈ। ਉਹਨਾਂ ਇਹ ਵੀ ਕਿਹਾ ਕਿ ਸ਼ਰਾਬ ਨੀਤੀ ਨਾਲ ਆਏ ਪੈਸੇ 'ਚ 'ਆਪ' ਡੁੱਬ ਗਈ ਸੀ। 'ਆਪ' ਦੀ ਸ਼ਾਖ ਕਲੰਕਿਤ ਹੋ ਗਈ ਸੀ। ਉਹਨਾਂ ਕਿਹਾ ਕਿ 'ਆਪ' ਇਸ ਲਈ ਹਾਰੀ, ਕਿਉਂਕਿ ਇਹ ਲੋਕਾਂ ਦੀ ਨਿਰਸਵਾਰਥ ਸੇਵਾ ਕਰਨ ਦੀ ਲੋੜ ਨੂੰ ਸਮਝਣ 'ਚ ਅਸਫ਼ਲ ਰਹੀ ਤੇ ਗਲਤ ਰਸਤੇ 'ਤੇ ਚਲ ਪਈ।

ਬਿਨਾਂ ਸ਼ੱਕ 'ਆਪ' ਨੂੰ ਹਰਾਉਣ ਵਾਲੀ ਭਾਜਪਾ ਨੇ ਰਿਓੜੀਆਂ ਦੇ ਵੱਡਾ ਪੈਕਟ ਵੰਡੇ। ਕਿਹਾ ਜਾ ਰਿਹਾ ਹੈ ਕਿ ਦਿੱਲੀ ਦੇ ਦਿਲਵਾਲਿਆਂ ਨੇ ਇਸੇ ਕਰਕੇ, ਮਨ ਬਦਲੇ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਖੁਦ ਚੋਣ ਮੰਚਾਂ ਤੋਂ ਐਲਾਨ ਕੀਤਾ ਕਿ ਮੁਫ਼ਤ ਬਿਜਲੀ-ਪਾਣੀ ਦੀ ਕਿਸੇ ਵੀ ਯੋਜਨਾ ਨੂੰ ਬੰਦ ਨਹੀਂ ਕੀਤਾ ਜਾਏਗਾ। ਔਰਤਾਂ ਨੂੰ ਹਰ ਮਹੀਨੇ 2500 ਰੁਪਏ, 500 ਰੁਪਏ 'ਚ ਰਸੋਈ ਗੈਸ ਸਿਲੰਡਰ ਅਤੇ ਅੱਟਲ ਕੰਟੀਨ ਦੇ ਰਾਹੀਂ 5 ਰੁਪਏ 'ਚ ਭੋਜਨ ਦਿੱਤਾ ਜਾਏਗਾ। ਆਮ ਬਜਟ ਵਿੱਚ 12 ਲੱਖ ਤੱਕ ਦੀ ਆਮਦਨ ਕਰ ਤੇ ਟੈਕਸ 12 ਲੱਖ ਤੱਕ ਦੀ ਆਮਦਨ ਕਰ ਤੇ ਟੈਕਸ ਫ੍ਰੀ ਛੋਟ ਕਰਕੇ ਅਤੇ 8ਵੇਂ ਤਨਖ਼ਾਹ ਆਯੋਗ ਦਾ ਐਲਾਨ ਕਰਕੇ ਉਹਨਾਂ ਨੇ ਮੱਧਵਰਗੀ ਲੋਕਾਂ ਦਾ ਦਿਲ ਜਿੱਤ ਲਿਆ। ਪਰ ਕਈ ਹੋਰ ਅਜਿਹੇ ਕਾਰਨ ਹਨ, ਜਿਹੜੇ 'ਆਪ' ਦੀ ਹਾਰ ਦਾ ਕਾਰਨ ਬਣੇ।

ਅੰਨਾ ਹਜ਼ਾਰੇ ਦੇ ਅੰਦੋਲਨ ਤੋਂ ਬਾਅਦ ਕੇਜਰੀਵਾਲ ਨੇ ਸਾਫ਼-ਸੁਥਰੀ ਰਾਜਨੀਤੀ ਅਤੇ ਅਲੱਗ ਤਰ੍ਹਾਂ ਦੀ ਰਾਜਨੀਤੀ ਦਾ ਬੇੜਾ ਚੁੱਕਿਆ, ਇਹ ਕੁੱਝ ਸਾਲ ਚੱਲਿਆ ਵੀ। ਲੋਕਾਂ ਨੇ ਇਸਦਾ ਸਵਾਗਤ ਵੀ ਕੀਤਾ। ਕਿਉਂਕਿ ਦਲਦਲੀ ਸਿਆਸਤ ਨੇ ਹਿੰਦੋਸਤਾਨ ਦਾ ਚਿਹਰਾ-ਮੋਹਰਾ ਵਿਗਾੜ ਦਿੱਤਾ ਹੋਇਆ ਸੀ। ਪਰ ਕੁੱਝ ਸਮੇਂ ਬਾਅਦ ਹੀ 'ਆਪ' ਇਸੇ ਦਲਦਲੀ ਸਿਆਸਤ ਦਾ ਸ਼ਿਕਾਰ ਹੋ ਗਈ। ਰਵਾਇਤੀ ਪਾਰਟੀਆਂ ਦੀ ਤਰ੍ਹਾਂ ਹੀ ਵਿਵਹਾਰ ਕਰਨ ਲੱਗੀ। ਕੇਜਰੀਵਾਲ ਨੇ ਆਪਣੀ ਹੀ ਪਾਰਟੀ 'ਚ ਬੈਠੇ ਕੱਦਵਾਰ ਨੇਤਾਵਾਂ ਨੂੰ ਹੌਲੀ ਹੌਲੀ ਕਰਕੇ ਬਾਹਰ ਧੱਕ ਦਿੱਤਾ ਅਤੇ 'ਆਪ' ਦੇ ਸਰਵੋ-ਸਰਵਾ ਹੋ ਬੈਠੇ, ਜਿਥੇ ਕੋਈ ਉਹਨਾਂ ਨੂੰ ਸਵਾਲ ਨਹੀਂ ਕਰ ਸਕਦਾ।

ਇਸ ਤਰ੍ਹਾਂ ਬਾਕੀ ਦਲਾਂ ਵਾਂਗਰ ਵਿਵਹਾਰ ਕਰਨ ਨਾਲ 'ਆਪ' ਦਾ ਪਤਨ ਸ਼ੁਰੂ ਹੋ ਗਿਆ। 'ਆਪ' ਦੇ ਆਗੂ ਐਕਸਾਈਜ਼ ਪਾਲਿਸੀ ਘੁਟਾਲੇ, ਸ਼ੀਸ਼ ਮਹਿਲ ਘੁਟਾਲਿਆਂ 'ਚ ਫਸ ਗਏ। 2024 'ਚ ਦੇਸ਼ ਵਿਆਪੀ 'ਇੰਡੀਆ ਗੱਠਜੋੜ' ਦਾ ਹਿੱਸਾ ਬਣਕੇ ਵੀ 'ਆਪ' ਨੇ ਕੁਝ ਸੂਬਿਆਂ 'ਚ ਆਪਣੀ ਵੱਖਰੀ ਡੱਫਲੀ ਵਜਾਈ। ਹਰਿਆਣਾ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਨਾਲ ਸਾਂਝ ਭਿਆਲੀ ਨਾ ਪਾਕੇ, ਇਕੱਲਿਆਂ ਚੋਣ ਲੜੀ ਅਤੇ ਕਾਂਗਰਸ ਦੀ ਹਾਰ ਦਾ ਕਾਰਨ ਬਣੀ। ਦਿੱਲੀ ਵਿੱਚ ਵੀ ਕਾਂਗਰਸ ਨਾਲ ਰਲਕੇ ਚੋਣ ਲੜਨ ਦੀ ਵਜਾਏ, ਇਕੱਲਿਆਂ ਚੋਣ ਲੜੀ।

ਚੋਣ ਨਤੀਜੇ ਦੱਸਦੇ ਹਨ ਕਿ ਕਾਂਗਰਸ ਦਾ ਵੋਟ ਬੈਂਕ ਦਿੱਲੀ 'ਚ ਦੋ ਪ੍ਰਤੀਸ਼ਤ ਵੱਧਣ ਨਾਲ 'ਆਪ' ਨੂੰ ਢਾਅ ਲੱਗੀ ਅਤੇ ਉਹ 13 ਸੀਟਾਂ ਉਤੇ ਕਾਂਗਰਸ ਦੇ ਉਮੀਦਵਾਰਾਂ ਕਾਰਨ ਹਾਰ ਗਈ। ਹਾਲਾਂਕਿ ਕਾਂਗਰਸ ਦੇ 70 ਵਿਚੋਂ 67 ਉਮਦੀਵਾਰਾਂ ਦੀ ਜਮਾਨਤ ਜ਼ਬਤ ਹੋ ਗਈ। ਜਿਹਨਾਂ 13 ਸੀਟਾਂ ਤੇ 'ਆਪ' ਕਾਂਗਰਸ ਕਾਰਨ ਹਾਰੀ ਉਹਨਾਂ ਸੀਟਾਂ ਤੇ ਭਾਜਪਾ ਉਮੀਦਵਾਰਾਂ ਦੀ ਜਿੱਤ ਦਾ ਜਿੰਨਾ ਫ਼ਰਕ ਰਿਹਾ, ਉਹ ਕਾਂਗਰਸ ਨੂੰ ਮਿਲੀਆਂ ਵੋਟਾਂ ਨਾਲੋਂ ਘੱਟ ਸੀ। ਵਿਧਾਨ ਸਭਾ ਚੋਣਾਂ 'ਚ ਭਾਜਪਾ 48 ਸੀਟਾਂ ਅਤੇ 'ਆਪ' ਨੇ 22 ਸੀਟਾਂ ਜਿੱਤੀਆਂ ਹਨ। ਭਾਜਪਾ ਦੇ ਪਿਛਲੇ 10 ਸਾਲਾਂ ਵਿੱਚ 13 ਫ਼ੀਸਦੀ ਵੋਟ ਵਧੇ ਜਦਕਿ ਇਸੇ ਅਰਸੇ ਦੌਰਾਨ 'ਆਪ' ਨੇ 10 ਫ਼ੀਸਦੀ ਵੋਟ ਗੁਆ ਲਏ।

ਉਂਜ ਇਹ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ 'ਆਪ' ਦੇ ਕੇਜਰੀਵਾਲ, ਮਨੀਸ਼ ਸਿਸੋਦੀਆ, ਦੁਰਗੇਸ਼ ਪਾਠਕ ਚੋਣ ਹਾਰ ਗਏ ਹਨ। ਕਿਉਂਕਿ ਭਾਜਪਾ ਵਲੋਂ ਇਸ ਉੱਚ ਲੀਡਰਸ਼ਿਪ ਨੂੰ ਹਰਾਉਣ ਲਈ ਪੂਰੀ ਵਾਹ ਲਾਈ ਹੋਈ ਸੀ। ਇਸ ਮੰਤਵ ਲਈ ਪਹਿਲਾਂ ਕੇਂਦਰ ਸਰਕਾਰ ਨੇ ਸਾਮ-ਦਾਮ-



ਦੰਡ ਦੀ ਖੁਲ੍ਹੇਆਮ ਵਰਤੋਂ ਕੀਤੀ। ਵੋਟਾਂ ਦੀ ਆਖ਼ਰੀ ਸਮੇਂ ਕੱਟ-ਵੱਢ ਕੀਤੀ ਗਈ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪੂਰੀ ਵਾਹ ਲਾਕੇ ਇਸ ਚੋਣ ਨੂੰ ਜਿੱਤਣ ਲਈ ਕੋਈ ਕਸਰ ਨਹੀਂ ਛੱਡੀ।

ਪਰ ਸਮਝਣ ਵਾਲੀ ਗੱਲ ਤਾਂ ਇਹ ਹੈ ਕਿ ਨਵੀਂ ਪਾਰਟੀ 'ਆਪ' ਜਿਸਨੇ ਲੋਕਾਂ ਦੀ ਹਰਮਨ ਪਿਆਰਤਾ ਕਾਰਨ ਰਾਸ਼ਟਰੀ ਪਾਰਟੀ ਦਾ ਰੁਤਬਾ ਕੁਝ ਸਾਲਾਂ 'ਚ ਪ੍ਰਾਪਤ ਕਰ ਲਿਆ ਸੀ, ਲੋਕਾਂ ਦੇ ਮਨਾਂ ਤੋਂ ਕਿਉ ਲੱਥ ਰਹੀ ਹੈ? ਕਾਰਨ ਸਿੱਧਾ ਤੇ ਸਪਸ਼ਟ ਹੈ ਕਿ ਇਹ ਪਾਰਟੀ ਵੀ ਰਿਵਾਇਤੀ ਪਾਰਟੀਆਂ ਵਾਂਗਰ ਵੋਟਾਂ ਵਟੋਰਨ, ਤਾਕਤ ਹਥਿਆਉਣ ਦੇ ਰਾਹ ਪੈ ਗਈ, ਅਤੇ ਇਸਦੇ ਨੇਤਾ ਪੰਜ ਤਾਰਾ ਕਲਚਰ ਦਾ ਸ਼ਿਕਾਰ ਹੋ ਗਏ। ਪੰਜਾਬ ਇਸਦੀ ਉਦਾਹਰਨ ਹੈ। ਪੰਜਾਬ 'ਚ 117 ਵਿੱਚੋਂ 92 ਸੀਟਾਂ ਇਸ ਪਾਰਟੀ ਨੇ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਦੇ ਨਾਂਅ 'ਤੇ ਜਿੱਤੀਆਂ। ਪਰ ਪ੍ਰਤੱਖ ਨੂੰ ਪ੍ਰਮਾਣ ਦੀ ਜ਼ਰੂਰਤ ਨਹੀਂ ਕਿ ਪੰਜਾਬ 'ਚ ਭ੍ਰਿਸ਼ਟਾਚਾਰ ਚਰਮ ਸੀਮਾਂ 'ਤੇ ਹੈ। ਰੇਤ ਬਜ਼ਰੀ ਮਾ-ਫੀਆਂ ਉਤੇ ਸਰਕਾਰ ਦਾ ਕੰਟਰੋਲ ਹੀ ਨਹੀਂ। ਕਮਿਸ਼ਨ ਦੇਣ-ਲੈਣ ਵਾਲਿਆਂ ਦੇ 'ਪਾਲੇ' ਬਦਲ ਗਏ ਹਨ।

ਆਪ ਨੇ ਸਥਾਨਕ ਪੰਚਾਇਤੀ ਚੋਣਾਂ ਅਤੇ ਨਗਰਪ-ਾਲਿਕਾ ਚੋਣਾਂ 'ਚ ਜਿਸ ਕਿਸਮ ਦਾ ਵਿਵਹਾਰ ਕੀਤਾ, ਉਸ ਨਾਲ ਲੋਕਾਂ ਦੇ ਮਨਾਂ 'ਚ ਇਹ ਧਾਰਨਾ ਬਣ ਗਈ ਕਿ ਇਸ ਨਾਲੋਂ ਤਾਂ ਪੰਜਾਬ ਸਰਕਾਰ ਸਥਾਨਕ ਸਰਕਾਰਾਂ ਦੀਆਂ ਚੋਣਾਂ ਨਾ ਕਰਵਾਕੇ, ਕਿਸੇ ਨਵੇਂ ਬਿੱਲ ਜਾਂ ਨੋਟੀਫੀਕੇਸ਼ਨ ਰਾਹੀਂ ਇਹਨਾਂ ਪੰਚਾਇਤਾਂ, ਨਗਰਪਾਲਿਕਾਵਾਂ 'ਚ ਆਪਣੇ ਲੋਕਾਂ ਨੂੰ ਨੋਮੀਨੇਟ ਕਰ ਦਿੰਦੀ। ਅੰਮ੍ਰਿਤਸਰ, ਫਗਵਾੜਾ ਨਗਰ ਨਿਗਮ ਤੇ ਹੋਰ ਕਈ ਪਾਲਿਕਾਵਾਂ 'ਚ ਜਿਸ ਢੰਗ ਨਾਲ ਕਾਂਗਰਸ ਦੀਆਂ ਵਾਧੂ ਸੀਟਾਂ ਹੋਣ ਦੇ ਬਾਵਜੂਦ ਆਪ ਨੇ ਜੁਗਾੜ ਲਗਾ ਕੇ ਆਪਣੇ ਮੇਅਰ ਬਣਾਏ ਅਤੇ ਜਿਵੇਂ ਬਹੁਤ ਸਾਰੀਆਂ ਹੋਰ ਨਗਰ ਕੌਂਸਲਾਂ 'ਚ ਆਪਣੇ ਪ੍ਰਧਾਨ ਬਨਾਉਣ ਲਈ ਸਾਮ-ਦਾਮ-ਦੰਡ ਦੀ ਵਰਤੋਂ ਕੀਤੀ, ਉਸ ਨਾਲ 'ਆਪ' ਦਾ ਚਿਹਰਾ ਮੋਹਰਾ ਵੀ ਰਿਵਾਇਤੀ ਪਾਰਟੀਆਂ ਵਾਲਾ ਹੋ ਗਿਆ।

ਪੰਜਾਬ 'ਚ 'ਆਪ' ਦੇ ਕਾਂਗਰਸ ਨਾਲ ਵਰਤਾਰੇ ਦਾ ਪ੍ਰਭਾਵ ਦਿੱਲੀ ਵਿਧਾਨ ਸਭਾ ਚੋਣਾਂ 'ਚ ਵੇਖਣ ਨੂੰ ਮਿਲਿਆ, ਜਦੋਂ ਕਾਂਗਰਸ ਨੇ 'ਆਪ' ਵਿਰੁੱਧ ਉਤਨੀ ਚੋਣ ਜੰਗ ਆਰੰਭੀ, ਜਿੰਨੀ ਭਾਜਪਾ ਵਿਰੁੱਧ ਅਤੇ ਇਸ ਦਾ ਖਾਮਿਆਜ਼ਾ 'ਆਪ' ਨੂੰ ਭੁਗਤਣਾ ਪਿਆ।

ਹੁਣ ਸਵਾਲ ਪੈਦਾ ਹੁੰਦੇ ਹੈ ਕਿ ਦਿੱਲੀ ਦੀ ਹਾਰ ਤੋਂ ਬਾਅਦ ਪੰਜਾਬ 'ਚ ਆਮ ਆਦਮੀ ਦਾ ਕੀ ਹਾਲ ਹੋਏਗਾ? ਕੀ ਇਸ ਦਾ ਮਨੋਵਲ ਨਹੀਂ ਡੋਲੇਗਾ? ਕਿਉਂਕਿ 'ਆਪ' ਮੰਤਰੀ ਮੰਡਲ, ਮੁੱਖ ਮੰਤਰੀ ਸਮੇਤ ਦਿੱਲੀ ਦੀਆਂ ਚੋਣਾਂ 'ਚ ਰੁਝਿਆ ਰਿਹਾ। ਅਤੇ 'ਆਪ' ਦੇ ਖਾਸ ਵਰਕਰ ਉੱਥੇ ਪ੍ਰਚਾਰ ਕਰਦੇ ਵੇਖੇ ਗਏ। 2022 'ਚ 'ਆਪ' ਨੇ ਪੰਜਾਬ 'ਚ ਪ੍ਰਚੰਡ ਬਹੁਮਤ ਨਾਲ ਸਰਕਾਰ ਬਣਾਈ ਸੀ। ਮੁਫ਼ਤ ਦੀਆਂ ਯੋਜਨਾਵਾਂ ਦਾ ਲਾਭ ਪੰਜਾਬ ਵਿੱਚ ਆਮ ਲੋਕਾਂ ਨੂੰ ਦਿੱਤਾ ਗਿਆ, ਉਸਦਾ ਪ੍ਰਚਾਰ ਕਰਕੇ ਦਿੱਲੀ ਵਿੱਚ 'ਆਪ' 43.5 ਫੀਸਦੀ ਵੋਟ ਬਚਾਉਣ 'ਚ ਕਾਮਯਾਬ ਵੀ ਹੋਈ। ਹਾਲਾਂ ਕਿ ਭਾਜਪਾ ਉਸ ਤੋਂ ਸਿਰਫ਼ 2.25 ਫੀਸਦੀ ਵੱਧ ਵੋਟਾਂ ਲੈ ਕੇ ਵੱਧ ਸੀਟਾਂ ਪ੍ਰਾਪਤ ਕਰ ਗਈ।

ਪੰਜਾਬ ਵਿੱਚ ਆਉਣ ਵਾਲੇ ਦਿਨ 'ਆਪ' ਲਈ ਖ਼ਤਰਨਾਕ ਹੋ ਸਕਦੇ ਹਨ। ਕਿਉਂਕਿ ਪੰਜਾਬ 'ਚ ਸਰਕਾਰੀ ਸੱਤਾ ਅਤੇ ਸੰਗਠਨ ਦੋਨਾਂ ਵਿੱਚਕਾਰ ਵੱਡਾ ਗੈਪ ਹੈ। 93 ਵਿਧਾਇਕਾਂ ਦੀ ਸਰਕਾਰ ਵਿੱਚ ਸੁਣਵਾਈ ਨਹੀਂ। ਲੋਕਸਭਾ ਚੋਣਾਂ 'ਚ ਕਮਜ਼ੋਰ ਪ੍ਰਦਰਸ਼ਨ ਦੇ ਬਾਅਦ ਭਾਵੇਂ ਵਿਧਾਨ ਸਭਾ ਦੀਆਂ 4 ਸੀਟਾਂ 'ਤੇ ਉਸਦੀ ਕਾਰਗੁਜਾਰੀ ਚੰਗੀ ਰਹੀ। ਸੂਬੇ 'ਚ ਪਰ ਸਰਕਾਰੀ ਪ੍ਰਬੰਧਨ ਠੀਕ ਢੰਗ ਨਾਲ ਕੰਮ ਨਹੀਂ ਕਰ ਰਿਹਾ ਅਤੇ ਪੁਲਿਸ ਪ੍ਰਸ਼ਾਸ਼ਨ 'ਤੇ ਵੀ ਸਵਾਲ ਉੱਠ ਰਹੇ ਹਨ।

'ਆਪ' ਪਾਰਟੀ ਉਤੇ ਪਿਛਲੇ ਸਮੇਂ ਤੋਂ ਵੱਡੇ ਸਵਾਲ ਉੱਠ ਰਹੇ ਹਨ। ਪਾਰਟੀ ਭ੍ਰਿਸ਼ਟਾਚਾਰ ਨਾਲ ਲੜਨ ਦਾ ਦਾਅਵਾ ਕਰ ਰਹੀ ਸੀ, ਪਰ ਉਸ ਉਤੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਲੱਗੇ। 'ਆਪ' ਉੱਤੇ ਇਹ ਇਲਜ਼ਾਮ ਵੀ ਲੱਗਾ ਅਤੇ ਇਹ ਤੱਥ ਵੀ ਸਹੀ ਹੈ ਕਿ ਰਿ ੜੀਆਂ ਵੰਡਣ ਦੀ ਸਿਆਸਤ ਵਿੱਚ ਉਸਨੇ ਵੱਡਾ ਯੋਗਦਾਨ ਪਾਇਆ ਅਤੇ ਉਸੇ ਦੀ ਇਸ ਸਿਆਸਤ ਨੂੰ ਹੋਰਨਾਂ ਪਾਰਟੀਆਂ ਨੇ ਅਪਣਾਇਆ ਅਤੇ ਇਸੇ ਅਧਾਰ ਤੇ ਭਾਜਪਾ ਨੇ ਖਾਸ ਕਰਕੇ ਉਸਨੂੰ ਮਾਤ ਦਿੱਤੀ।

ਬਿਨਾਂ ਸ਼ੱਕ ਕੇਜਰੀਵਾਲ ਨੇ ਆਪਣਾ ਅਕਸ ਇੱਕ ਜੁਝਾਰੂ ਵਾਲਾ ਬਣਾਇਆ। ਪਰ ਉਹਨਾਂ ਦੇ ਇਸ ਅਕਸ ਨੇ ਉਹਨਾਂ ਨੂੰ ਨੁਕਸਾਨ ਵੀ ਪਹੁੰਚਾਇਆ ਅਤੇ ਇਹ ਧਾਰਨਾ ਬਣੀ ਕਿ ਉਹ ਕੇਂਦਰ ਸਰਕਾਰ ਨਾਲ ਸਦਾ ਉਲਝਦੇ ਹੀ ਰਹਿੰਦੇ ਹਨ। ਹਾਲਾਂ ਕਿ ਭਾਜਪਾ ਦੀ ਕੇਂਦਰ ਸਰਕਾਰ ਆਪਣੇ ਵਿਰੋਧੀਆਂ ਨੂੰ ਠਿੱਠ ਕਰਨ ਲਈ ਪ੍ਰੇਸ਼ਾਨ ਕਰਦੀ ਹੈ ਅਤੇ ਉਹਨਾਂ ਰਾਜਾਂ ਦੇ ਕੰਮ ਕਾਰ 'ਚ ਜ਼ਿਆਦਾ ਦਖਲ ਆਪਣੇ ਗਵਰਨਰਾਂ ਰਾਹੀਂ ਦਿੰਦੀ ਹੈ, ਜਿਸ ਰਾਜ ਵਿੱਚ ਉਸਦਾ ਰਾਜ-ਭਾਗ ਨਹੀਂ।

ਇਹ ਵੀ ਠੀਕ ਹੈ ਕਿ ਕੇਜਰੀਵਾਲ ਨੇ ਆਪਣੀ ਪਾਰਟੀ ਨੂੰ ਰਾਸ਼ਟਰੀ ਪਾਰਟੀ ਬਨਾਉਣ ਲਈ ਮਿਹਨਤ ਕੀਤੀ। ਇਸ ਕੰਮ ਲਈ ਉਹਨਾ ਗੁਜਰਾਤ, ਹਰਿਆਣਾ ਅਤੇ ਕਈ ਹੋਰ ਰਾਜਾਂ 'ਚ ਚੋਣਾਂ ਲੜੀਆਂ। ਪੰਜਾਬ ਦੇ ਸਰਕਾਰੀ ਧਨ ਦੀ ਵਰਤੋਂ ਦੇ ਇਹਨਾਂ ਚੋਣਾਂ 'ਚ 'ਆਪ' 'ਤੇ ਇਲਜ਼ਾਮ ਵੀ ਲੱਗੇ, ਕਿਉਂਕਿ ਪੰਜਾਬ ਦੀ 'ਆਪ' ਸਰਕਾਰ ਦੀਆਂ ਪ੍ਰਾਪਤੀਆਂ ਦੇ ਵੱਡੇ ਇਸ਼ਤਿਹਾਰ ਇਹਨਾਂ ਚੋਣਾਂ ਸਮੇਂ ਵੋਟਰਾਂ ਨੂੰ ਪ੍ਰਭਾਵਤ ਕਰਨ ਲਈ ਛਾਪੇ ਗਏ। ਪਰ ਇਹਨਾਂ ਚੋਣਾਂ 'ਚ ਰੁਝਣ, ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਜ਼ੇਲ੍ਹ ਕਟੱਣ ਕਾਰਨ, ਦਿੱਲੀ ਦੀ ਅਣਦੇਖੀ ਹੁੰਦੀ ਗਈ, ਜਿਸ ਕਾਰਨ ਕੇਜਰੀਵਾਲ ਦਾ ਅਧਾਰ ਖੁਰਨ ਲੱਗ ਪਿਆ।

ਭਾਵੇਂ ਕਿ ਸਿੱਖਿਆ 'ਤੇ ਸਿਹਤ ਖੇਤਰ 'ਚ 'ਆਪ' ਸਰਕਾਰ ਨੇ ਉਲੇਖ ਯੋਗ ਕੰਮ ਵੀ ਕੀਤੇ। ਕੇਜਰੀਵਾਲ ਅਤੇ ਉਹਨਾਂ ਦੇ ਕਈ ਨੇਤਾਵਾਂ ਦਾ ਇਹ ਵਿਸ਼ਵਾਸ਼ ਬਣ ਗਿਆ ਕਿ ਉਹਨਾਂ ਨੂੰ ਕੋਈ ਹਰਾ ਨਹੀਂ ਸਕਦਾ। ਉਹਨਾਂ ਦਾ ਇਹ ਵਹਿਮ ਹੀ ਪਾਰਟੀ ਨੂੰ ਡੁਬੋ ਗਿਆ।

ਉਂਜ ਵੀ ਕਿਉਂਕਿ ਦਿੱਲੀ ਸਰਕਾਰ ਨੂੰ ਕੇਂਦਰੀ ਸਰਕਾਰ ਨੇ ਵਿਕਾਸ ਤੇ ਭਲਾਈ ਦੇ ਕੰਮਾਂ 'ਚ ਸਹਿਯੋਗ ਨਹੀਂ ਦਿੱਤਾ ਇਸ ਨਾਲ ਦਿੱਲੀ ਦੇ ਵਿਕਾਸ 'ਚ ਰੁਕਾਵਟ ਆਈ।

'ਆਪ' ਦੀ ਇੱਕ ਹੋਰ ਸਮੱਸਿਆ ਹੈ ਕਿ 'ਆਪ' ਦੇ ਕੇਂਦਰੀ ਆਗੂਆਂ ਨੇ ਇਸ ਨੂੰ ਕਾਡਰ ਅਧਾਰਤ ਪਾਰਟੀ ਨਹੀਂ ਬਣਨ ਦਿੱਤਾ। ਦਿੱਲੀ ਵਿੱਚ ਵੀ ਅਤੇ ਪੰਜਾਬ ਵਿੱਚ ਵੀ ਕੇਜਰੀਵਾਲ ਆਪਣੇ ਸਖ਼ਸ਼ੀ ਉਭਾਰ ਲਈ ਜਾਣੇ ਜਾਂਦੇ ਰਹੇ ਹਨ। ਉਹਨਾਂ ਨੇ ਆਪਣੀ ਪਾਰਟੀ ਦੀ ਵਿਚਾਰਧਾਰਾ ਸਪਸ਼ਟ ਨਹੀਂ ਕੀਤੀ। ਉਹਨਾਂ ਪਾਰਟੀ ਵਰਕਰਾਂ ਨੂੰ ਲੋਕਾਂ ਵਿੱਚ ਪਾਰਟੀ ਦਾ ਮੰਤਵ ਸਮਝਾਉਣ ਲਈ ਕੋਈ ਪ੍ਰੋਗਾਮ ਨਹੀਂ ਦਿੱਤਾ। ਜਿਵੇਂ ਕਿ ਆਮ ਤੌਰ 'ਤੇ ਕਾਡਰ ਅਧਾਰਤ ਪਾਰਟੀਆਂ ਦਿੰਦੀਆਂ ਹਨ।

ਕੋਈ ਵੀ ਸਿਆਸੀ ਪਾਰਟੀ ਆਪਣੇ ਨਿਸ਼ਾਨੇ ਨੂੰ ਲੋਕਾਂ ਸਾਹਵੇਂ ਪੇਸ਼ ਕਰਦੀ ਹੈ। ਕਮਿਊਨਿਸਟ ਸੋਸ਼ਲਿਸਟ ਵਿਚਾਰਧਾਰਾ ਪੇਸ਼ ਕਰਦੇ ਹਨ। ਕਾਂਗਰਸ ਲੋਕਤੰਤਰ ਦੀ ਹਾਮੀ ਹੈ। ਭਾਜਪਾ ਆਪਣੀ ਵਿਚਾਰਧਾਰਾ ਜੋ ਆਰ.ਐਸ.ਐਸ. ਦੀ ਵਿਚਾਰਧਾਰਾ ਹੈ ਉਸ ਤੇ ਖੜੀ ਦਿਸਦੀ ਹੈ। ਸ਼੍ਰੋਮਣੀ ਅਕਾਲੀ ਦਲ ਇਲਾਕਾਈ ਪਾਰਟੀ ਵਜੋਂ ਆਪਣਾ ਦਾਅਵਾ ਪੇਸ਼ ਕਰਦੀ ਹੈ। ਪਰ 'ਆਪ' ਸਿਰਫ਼ ਕੁੱਝ ਮੁੱਦਿਆਂ ਨੂੰ ਲੈ ਕੇ ਜਦੋਂ ਸਿਆਸਤ ਕਰਦੀ ਰਹੀ, ਉਸ ਨਾਲ ਕੁੱਝ ਸਮਾਂ ਤਾਂ ਉਹ ਵੱਡੇ ਨਾਅਰਿਆਂ ਕਾਰਨ ਲੋਕ ਪ੍ਰਵਾਨਤ ਹੋਈ, ਪਰ ਲੰਮੇ ਸਮੇਂ ਤੱਕ ਉਹ ਆਪਣਾ ਲੋਕ ਅਧਾਰ, ਪਾਰਟੀ-ਕਾਡਰ ਬਨਾਉਣ 'ਚ ਅਸਫ਼ਲ ਰਹੀ ਹੈ।

ਇਹੋਂ ਹੀ ਕਾਰਨ ਹੈ ਕਿ ਉਸਦੇ ਵਰਕਰ ਜਾਂ ਨੇਤਾ ਕਿਸੇ ਸੇਧ 'ਚ ਨਹੀਂ ਤੁਰਦੇ। ਉਂਜ ਵੀ ਦਿੱਲੀ 'ਚ ਦਿੱਲੀ ਹਿਤੈਸ਼ੀ, ਪੰਜਾਬ 'ਚ ਪੰਜਾਬ ਹਿਤੈਸ਼ੀ ਪਾਲਿਸੀਆਂ ਜਿਵੇਂ ਉਸਨੂੰ ਲਾਗੂ ਕਰਨੀਆਂ ਚਾਹੀਦੀਆਂ ਸਨ, ਉਹਨਾਂ ਪ੍ਰਤੀ ਉਸਨੇ ਚੁੱਪੀ ਵੱਟੀ ਰੱਖੀ। ਜਿਸ ਦਾ ਉਸ ਨੂੰ ਵੱਡਾ ਨੁਕਸਾਨ ਉਠਾਉਣਾ ਪਿਆ।

ਬਦਲਾਅ ਦੇ ਅਧਾਰ ਉਤੇ ਬਣੀ 'ਆਪ' ਲੋਕਾਂ 'ਚ ਆਪਣਾ ਉਹ ਅਕਸ ਬਣਾਈ ਰੱਖਣ 'ਚ ਨਾ-ਕਾਮਯਾਬ ਰਹੀਂ, ਜਿਸਦੇ ਅਧਾਰ 'ਤੇ ਪਾਰਟੀ ਸਥਾਪਿਤ ਕੀਤੀ ਗਈ ਸੀ। ਇਹ ਅਧਾਰ ਰਿਵਾਇਤੀ ਪਾਰਟੀ ਤੋਂ ਹਟਵਾਂ ਸੀ। ਪਰ ਪਾਰਟੀ ਰਿਵਾਇਤੀ ਪਾਰਟੀ ਵਰਗੀ ਦਿੱਖ ਬਣਾਕੇ ਅਤੇ ਉਹਨਾਂ ਜਿਹੀਆਂ ਕਾਰਵਾਈਆਂ ਕਰਕੇ, ਵੱਡਾ ਨੁਕਸਾਨ ਕਰਾ ਬੈਠੀ ਅਤੇ ਦਿੱਲੀ ਦੇ ਲੋਕਾਂ ਨੇ ਉਸਨੂੰ ਸ਼ੀਸ਼ਾ ਵਿਖਾ ਦਿੱਤਾ, ਬਾਵਜੂਦ ਇਸਦੇ ਕਿ ਦਿੱਲੀ ਦੀ ਵੱਡੀ ਆਬਾਦੀ 'ਆਪ' ਸਰਕਾਰ ਤੋਂ ਬਹੁਤੀ ਨਾ-ਖੁਸ਼ ਨਹੀਂ ਸੀ, ਪਰੰਤੂ ਉਹਨਾ ਵਿੱਚੋਂ ਕਾਫ਼ੀ ਲੋਕ ਇਸ ਵੇਰ ਬਦਲਾਅ ਚਾਹੁੰਦੇ ਸਨ।

## ਗਦਰੀ ਬਾਬਾ ਪੰਡਿਤ ਸੋਹਣ ਲਾਲ ਪਾਠਕ

ਸ਼ਹੀਦੋਂ ਕੀ ਚਿਤਾ ਂ ਪਰ
ਲਗੇਗੇਂ ਹਰ ਬਰਸ ਮੇਲੇ ਵਤਨ
ਪੇ ਮਰ ਮਿਟਨੇ ਵਾਲੋਂ ਕਾ ਬਾਕੀ
ਯਹੀਂ ਆਖ਼ਰੀ ਨਿਸ਼ਾਂ ਹੋਗਾ!




ਸ਼ਹੀਦ ਪੰਡਿਤ ਸੋਹਣ ਲਾਲ ਪਾਠਕ (ਜਨਵਰੀ 7, 1883- ਫਰਵਰੀ 10, 1916) ਪਿੰਡ ਪੱਟੀ (ਅੰਮ੍ਰਿਤਸਰ) ਤੋਂ ਸਨ। ਆਪ ਜੀ ਜਨਮ ਪੰਡਿਤ ਸ਼੍ਰੀ ਚੰਦਾ ਰਾਮ ਜੀ ਦੇ ਘਰ ਹੋਇਆ। ਗ਼ਦਰ ਪਾਰਟੀ ਦੇ ਸਿਰ-ਕਰਦਾ ਆਗੂ ਸਨ। ਮਾਂਡਲੇ ਜੇਲ੍ਹ ਵਿੱਚ ਫਾਂਸੀ ਦਾ ਰੱਸਾ ਚੁੰਮਿਆ ਅਤੇ ਸ਼ਹੀਦੀ ਦਾ ਜਾਮ ਪੀਤਾ। ਫਾਂਸੀ ਦੇ ਤਖ਼ਤੇ ਉੱਤੇ ਖੜ੍ਹੇ ਪੰਡਿਤ ਜੀ ਨੂੰ ਅੰਗਰੇਜ਼ ਹਕੂਮਤ ਦੇ ਝੋਲੀ-ਚੁੱਕ ਕਹਿੰਦੇ ਮੁਆਫ਼ੀ ਮੰਗ ਲੈ, ਅਗਿਓਂ ਆਜ਼ਾਦੀ ਦਾ ਪਰਵਾਨਾ ਮੁਸਕਰਾ ਕੇ ਕਹਿੰਦਾ "ਅੰਨਿਆਂ, ਜ਼ੁਲਮ, ਤਸ਼ੱਦਦ ਤੇ ਗਲਤੀਆਂ ਤੁਸੀਂ ਕਰਦੇ ਹੋ ਮੁਆਫ਼ੀ ਤੁਹਾਨੂੰ ਮੰਗਣੀ ਚਾਹੀਦੀ ਹੈ...!"

ਅਮਰ ਸ਼ਹੀਦ ਇਤਿਹਾਸ ਦੇ ਪੰਨਿਆਂ ਉੱਤੇ ਤਾਰਿਆਂ ਵਾਂਗ ਸਦਾ ਟਿਮਟਿਮਾਉਂਦੇ ਰਹਿਣਗੇ ..!!

ਜ਼ਾਲਮਾਂ ਦੀਆਂ ਕਬਰਾਂ ਦੇ ਹਨੇਰੇ ਅਤੇ ਖੰਡਰ ਹੋਈਆਂ ਕਬਰਾਂ ਬੇਰਹਿਮੀਆਂ ਤੇ ਜ਼ੁਲਮਾਂ ਦੇ ਗਵਾਹ ਹੋਣਗੇ।

**ਵੱਲੋਂ :-ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ ਨਿਊਯਾਰਕ ( I.A.H.F. New York )**
**ਮਨਮੋਹਨ ਪੂਨੀ ( ਨਿਊਯਾਰਕ)**

## ਸਰੋਜ ਗੁਪਤਾ ਨੇ ਰੈਡ ਕਰਾਸ ਦੇ ਵਿੰਗਸ ਪ੍ਰੋਜੈਕਟ ਨੂੰ ਦਿੱਤਾ ਇਕ ਲੱਖ ਰੁਪਏ ਦਾ ਯੋਗਦਾਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਵਲੋਂ ਮਾਨਸਿਕ ਤੌਰ 'ਤੇ ਕਮਜ਼ੋਰ ਬੱਚਿਆਂ ਦੀ ਭਲਾਈ ਲਈ ਚਲਾਏ ਜਾ ਰਹੇ ਵਿੰਗਸ ਪ੍ਰੋਜੈਕਟ ਲਈ ਹੁਸ਼ਿਆਰਪੁਰ ਦੇ ਨਿਊ ਜਗਤਪੁਰਾ ਵਸਨੀਕ ਸਰੋਜ ਗੁਪਤਾ ਨੇ ਇਕ ਲੱਖ ਰੁਪਏ ਦਾ ਯੋਗਦਾਨ ਦਿੱਤਾ ਹੈ।ਉਨ੍ਹਾਂ ਆਪਣੇ ਸਵ: ਪਿਤਾ ਵਿਜੇ ਕੁਮਾਰ ਗੁਪਤਾ ਦੀ ਯਾਦ ਵਿਚ ਇਹ ਸਹਿਯੋਗ ਰੈਡ ਕਰਾਸ ਸੁਸਾਇਟੀ ਨੂੰ ਦਿੱਤਾ ਹੈ।




ਸਕੱਤਰ ਰੈਡ ਕਰਾਸ ਸੁਸਾਇਟੀ ਮੰਗੇਸ਼ ਸੂਦ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਅਗਵਾਈ ਹੇਠ ਵਿਸ਼ੇਸ਼ ਬੱਚਿਆਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਰੈਡ ਕਰਾਸ ਵਿੰਗਸ ਪ੍ਰੋਜੇਕਟ ਤਹਿਤ ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿਚ ਕੰਟੀਨਾਂ ਖੋਲ੍ਹੀਆਂ ਗਈਆਂ ਹਨ।ਉਨ੍ਹਾਂ ਇਸ ਨੇਕ ਕੰਮ ਲਈ ਸਰੋਜ ਗੁਪਤਾ ਅਤੇ ਉਨ੍ਹਾਂ ਦੇ ਪਰਿਵਾਰ ਦਾ ਧੰਨਵਾਦ ਕੀਤਾ। ਇਸ ਮੌਕੇ ਇਸ਼ਾਂਕ ਗੋਇਲ, ਕਾਰਜਕਾਰੀ ਕਮੇਟੀ ਮੈਂਬਰ ਰਾਜੀਵ ਬਜਾਜ ਅਤੇ ਵਿਸ਼ੇਸ਼ ਬੱਚੇ ਭਾਵਿਕ, ਸਾਵਿਤਰੀ ਅਤੇ ਦਿਲਾਵਰ ਵੀ ਮੌਜੂਦ ਸਨ।

# ਸਾਹਿਬ ਸ੍ਰੀ ਕਾਂਸ਼ੀ ਰਾਮ ਤੇ ਪੰਥਕ ਆਗੂ ਕਿਤਾਬ ਦਾ ਮੁਖ ਬੰਧ

## ਬੇਗਮਪੁਰੇ ਤੇ ਹਲੇਮੀ ਰਾਜ' ਦਾ ਤਲਬਗਾਰ– ਸ: ਲਾਲ ਸਿੰਘ ਸੁਲਹਾਣੀ

ਸ: ਲਾਲ ਸਿੰਘ ਸੁਲਹਾਣੀ ਕਿਸੇ ਜਾਣ ਪਹਿਚਾਣ ਦਾ ਮੁਹਤਾਜ ਨਹੀਂ ਹੈ। ਪਰ ਫਿਰ ਵੀ ਜੇ ਕਰ ਮੈਂ ਰਸਮੀ ਤੌਰ ਤੇ ਉਸ ਦੀ ਸ਼ਖ਼ਸੀਅਤ ਬਾਰੇ ਕੁਝ ਕਹਿਣਾ ਚਾਹਾਂ ਤਾਂ ਇਹ ਕਹਿ ਸਕਦਾ ਹਾਂ ਕਿ ਉਸ ਦਾ ਤਖ਼ੱਲਸ ਸੁਲਹਾਣੀ ਦਰਸਾਉਂਦਾ ਹੈ ਕਿ ਉਹ ਫ਼ਿਰੋਜ਼ਪੁਰ ਦੇ ਸੁਲਹਾਣੀ ਪਿੰਡ ਵਿੱਚ ਪੈਦਾ ਹੋਇਆ, ਪੜ੍ਹਿਆ, ਜਵਾਨ ਹੋਇਆ, ਸਿੱਖ ਮਿਸ਼ਨਰੀ ਬਣਿਆ ਤੇ ਸਰਕਾਰੀ ਨੌਕਰੀ ਲੱਗਣ ਤੱਕ ਬਹੁਤ ਸਾਰੇ ਚੰਗੇ ਮਾੜੇ ਤਜਰਬੇ ਹਾਸਲ ਕਰਦਾ ਰਿਹਾ। ਸਿੱਖ ਮਿਸ਼ਨਰੀ ਪ੍ਰਚਾਰ ਦੇ ਨਾਲ ਨਾਲ ਉਹ ਜ਼ਿਲ੍ਹਾ ਖ਼ੁਰਾਕ ਤੇ ਸਪਲਾਈ ਵਿਭਾਗ ਵਿੱਚ ਬਤੌਰ ਐਡੀਟਰ ਸੇਵਾ ਨਿਭਾਉਂਦਾ ਰਿਹਾ। ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦਾ ਵਿਦਿਆਰਥੀ ਹੁੰਦਿਆਂ ਉਸ ਨੇ ਸਿੱਖੀ ਸਿਧਾਂਤ ਨੂੰ ਨਾ ਸਿਰਫ਼ ਸਮਝਿਆ ਬਲਕਿ ਆਪਣੇ ਹਿਰਦੇ ਵਿੱਚ ਵਸਾ ਲਿਆ। ਸ਼ਾਇਦ ਇਹੀ ਕਾਰਨ ਹੈ ਕਿ ਉਹ ਤਾਅ ਉਮਰ ਸਿੱਖੀ ਸਿਧਾਂਤ ਦਾ ਪਸਾਰ ਤੇ ਪ੍ਰਚਾਰ ਕਰਨ ਲਈ ਯਤਨਸ਼ੀਲ ਰਿਹਾ। ਗੁਰੂਆਂ ਦੇ ਛੂਆ-ਛਾਤ ਤੇ ਜਾਤ-ਪਾਤ ਰਹਿਤ ਸਮਾਜ ਸਿਰਜਣ ਦੇ ਫ਼ਲਸਫ਼ੇ ਨੇ ਉਸ ਅੰਦਰ ਆਸ ਪੈਦਾ ਕੀਤੀ ਕਿ ਜਾਤ ਪਾਤ ਤੇ ਨਫ਼ਰਤ ਅਧਾਰਿਤ ਸਮਾਜ ਤੋਂ ਆਜ਼ਾਦੀ ਹਾਸਲ ਕਰ ਸਕੇਗਾ। ਜਿਵੇਂ ਜਿਵੇਂ ਉਹ ਸਮਾਜ ਵਿੱਚ ਵਿਚਰਿਆ ਤਾਂ ਉਸ ਨੇ ਮਹਿਸੂਸ ਕੀਤਾ ਕਿ ਗੁਰੂਆਂ ਦੇ ਫ਼ਲਸਫ਼ੇ ਤੇ ਚੱਲਣ ਵਾਲਾ ਸਿੱਖ ਸਮਾਜ ਤਾਂ ਜਾਤ-ਪਾਤ ਵਿੱਚ ਬੁਰੀ ਤਰ੍ਹਾਂ ਗ੍ਰਸਿਆ ਪਿਆ ਹੈ। ਗੁਰੂਆਂ ਦਾ ਆਸ਼ਾ ਪੂਰਾ ਕਰਨ ਲਈ ਉਹ ਪ੍ਰਚਾਰਕ ਤੋਂ ਯੋਧਾ ਬਣ ਇਸ ਅਣਮਨੁੱਖੀ ਵਰਤਾਰੇ ਖ਼ਿਲਾਫ਼ ਲੜਨ ਲਈ ਕਾਂਸ਼ੀ ਰਾਮ ਦੀ ਸੈਨਾ ਵਿੱਚ ਜਾ ਭਰਤੀ ਹੋਇਆ।

ਇਸ ਸੰਘਰਸ਼ ਦੌਰਾਨ ਉਸ ਨੇ ਬਾਬਾ ਸਾਹਿਬ ਭੀਮ ਰਾ ਅੰਬੇਡਕਰ ਨੂੰ ਪੜ੍ਹਿਆ ਤੇ ਸਮੁੱਚੇ ਭਾਰਤ ਦੀ ਸਮਾਜ ਬਣਤਰ ਤੇ ਰਾਜਨੀਤੀ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਤੇ ਯੁਗ ਪੁਰਸ਼ ਸਾਹਿਬ ਕਾਂਸ਼ੀ ਰਾਮ ਜੋ ਬਾਮਸੇਫ, ਡੀ.ਐਸ.ਫੋਰ. ਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਨ ਦਾ ਸਾਥੀ ਬਣ ਤੁਰਿਆ। ਸਾਹਿਬ ਕਾਂਸ਼ੀ ਰਾਮ ਜੀ ਦੇ ਦਿਸ਼ਾ ਨਿਰਦੇਸ਼ਾਂ ਤੇ ਉਹ ਇਸ ਰਸਤੇ ਤੇ ਆਜ਼ਾਦੀ ਨਾਲ ਚੱਲਣ ਲਈ, ਆਪਣੀ ਪੰਜਾਬ ਸਰਕਾਰ ਦੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਆਜ਼ਾਦ ਹੋ ਗਿਆ। ਇਸ ਤਰ੍ਹਾਂ ਉਹ ਪੂਰਨ ਤੌਰ ਤੇ ਬਾਬਾ ਸਾਹਿਬ ਭੀਮ ਰਾ ਦੇ ਮਿਸ਼ਨ ਨੂੰ ਪੂਰਾ ਕਰਨ ਲਈ ਸਮਰਪਿਤ ਹੋ ਗਿਆ।

ਕਾਂਸ਼ੀ ਰਾਮ ਜੀ ਨਾਲ ਆਪਣੀ ਪਹਿਲੀ ਮੁਲਾਕਾਤ ਸਮੇਂ ਸੁਲਹਾਣੀ ਦਾ ਇਹ ਕਹਿਣਾ ਕਿ ਉਹ ਬਾਕੀ ਸਭ ਕੁਝ ਬਾਅਦ ਵਿੱਚ ਹੈ ਪਰ ਸਭ ਤੋ ਪਹਿਲਾਂ ਉਹ ਗੁਰੂ ਦਾ ਸਿੱਖ ਹੈ। ਸਾਹਿਬ ਕਾਂਸ਼ੀ ਰਾਮ ਦਾ ਜਵਾਬ ਵਿੱਚ ਕਹਿਣਾ ਕਿ ਗੁਰੂਆਂ ਦੇ ਸਿੱਖੀ ਸਿਧਾਂਤ ਦੀ ਪੂਰਤੀ ਲਈ ਤਾਂ ਉਹ ਦਿਨ ਰਾਤ ਇੱਕ ਕਰ ਰਹੇ ਹਨ। ਬਹੁਜਨ ਸਮਾਜ ਪਾਰਟੀ ਦਾ ਚੋਣ ਮਨੋਰਥ ਸਿਰਫ਼ ਤੇ ਸਿਰਫ਼ ਗੁਰੂ ਗ੍ਰੰਥ ਸਾਹਿਬ ਹੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਸਾਏ ਸਿਧਾਂਤ ਮਾਨਵਤਾ ਵਾਦ, ਬਰਾਬਰਤਾ, ਜਾਤ ਪਾਤ ਤੇ ਛੂਆ ਛਾਤ ਰਹਿਤ ਸਮਾਜ ਸਿਰਜਨਾ ਹੀ ਤਾਂ ਉਹਨਾਂ ਦਾ ਉਦੇਸ਼ ਹੈ। ਤੇ ਇਸ ਆਸ਼ੇ ਦੀ ਪੂਰਤੀ ਲਈ ਉਹ ਹੋਰ ਪਰਪੱਕਤਾ ਨਾਲ ਜੁਟ ਗਿਆ। ਸਿੱਖ ਮਿਸ਼ਨਰੀ ਹੋਣਾ, ਅੰਬੇਡਕਰ ਵਾਦੀ ਹੋਣਾ,




ਕਾਂਸੀ ਰਾਮ ਜੀ ਦੇ ਸਲਾਹੂ ਹੋਣਾ, ਸਾਹਿਤ ਨਾਲ ਜੁੜਿਆ ਹੋਣਾ ਦੇ ਗੁਣਾਂ ਕਾਰਨ ਉਹ ਸ਼ਬਦਾਂ ਦਾ ਜਾਦੂਗਰ ਹੋ ਗਿਆ। ਜਦੋਂ ਉਹ ਸਟੇਜ ਤੇ ਮਾਈਕ ਫੜ੍ਹ ਭਾਸ਼ਣ ਕਰਦਾ ਤਾਂ ਸਰੋਤਿਆ ਨੂੰ ਮੰਤਰ ਮੁਗਧ ਕਰ ਦਿੰਦਾ। ਜਦੋਂ ਸਿੱਖ ਸਿਧਾਂਤ ਤੇ ਬੋਲਦਾ ਤਾਂ ਪੰਥ ਤੇ ਵੱਡੇ ਵੱਡੇ ਬੁਲਾਰੇ ਉਸ ਦੀ ਤਾਰੀਫ਼ ਕਰਨ ਅਤੇ ਮੂੰਹ 'ਚ ਉਂਗਲਾਂ ਪਾਉਣ ਲਈ ਮਜਬੂਰ ਹੋ ਜਾਂਦੇ।

ਇਸ ਤਰ੍ਹਾਂ ਸ: ਲਾਲ ਸਿੰਘ ਸੁਲਹਾਣੀ ਸਾਹਿਬ ਕਾਂਸ਼ੀ ਰਾਮ ਤੇ ਪੰਥਕ ਆਗੂਆਂ ਵਿਚਕਾਰ ਕੜੀ ਬਣ ਉੱਭਰ ਆਇਆ। ਸ: ਉਜਾਗਰ ਸਿੰਘ ਸੇਖਵਾਂ ਤੇ ਕਈ ਹੋਰ ਪੰਥਕ ਆਗੂਆਂ ਨੂੰ ਉਹ ਸਾਹਿਬ ਕਾਂਸ਼ੀ ਰਾਮ ਜੀ ਨਾਲ ਮੀਟਿੰਗਾਂ ਕਰਾਉਣ ਵਿੱਚ ਕਾਮਯਾਬ ਹੋ ਗਿਆ। ਜਿਸ ਦੇ ਫਲਸਰੂਪ 1995-96 ਵਿੱਚ ਪੰਥਕ ਧਿਰਾਂ ਨੇ ਸਾਹਿਬ ਕਾਂਸ਼ੀ ਰਾਮ ਜੀ ਨੂੰ ਆਪਣਾ ਰਾਸ਼ਟਰੀ ਨੇਤਾ ਮੰਨ ਲਿਆ। ਪੰਜਾਬ ਵਿੱਚ ਐਮ.ਪੀ. ਦੀਆਂ ਤੇਰਾਂ 'ਚੋਂ ਗਿਆਰਾਂ ਸੀਟਾਂ ਤੇ ਇਤਿਹਾਸਕ ਜਿੱਤ ਹਾਸਲ ਕਰਕੇ ਅਕਾਲੀ ਦਲ ਤੇ ਬਸਪਾ ਗੱਠਜੋੜ ਨੇ ਤਹਿਲਕਾ ਮਚਾ ਦਿੱਤਾ। ਇਹ ਜਿੱਤ ਆਰ.ਐਸ.ਐਸ. ਤੇ ਉਸ ਦੀਆਂ ਵਿਚਾਰਧਾਰਕ ਪਾਰਟੀਆਂ ਲਈ ਬੜੀ ਵੱਡੀ ਚੁਨੌਤੀ ਬਣ ਗਈ ਸੀ। ਗੁਰੂਆਂ ਦੇ ਆਸ਼ੇ ਦਾ ਦੇਸ਼ ਸਿਰਜਣ ਦਾ ਆਧਾਰ ਬਣ ਗਿਆ ਸੀ। ਸ: ਲਾਲ ਸਿੰਘ ਸੁਲਹਾਣੀ ਨੂੰ ਲੱਗਿਆ ਕਿ ਹੁਣ ਦਿੱਲੀ ਦੂਰ ਨਹੀਂ। ਪਰ ਪਰਕਾਸ਼ ਸਿੰਘ ਬਾਦਲ ਦੀ ਆਰ।ਐਸ।ਐਸ। ਨਾਲ ਪਈ ਯਾਰੀ ਨੇ ਗੁਰੂਆਂ ਦੇ ਆਸ਼ੇ ਨੂੰ ਕਈ ਦਹਾਕੇ ਅੱਗੇ ਧੱਕ ਦਿੱਤਾ ਤੇ ਉਹਦੇ ਸਾਥੀਆਂ ਦੀ ਕਾਰਗੁਜ਼ਾਰੀ ਨੇ ਪੰਥ ਨੂੰ ਖੇਰੂੰ-ਖੇਰੂੰ ਕਰ ਦਿੱਤਾ। ਸਿੱਖੀ ਨੂੰ ਉਸ ਦੇ ਅਸਲੀ ਵਾਰਸਾਂ ਤੋਂ ਖੋਹ ਕੇ ਜੱਟਾਂ ਦੀ ਗ਼ੁਲਾਮ ਬਣਾ ਦਿੱਤਾ। ਇਹ ਘਟਨਾ ਸ: ਲਾਲ ਸਿੰਘ ਸੁਲਹਾਣੀ ਤੋਂ ਸਹਾਰੀ ਨਾ ਗਈ। ਇਸ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਉਸ ਨੇ ਸੈਂਕੜੇ ਲੇਖ ਵੱਖ ਵੱਖ ਅਖ਼ਬਾਰਾਂ ਤੇ ਰਸਾਲਿਆਂ ਆਦਿ ਵਿੱਚ ਲਿਖੇ। ਤੇ ਆਪਣੀ ਉਮਰ ਦੇ ਚੁਹੱਤਰਵੇਂ ਵਰ੍ਹੇ ਵਿੱਚ ਉਹਨਾਂ ਲੇਖਾਂ 'ਚੋਂ ਕੁਝ ਕੁ ਛਾਂਟ ਕੇ ਇਸ ਪੁਸਤਕ ਦੀ ਸਿਰਜਨਾ ਕੀਤੀ ਹੈ।

ਸ: ਲਾਲ ਸਿੰਘ ਸੁਲਹਾਣੀ ਜਿਨ੍ਹਾਂ ਨੇ ਇਹ ਹਥਲੀ ਪੁਸਤਕ 'ਕਾਂਸ਼ੀ ਰਾਮ ਤੇ ਪੰਥਕ ਆਗੂ' ਦਲਿਤ ਸਮਾਜ ਤੇ ਪੰਥ ਦੀ ਝੋਲੀ ਵਿੱਚ ਪਾ ਕੇ ਇਕ ਵੱਡਾ ਉਪਕਾਰ ਕੀਤਾ ਹੈ। ਅਜਿਹੇ ਨਾਜ਼ਕ ਤੇ ਸੰਜੀਦਾ ਵਿਸ਼ੇ ਦੀ ਚੋਣ ਕਰ ਕੇ, ਉਹਨਾਂ ਨੇ ਦਲਿਤ ਤੇ ਪੰਥਕ ਸਮਾਜ ਪ੍ਰਤੀ ਆਪਣੇ ਕਰਤੱਵ ਦਾ ਪਾਲਣ ਹੀ ਨਹੀਂ ਕੀਤਾ ਸਗੋਂ ਇਸ ਨੂੰ ਬਾਖ਼ੂਬੀ ਨਿਭਾਇਆ ਵੀ ਹੈ। ਸਮਾਜ ਦੇ ਹਰ ਵਰਗ ਨਾਲ ਸਬੰਧਿਤ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਗਈਆਂ ਹਨ ਤੇ ਬਹੁਤ ਸਾਰੀਆਂ ਅੱਗੇ ਵੀ ਲਿਖੀਆਂ ਜਾਂਦੀਆਂ ਰਹਿਣਗੀਆਂ। ਪਰ ਜੋ ਵਿਸ਼ਾ ਸ: ਲਾਲ ਸਿੰਘ ਸੁਲਹਾਣੀ ਨੇ ਚੁਣਿਆ ਹੈ ਅਜਿਹੇ ਵਿਸ਼ੇ ਤੇ ਸਿਰਫ਼ ਉਹ ਲੇਖਕ ਹੀ ਲਿਖ ਸਕਦਾ ਹੈ ਜਿਸ ਨੂੰ ਲਿਖਣ ਲੱਗਿਆ ਉਸ ਲਈ ਵਿੱਦਿਆ, ਬੁੱਧੀ, ਵਿਵੇਕ, ਚਿੰਤਨ, ਤਜਰਬਾ, ਨਿਰਪੱਖਤਾ, ਹੌਸਲਾ, ਬੇਖ਼ੌਫ ਤੇ ਕਲਮ ਦਾ ਧਨੀ ਵਰਗੇ ਗੁਣਾ ਦਾ ਹੋਣਾ ਲਾਜ਼ਮੀ ਹੋ ਜਾਂਦਾ ਹੈ ਅਜਿਹੇ ਗੁਣਾਂ ਨਾਲ ਭਰਪੂਰ ਲੇਖਕ ਹੀ ਅਜਿਹੇ ਗਿਣੇ ਚੁਣੇ ਤੇ ਸੰਜੀਦਾ ਵਿਸ਼ਿਆਂ ਨਾਲ ਇਨਸਾਫ਼ ਕਰ ਸਕਣ ਦੇ ਸਮਰੱਥ ਹੋ ਸਕਦਾ ਹੈ। ਸ: ਲਾਲ ਸਿੰਘ ਸੁਲਹਾਣੀ ਨੇ ਅਜਿਹਾ ਵਿਸ਼ਾ ਚੁਣਿਆ ਤੇ ਉਸ ਨੂੰ ਇਮਾਨਦਾਰੀ ਨਾਲ ਨਿਭਾਇਆ ਹੈ ਜਿਸ ਲਈ ਉਹ ਵਧਾਈ ਦਾ ਹੱਕਦਾਰ ਹੈ।

ਪੁਸਤਕ ਦੀ ਰਚਨਾ ਦੱਸਦੀ ਹੈ ਕਿ ਲੇਖਕ ਦੇ ਦਿਲ ਵਿੱਚ ਦਲਿਤ ਤੇ ਸਿੱਖ ਸਿਧਾਂਤਾਂ ਲਈ ਲੋਹੜੇ ਦਾ ਦਰਦ ਹੈ। ਪੁਸਤਕ ਵਿੱਚ ਉਕਤ ਲਈ ਉਸ ਦਾ ਦਰਦ, ਸੰਵੇਦਨਾ, ਭਾਵਕਤਾ ਤੇ ਚਿੰਤਾ ਪਾਠਕਾਂ ਨੂੰ ਨਵੀਂ ਦਿਸ਼ਾ ਵੱਲ ਪੈਰ ਪੁੱਟਣ ਲਈ ਮਜਬੂਰ ਕਰਨ ਦੇ ਸਮਰੱਥ ਹੈ। ਨੌਕਰੀ ਛੱਡਣ ਕਾਰਨ ਅੱਜ ਭਾਵੇਂ ਉਹ ਆਰਥਕ ਤੰਗੀ ਨਾਲ ਜੂਝ ਰਿਹਾ ਹੈ ਪਰ ਉਸ ਵਿੱਚ ਜਵਾਨੀ ਸਮੇਂ ਦਾ ਜਜ਼ਬਾ, ਹੌਸਲਾ ਤੇ ਕੁਝ ਕਰ ਗੁਜ਼ਰਨ ਦੀ ਤਾਂਘ ਜਿਉਂ ਦੀ ਤਿਉਂ ਹੈ। ਇੰਨੀ ਬੇਬਾਕੀ ਨਾਲ ਲਿਖਣਾ ਲੇਖਕ ਵਿੱਚ ਉਕਤ ਗੁਣ ਹੋਣ ਦੀ ਸ਼ਾਹਦੀ ਭਰਦੇ ਹਨ ਜਿਸ ਲਈ ਉਸ ਦੀ ਤਾਰੀਫ਼ ਕਰਨਾ ਕੁਦਰਤੀ ਹੋ ਜਾਂਦਾ ਹੈ।

ਮੈਂ ਉਸ ਨਾਲ ਪਿਛਲੇ ਪੰਤਾਲੀ ਸਾਲਾਂ ਤੋਂ ਕਦੀ ਮਿੱਤਰ, ਕਦੀ ਮਿਸ਼ਨਰੀ ਸਾਥੀ, ਕਦੀ ਛੋਟਾ ਭਰਾ, ਕਦੀ ਪਾਠਕ ਤੇ ਕਦੀ ਆਲੋਚਕ ਦੇ ਤੌਰ ਤੇ ਵਿਚਰਦਾ ਰਿਹਾ ਹਾਂ। ਇਸ ਲਈ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਸਿੱਖ ਸਮਾਜ ਵਿੱਚ ਦਲਿਤਾਂ ਦੀ ਜੋ ਤਰਾਸਦੀ ਹੈ ਉਸ ਨੂੰ ਸਿਰਫ਼ ਸ: ਲਾਲ ਸਿੰਘ ਸੁਲਹਾਣੀ ਹੀ ਬਿਆਨ ਕਰ ਸਕਦਾ ਹੈ।

ਇਸ ਤਰਾਸਦੀ ਤੇ ਜਦੋਂ ਉਹ ਬੋਲਦਾ ਹੈ ਤਾਂ ਉਸ ਦੇ ਸ਼ਬਦ ਵੀ ਹੰਝੂ ਵਹਾਉਂਦੇ ਪ੍ਰਤੀਤ ਹੁੰਦੇ ਹਨ। ਸ਼ਾਲਾ! ਇਹ ਕਲਮ ਦੀ ਰਵਾਨਗੀ ਇਸੇ ਤਰ੍ਹਾਂ ਜੁਆਨੀਆਂ ਮਾਣਦੀ ਰਹੇ ਤੇ ਪਾਠਕਾਂ ਨੂੰ ਗਿਆਨ ਦੇ ਨਵੇਕਲੇ ਰਸਤਿਆਂ ਤੇ ਨਵੀਂ ਦਸ਼ਾ ਪ੍ਰਦਾਨ ਕਰਦੀ ਰਹੇ।

ਇਸ ਪੁਸਤਕ ਲਈ ਵਧਾਈ ਤੇ ਅਗਲੀ ਪੁਸਤਕ ਨੂੰ ਜਲਦੀ ਤੱਕਣ ਤੇ ਪੜ੍ਹਨ ਦੀ ਤਾਂਘ ਵਿੱਚ:

**– ਓਮ ਪ੍ਰਕਾਸ਼ ਸਰੋਏ**
**91-94178-66097**

# ਵੱਡਾ ਭਰਾ: ਪਿਆਰ, ਭਰੋਸੇ ਅਤੇ ਸਮਰਪਣ ਦੀ ਮਿਸਾਲ'' ਜਾਂ...?



ਰਾਜਿੰਦਰ ਸਿੰਘ ਰਾਜਨ ਪਠਾਨਕੋਟ
91-94174-27656

ਵੱਡਾ ਭਰਾ ਕੇਵਲ ਇੱਕ ਰਿਸ਼ਤ ਨਹੀ, ਬਲਕਿ ਉਹ ਇਕ ਵੱਡਮੁੱਲਾ ਪਿਆਰ, ਵਿਸਵਾਸ਼, ਅਤੇ ਭਰੋਸੇ ਦੀ ਉਦਾਹਰਣ ਹੁੰਦਾ ਹੈ। ਇੱਥੋਂ ਤੱਕ ਕਿ ਉਹ ਇਕ ਮਜਬੂਤ ਚਟਾਨ ਵਾਂਗ ਨਾਲ ਖੜੇ ਹੋਕੇ ਆਪਣੇ ਛੋਟੇ ਭਰਾਵਾ ਨੂੰ ਹਮੇਸ਼ਾ ਠੰਢੀ ਛਾਂ ਤੇ ਧੰਮ ਵਰਗੀ ਮਜਬੂਤੀ ਪਰਧਾਨ ਕਰਦਾ ਹੈ, ਉੱਥੇ ਜ਼ਿੰਦਗੀ ਦੇ ਹਰ ਰਸਤੇ ਉੱਤੇ ਛੋਟਿਆ ਦੀ ਰਾਹਗੁਜ਼ਰ ਬਣਦਾ ਹੈ। ਜਦੋਂ ਜ਼ਿੰਦਗੀ ਦੇ ਤੂਫ਼ਾਨ ਆਉਂਦੇ ਹਨ, ਉਹ ਆਪਣੇ ਛੋਟੇ ਭਰਾ ਦੀ ਬਾਂਹ ਫੜ ਕੇ ਕਦੇ ਛੱਡਦੇ ਨਹੀਂ। ਜੇਕਰ ਕਦੇ ਕਿਸੇ ਮੁਸ਼ਕਲ ਪਲ 'ਚ ਛੋਟਾ ਭਰਾ ਘਬਰਾਉਦਾ ਹੋਇਆ ਉਸਦੀ ਬਾਂਹ ਛੱਡਣ ਦੀ ਕੋਸ਼ਿਸ਼ ਕਰੇ, ਤਾਂ ਵੀ ਵੱਡਾ ਭਰਾ ਆਪਣੀ ਮਜ਼ਬੂਤ ਹੱਥ ਨਾਲ ਉਸਦੀ ਹੌਸਲਾ-ਅਫ਼ਜ਼ਾਈ ਕਰਦਾ ਹੈ, ਉਸਨੂੰ ਮਜ਼ਬੂਤ ਬਣਾਉਂਦਾ ਹੈ। ਉਹ ਸਮਝਾਉਂਦਾ ਹੈ ਕਿ ਜ਼ਿੰਦਗੀ ਸਿਰਫ਼ ਚਮਕ-ਧਮਕ ਨਹੀਂ, ਬਲਕਿ ਸਬਰ, ਹੌਂਸਲਾ, ਤੇ ਭਰੋਸੇ ਦਾ ਨਾਮ ਵੀ ਹੈ। ਇੱਥੇ ਹੀ ਬਸ ਨਹੀ ਵੱਡਾ ਭਰਾ ਕੋਈ ਸਧਾਰਨ ਇਨਸਾਨ ਨਹੀ ਹੂੰਦਾ ਉਹ ਆਪਣੀ ਨਿਵੇਕਲੀ ਸੋਚ ਦੇ ਨਾਲ ਨਾਲ ਮਿੱਠਬੋਲੜੇ, ਸਹਿਣਸਕਤੀ,ਮਾਂ ਬਾਪ ਨੂੰ ਰੱਬ ਵਰਗਾ ਪਿਆਰ ਕਰਨ ਵਾਲਾ, ਵੱਡਿਆ ਦੀ ਇੱਜਤ ਕਰਨ ਵਾਲਾ,ਸਰਬੱਤ ਦਾ ਭਲਾ ਮੰਗਣ ਵਾਲਾ,ਅਤੇ ਉਸ ਮਾਲਕ ਨੂੰ ਪਲ ਪਲ ਯਾਦ ਰੱਖਣਾ ਵੱਰਗੀਆ ਆਦਤ ਦਾ ਮਾਲਕ ਹੁੰਦਾ ਹੈ ਤਾਂ ਹੀ ਵੱਡੇ ਵੱਲ ਵੇਖ ਛੋਟੇ ਭਰਾ ਚੰਗੇ ਸੰਸਕਾਰ ਲੈਣ ਦੀ ਉਦਾਹਰਨ ਬਣਨ ਵਿੱਚ ਸਹਾਈ ਹੋ ਸਕਣਗੇ। ਜਿਵੇਂ ਪਹਾੜ ਤੂਫ਼ਾਨਾਂ ਨੂੰ ਸਹਿ ਜਾਂਦੇ ਹਨ ਪਰ ਆਪਣੀ ਜੜ੍ਹਾਂ ਕਦੇ ਨਹੀਂ ਹਿਲਣ ਦਿੰਦੇ, ਸੇ ਤਰ੍ਹਾਂ ਵੱਡੇ ਭਰਾ ਵੀ ਆਪਣੇ ਨਿਯਮਾਂ ਤੇ ਵਚਨਾਂ 'ਤੇ ਕਾਇਮ ਰਹਿੰਦੇ ਹਨ।

ਉਹ ਆਪਣੇ ਛੋਟੇ ਭਰਾਵਾਂ ਦੀ ਸਿਰਫ਼ ਰਹਿਨੁਮਾਈ ਹੀ ਨਹੀਂ ਕਰਦੇ, ਬਲਕਿ ਉਨ੍ਹਾਂ ਦੇ ਸੁਪਨੇ ਸਾਕਾਰ ਕਰਨ 'ਚ ਵੀ ਆਪਣਾ ਯੋਗਦਾਨ ਪਾਉਂਦੇ ਹਨ। ਉਹ ਆਪਣੀ ਪਿੱਠ ਨਾ ਲਈ ਹਮੇਸ਼ਾ ਖੁੱਲੀ ਰੱਖਦੇ ਹਨ, ਤਾਂ ਜੋ ਜਦ ਵੀ ਉਹ ਥੱਕ ਜਾਣ ਤਾਂ ਉਨ੍ਹਾਂ ਦਾ ਸਹਾਰਾ ਲੈ ਸਕਣ।

ਇਤਿਹਾਸ ਗਵਾਹ ਹੈ ਕਿ ਜਿਨ੍ਹਾਂ ਵੀ ਭਰਾਵਾਂ ਨੇ ਇਕ-ਦੂਜੇ ਦੀ ਬਾਂਹ ਫੜੀ, ਉਹ ਦੁਨੀਆ 'ਚ ਇਕ ਨਵੀਂ ਇਤਿਹਾਸਕ ਮਿਸਾਲ ਬਣ ਗਏ। ਚਾਹੇ ਉਹ ਰਾਮ ਤੇ ਲਕਸ਼ਮਣ ਦੀ ਜੋੜੀ ਹੋਵੇ, ਚਾਹੇ ਕ੍ਰਿਸ਼ਨ ਤੇ ਬਲਰਾਮ ਜਾਂ ਵਾਰਿਸ ਸ਼ਾਹ ਦੇ ਕਿਸੇ ਅਮਰ ਕਿਰਦਾਰ ਵਿੱਚ ਭਰਾਵਾਂ ਦੀ ਮਿੱਤਰਤਾ।

ਅੱਜ ਦੇ ਸਮਾਜ ਵਿੱਚ ਭਰਾਵਾਂ ਦੀ ਮਿੱਠੀ ਜੁੜਤ ਅਤੇ ਪਿਆਰ-ਮੁਹੱਬਤ ਦੀਆਂ ਕਹਾਣੀਆਂ ਘੱਟ ਹੀ ਸੁਣਨ ਨੂੰ ਮਿਲਦੀਆਂ ਹਨ। ਜਮੀਨਾਂ-ਜਾਇਦਾਦਾਂ ਦੇ ਝਗੜਿਆਂ ਨੇ ਭਰਾਵਾਂ ਦੇ ਰਿਸ਼ਤੇ ਨੂੰ ਇਸ ਤਰ੍ਹਾਂ ਖੇਰੂ-ਖੇਰੂ ਕਰ ਦਿੱਤਾ ਹੈ



ਕਿ ਕੋਰਟ ਕਚਹਿਰੀਆਂ ਦੇ ਦਫ਼ਤਰ ਭਰਾਵਾਂ ਦੀਆਂ ਦਰਖਾਸਤਾਂ ਨਾਲ ਭਰੇ ਪਏ ਹਨ। ਜਮੀਨਾਂ-ਜਾਇਦਾਦਾਂ ਤੋਂ ਭਰਾਵਾ ਦਾ ਕਤਲੇਆਮ ਹੋ ਰਿਹਾ ਹੈ। ਪਿਆਰ ਦੀ ਜਗ੍ਹਾ ਨਫ਼ਰਤ ਨੇ ਲੈ ਲਈ, ਸਾਂਝੇ ਸੁਪਨੇ ਟੁੱਟ ਗਏ, ਅਤੇ ਆਪਸੀ ਵਿਸ਼ਵਾਸ ਹੌਲੀ-ਹੌਲੀ ਬੇਇਤਬਾਰੀ ਵਿੱਚ ਬਦਲ ਗਿਆ।

ਪਰ ਇਹ ਵੀ ਨਹੀਂ ਕਿ ਭਰਾਵਾਂ ਦੀ ਭਾਈਚਾਰਕਤਾ ਪੂਰੀ ਤਰ੍ਹਾਂ ਖਤਮ ਹੋ ਗਈ ਹੈ। ਕਦੇ-ਕਦੇ ਸਮਾਜ ਵਿੱਚ ਅਜੇਹੀਆਂ ਮਿਸਾਲਾਂ ਵੀ ਮਿਲਦੀਆਂ ਹਨ ਜੋ ਅੰਦਰੋਂ ਤਕ ਝੰਜੋੜ ਦਿੰਦੀਆਂ ਹਨ। ਅਜਿਹੀ ਹੀ ਇੱਕ ਮਿਸਾਲ ਮੇਰੇ ਸਾਹਮਣੇ ਵੀ ਹੈ।

ਮੇਰਾ ਇੱਕ ਦੋਸਤ, ਜਿਸ ਦੇ ਮਾਪੇ ਬਚਪਨ ਵਿੱਚ ਹੀ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ। ਪਰ ਜਦ ਮਾਂ-ਪਿਉ ਦੀ ਛਾਂ ਸਿਰੋਂ ਉਤਰ ਗਈ, ਤਾਂ ਵੱਡੇ ਭਰਾ ਨੇ ਆਪਣੇ ਭਰਾਵਾਂ ਲਈ ਰੱਬ ਬਣਕੇ ਖੜ੍ਹਨ ਦਾ ਫ਼ੈਸਲਾ ਕਰ ਲਿਆ। ਉਹ ਤਿੰਨ ਭਰਾ ਸਨ। ਉਸ ਨੇ ਆਪਣੀ ਮਿਹਨਤ ਨਾਲ ਪਹਿਲਾਂ ਆਪਣੇ ਲਈ ਰੋਟੀ-ਰੁਜ਼ਗਾਰ ਦੀ ਸਥਾਪਨਾ ਕੀਤੀ, ਸਰਕਾਰੀ ਨੌਕਰੀ ਹਾਸਲ ਕੀਤੀ। ਪਰ ਉਸ ਦੀ ਸੰਘਰਸ਼ ਯਾਤਰਾ ਇੱਥੇ ਖ਼ਤਮ ਨਹੀਂ ਹੋਈ। ਉਸਦੇ ਦਿਲ ਵਿੱਚ ਇੱਕ ਹੋਰ ਵੱਡਾ ਸੁਪਨਾ ਸੀ, ਆਪਣੇ ਛੋਟੇ ਭਰਾਵਾ ਨੂੰ ਕਾਮਯਾਬ ਬਣਾਉਣ ਦਾ। ਉਸ ਨੇ ਆਪਣੀ ਦਿਲੋ-ਜਾਨ ਲਾ ਕੇ ਆਪਣੇ ਭਰਾਵਾਂ ਨੂੰ ਉੱਚੀ ਤਲੀਮ ਦਿਵਾਈ। ਉਸ ਨੇ ਆਪਣੇ ਤੋਂ ਛੋਟੇ ਭਰਾ ਨੂੰ ਡਾਕਟਰ ਬਣਾਇਆ ਤੇ ਸੱਭ ਤੋਂ ਛੋਟੇ ਨੂੰ ਅਧਿਆਪਕ। ਉਨਾਂ ਦੀਆਂ ਨੌਕਰੀਆ ਲੱਗੀਆ, ਵਿਆਹ ਹੋਏ। ਵੱਡੇ ਭਰਾ ਨੇ ਭਾਈਚਾਰਾ ਨਿਭਾਉਣ ਦਾ ਇੱਕ ਨਵਾਂ ਇਤਿਹਾਸ ਲਿਖ ਦਿੱਤਾ। ਅੱਜ ਵੀ ਉਹ ਛੋਟੇ ਭਰਾ, ਜੋ ਹੁਣ ਖੁਦ ਇੱਕ ਡਾਕਟਰ ਤੇ ਦੂਜਾ ਅਧਿਆਪਕ ਹੈ, ਆਪਣੇ ਵੱਡੇ ਭਰਾ ਨੂੰ "ਪਿਤਾ" ਦਾ ਦਰਜਾ ਦਿੰਦੇ ਹਨ। ਉਹ ਮੰਨਦੇ ਹਨ ਕਿ ਉਨ੍ਹਾਂ ਦਾ ਵੱਡਾ ਭਰਾ ਕੇਵਲ ਇੱਕ ਵੱਡਾ ਭਰਾ ਨਹੀਂ, ਇੱਕ ਮਸੀਹਾ ਹੈ। ਉਨ੍ਹਾਂ ਦੀ ਇਹ ਦਾਸਤਾਨ ਇਲਾਕੇ ਵਿੱਚ ਇੱਕ ਮਿਸਾਲ ਹੈ।

ਪਰ ਹਰ ਵੱਡਾ ਭਰਾ ਰੱਬ ਦਾ ਰੂਪ ਨਹੀਂ ਬਣਦਾ। ਅੱਜ ਅਸੀਂ ਕੁਝ ਅਜਿਹੀਆਂ ਕਹਾਣੀਆਂ ਵੀ ਵੇਖਦੇ ਹਾਂ ਜਿੱਥੇ ਭਰਾਵਾਂ ਦੀ ਆਪਣੀ ਝੂਠੀ ਸ਼ੋਹਰਤ, ਆਪਣੀ ਘਮੰਡੀ ਸੋਚ ਛੋਟੇ ਭਰਾਵਾਂ ਦੀ ਬੇਇਜ਼ਤੀ ਕਰਨ ਵਿੱਚ ਹੀ ਰਾਜੀ ਰਹਿੰਦੀ ਹੈ। ਕੁਝ ਅਜਿਹੇ ਭਰਾ ਵੀ ਹੁੰਦੇ ਹਨ ਜੋ ਆਪਣੀ ਕਾਮਯਾਬੀ ਦਾ ਝੰਡਾ ਤਾਂ ਲਹਿਰਾਉਂਦੇ ਹਨ, ਪਰ ਆਪਣੇ ਹੀ ਲਹੂ ਨੂੰ ਪਿਆਰ ਨਹੀਂ ਦੇ ਸਕਦੇ। ਖਾਂਦੇ-ਪੀਂਦੇ ਮਾਪਿਆਂ ਦੇ ਹੁੰਦਿਆਂ ਵੀ ਉਹ ਆਪਣੇ ਛੋਟੇ ਭਰਾਵਾਂ ਨੂੰ ਤਾਸ਼ ਦੇ ਪੱਤਿਆ ਵਾਂਗ ਖਿਲਾਰ ਦਿੰਦੇ ਹਨ।

ਜੇ ਛੋਟਾ ਭਰਾ ਆਤਮ-ਗ਼ੌਰ ਕਰੇ, ਤਾੜੀਵਾਂ ਮਾਰਕੇ ਆਖਣਗੇ, ਮੈਂ ਘਰ ਬਹਾਰ ਚਲਾਇਆਂ, ਮੈਂ ਹੀ ਸਾਰਿਆਂ ਨੂੰ ਪਾਲਿਆਂ ਪੋਸਿਆ, ਮੈ ਆਹ ਕੀਤਾ, ਮੈ ਉਹ ਕੀਤਾ ਵਗੈਰਾ ਵਗੈਰਾ। ਹਾਂ ! ਜੇ ਭਰਾਂ ਸਮਾਜ ਵਿੱਚ ਖੁਦ ਸਿਫ਼ਤ ਕਰਨ ਤਾਂ ਉਹ ਗੱਲ ਤਾਂ ਸਮਾਜ ਵਿੱਚ ਇੱਕ ਚੰਗੀ ਮਿਸਾਲ ਹੈ ਤੇ ਜੇ ਆਪਣੇ ਮੂੰਹੋ "ਮੀਆਂ ਮਿਠੂੰ" ਬਣੀਂ ਜਾਈਏ ਤਾਂ ਸਮਾਜ ਵਿੱਚ ਤਾਂ ਅਜਿਹੇ ਲੋਕਾਂ ਲਈ ਹਾਸ ਵਿਅੰਗ ਵਾਲੀ ਗੱਲ ਬੱਣ ਜਾਂਦੀ ਹੈ। ਪਰ ਇਹ ਫਜ਼ੂਲ ਦੀਆਂ ਗੱਲਾਂ, ਤਾਨਿਆਂ ਨੇ ਕਈ ਸੰਬੰਧ ਤੋੜ ਦਿੱਤੇ, ਕਈ ਰਿਸ਼ਤੇ ਥਰ-ਥਰ ਕੰਬਣ ਲੱਗ ਪਏ। ਅਜਿਹੀਆਂ ਗੱਲਾਂ ਸਮਾਜ ਵਿੱਚ ਇੱਕ ਲਾਹਣਤ ਦੀ ਤਰ੍ਹਾਂ ਬਣ ਗਈਆ ਹਨ।

ਦੂਸਰੇ ਪਾਸੇ ਜੇ ਛੋਟੇ ਭਰਾ ਦੀ ਗੱਲ ਕਰੀਏ ਤਾਂ ਹਮੇਸ਼ਾ ਵੱਡੇ ਭਰਾ ਹੀ ਨਹੀਂ, ਬਲਕਿ ਕਈ ਵਾਰ ਛੋਟੇ ਭਰਾ ਵੀ ਵੱਡਿਆਂ ਨਾਲ ਵਿਸ਼ਵਾਸਘਾਤ ਕਰਦੇ ਹਨ। ਰਿਸ਼ਤਿਆਂ ਦੀ ਪਵਿੱਤਰਤਾ ਉੱਤੇ ਜੋ ਉਮੀਦਾਂ ਟਿਕੀਆਂ ਹੁੰਦੀਆਂ ਹਨ, ਉਹਨਾਂ ਨੂੰ ਠੱਗੀ, ਧੋਖੇ, ਅਤੇ ਜਾਇਦਾਦੀ ਲਾਲਚ ਨੇ ਕਈ ਵਾਰ ਖੰਡ- ਖੰਡ ਕੀਤਾ। ਕਈ ਵੱਡੇ ਭਰਾਵਾਂ ਨੇ ਆਪਣੇ ਛੋਟੇ ਭਰਾਵਾਂ ਤੇ ਵਿਸ਼ਵਾਸ ਕਰਕੇ ਆਪਣੀ ਜ਼ਮੀਨ ਜਾਇਦਾਦਾ ਉਨ੍ਹਾਂ ਦੇ ਨਾਂ ਕਰਵਾਈਆਂ, ਫਿਰ ਉਨ੍ਹਾਂ ਨੇ ਹੀ ਆਪਣੇ ਵੱਡੇ ਭਰਾਵਾਂ ਨੂੰ ਉਨ੍ਹਾਂ ਦੇ ਹੱਕ ਤੋਂ ਵਾਂਝਾ ਕਰ ਦਿੱਤਾ। ਅਜਿਹੀਆਂ ਧੋਖੇ ਦੀਆਂ ਕਹਾਣੀਆਂ ਦੀਆਂ ਮਿਸਾਲਾਂ ਪਿੰਡਾਂ ਸ਼ਹਿਰਾਂ ਵਿੱਚ ਨਜ਼ਰ ਆਉਂਦੀਆਂ ਹਨ।

ਜਦ ਇੱਕ ਹੀ ਪੇਟ ਵਿੱਚੋਂ ਜੰਮੇ ਹੋਏ ਭਰਾ ਅੱਜ ਇੱਕ ਦੂਜੇ ਦੇ ਖ਼ਿਲਾਫ਼ ਹੋ ਜਾਵਣ, ਤਾਂ ਇਹ ਸਾਡੀ ਮਾਊਫ਼ ਹੋ ਰਹੀ ਸਮਾਜਕ ਸੰਸਕ੍ਰਿਤੀ ਦਾ ਨਤੀਜਾ ਨਹੀਂ ? ਸੱਚਮੁੱਚ, ਜੇ ਅਸੀਂ ਸਮਾਜ ਵਿੱਚ ਕੁਝ ਅਸਲ ਖ਼ੂਬਸੂਰਤ ਮਿਸਾਲਾਂ ਬਣਾਉਣੀਆਂ ਹਨ, ਤਾਂ ਅਸੀਂ ਆਪਣੇ ਰਿਸ਼ਤਿਆਂ ਨੂੰ ਪੈਸਿਆਂ ਦੇ ਮਾਪਦੰਡ ਤੇ ਤੋਲਣ ਦੀ ਆਦਤ ਛੱਡਣੀ ਪਵੇਗੀ। ਇੱਕ ਵੱਡੇ ਭਰਾ ਵਾਂਗ, ਜੋ ਆਪਣੀ ਜ਼ਿੰਦਗੀ ਨੂੰ ਆਪਣੇ ਛੋਟੇ ਭਰਾਵਾਂ ਲਈ ਵਾਰ ਦਿੰਦਾ ਹੈ, ਇਹੀ ਸੱਚੀ ਭਾਈਚਾਰਕਤਾ ਹੈ। ਆਪਣੇ ਮੂੰਹੋ "ਮੀਆਂ ਮਿਠੂੰ" ਨਾ ਬਣੀਏ ਬਲਕਿ ਭਰਾਵਾਂ ਦੀ ਅਜਿਹੀ ਮਿਸਾਲ ਬਣਾਂਈਏ, ਜੋ ਲੋਕ ਦੱਸਣ "ਇਹ ਭਰਾ ਨਹੀਂ, ਇੱਕ ਦੂਜੇ ਲਈ ਰੱਬ ਦੀ ਦਾਤ ਹਨ!"

# ਦਿੱਲੀ ਵਿਧਾਨ ਸਭਾ ਚੋਣਾਂ : ਬੀ.ਜੇ.ਪੀ.ਹੀਰੋ, ਕਾਂਗਰਸ ਜ਼ੀਰੋ ਤੇ ਆਮ ਆਦਮੀ ਪਾਰਟੀ ਲੀਰੋ-ਲੀਰ

ਅਰਵਿੰਦ ਕੇਜਰੀਵਾਲ ਦੇ ਦਿੱਲੀ ਵਿੱਚੋਂ ਹਾਰਨ ਨਾਲ ਭਗਵੰਤ ਮਾਨ ਨੂੰ ਸੁੱਖ ਦਾ ਸਾਹ ਆਉਣ ਦੀ ਉਮੀਦ ਬੱਝ ਗਈ ਹੈ। ਹੁਣ ਉਹ ਪੰਜਾਬ ਵਿੱਚ ਦਖ਼ਲ ਨਹੀਂ ਦੇ ਸਕੇਗਾ। ਭਗਵੰਤ ਮਾਨ ਨੂੰ ਪਾਰਟੀ 'ਤੇ ਪਕੜ ਬਣਾਉਣ ਦਾ ਮੌਕਾ ਮਿਲ ਗਿਆ ਹੈ। ਬਦਲਾਓ ਦੇ ਮੁੱਦੇ ਨਾਲ ਦਿੱਲੀ ਦੇ ਤਖ਼ਤ ਨੂੰ ਸਰ ਕਰਨ ਵਾਲਾ ਕੇਜਰੀਵਾਲ ਦਾ ਛੇਤੀ ਹੀ ਬਾਕੀ ਸਿਆਸੀ ਪਾਰਟੀਆਂ ਦੇ ਰਾਹ 'ਤੇ ਤੁਰਨ ਕਰਕੇ ਦਿੱਲੀ ਵਿੱਚੋਂ ਸਫ਼ਾਇਆ ਹੋ ਗਿਆ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਜਿੱਤਣ ਨਾਲ 27 ਸਾਲ ਬਾਅਦ ਭਾਰਤੀ ਜਨਤਾ ਪਾਰਟੀ ਦਾ ਕਮਲ ਦਾ ਫੁੱਲ ਦਿੱਲੀ ਵਿੱਚ ਖਿੜਨ ਜਾ ਰਿਹਾ ਹੈ। 1993 ਵਿੱਚ ਦਿੱਲੀ ਵਿਧਾਨ ਸਭਾ ਦੀਆਂ ਪਹਿਲੀਆਂ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਨੇ 70 ਵਿੱਚੋਂ 49 ਸੀਟਾਂ ਜਿੱਤਕੇ ਇੱਕ ਪੰਜਾਬੀ ਮਦਨ ਲਾਲ ਖੁਰਾਣਾ ਨੂੰ ਮੁੱਖ ਮੰਤਰੀ ਬਣਾਇਆ ਸੀ। ਉਦੋਂ ਭਾਜਪਾ ਨੂੰ ਪੰਜਾਂ ਸਾਲਾਂ ਵਿੱਚ ਤਿੰਨ ਮੁੱਖ ਮੰਤਰੀ ਬਦਲਣੇ ਪਏ। ਸਾਹਿਬ ਸਿੰਘ ਵਰਮਾ ਮੁੱਖ ਮੰਤਰੀ ਬਣੇ ਤੇ ਫਿਰ ਸ਼ੁਸ਼ਮਾ ਸਵਰਾਜ 51 ਦਿਨਾ ਲਈ ਪਹਿਲੀ ਇਸਤਰੀ ਮੁੱਖ ਮੰਤਰੀ ਬਣੀ। ਉਸ ਤੋਂ ਬਾਅਦ 1998 ਵਿੱਚ ਕਾਂਗਰਸ ਪਾਰਟੀ ਨੇ 52 ਸੀਟਾਂ ਜਿੱਤੀਆਂ ਤੇ ਸ਼ੀਲਾ ਦੀਕਸ਼ਤ ਦੂਜੀ ਇਸਤਰੀ ਮੁੱਖ ਮੰਤਰੀ ਬਣੀ, ਜੋ ਪੰਦਰਾਂ ਸਾਲ ਲਗਾਤਾਰ ਮੁੱਖ ਮੰਤਰੀ ਦੀ ਕੁਰਸੀ ਤੇ ਬਿਰਾਜਮਾਨ ਰਹੀ। ਉਸਨੇ ਦਿੱਲੀ ਦਾ ਅਥਾਹ ਵਿਕਾਸ ਕਰਵਾਇਆ। ਪਹਿਲੇ ਚਾਰੇ ਮੁੱਖ ਮੰਤਰੀ ਪੰਜਾਬੀ ਸਨ। 2013 ਵਿੱਚ ਆਮ ਆਦਮੀ ਪਾਰਟੀ ਨੇ 28 ਸੀਟਾਂ ਜਿੱਤੀਆਂ ਅਤੇ ਕਾਂਗਰਸ ਦੇ ਅੱਠ ਮੈਂਬਰਾਂ ਦੀ ਬਾਹਰੋਂ ਸਪੋਰਟ ਨਾਲ ਸਰਕਾਰ ਬਣਾਈ, ਹਾਲਾਂ ਕਿ ਭਾਰਤੀ ਜਨਤਾ ਪਾਰਟੀ 31 ਸੀਟਾਂ ਜਿੱਤਕੇ ਵੱਡੀ ਪਾਰਟੀ ਸੀ। ਕੇਜਰੀਵਾਲ ਦੀ ਸਰਕਾਰ ਸਿਰਫ਼ 49 ਦਿਨ ਰਹੀ, ਦੁਬਾਰਾ ਫਰਵਰੀ 2015 ਵਿੱਚ ਆਮ ਆਦਮੀ ਪਾਰਟੀ 67 ਸੀਟਾਂ ਜਿੱਤ ਗਈ ਤੇ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਬਣੇ। 2020 ਵਿੱਚ ਫਿਰ ਆਮ ਆਦਮੀ ਪਾਰਟੀ ਨੇ 62 ਸੀਟਾਂ ਜਿੱਤੀਆਂ ਤੇ ਕੇਜਰੀਵਾਲ ਮੁੱਖ ਮੰਤਰੀ ਬਣੇ। ਫਰਵਰੀ 2025 ਵਿੱਚ ਹੋਈਆਂ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ 48 ਸੀਟਾਂ ਜਿੱਤ ਗਈ, ਆਮ ਆਦਮੀ ਪਾਰਟੀ 22 ਤੇ ਸਿਮਟ ਗਈ ਤੇ ਕਾਂਗਰਸ ਕੋਈ ਸੀਟ ਨਹੀਂ ਜਿੱਤ ਸਕੀ। ਅਰਵਿੰਦ ਕੇਜਰੀਵਾਲ ਜਿਤਨਾ ਚਿਰ ਮੁੱਖ ਮੰਤਰੀ ਰਹੇ ਭਾਰਤੀ ਜਨਤਾ ਪਾਰਟੀ ਨਾਲ ਇੱਟ ਖੜੱਕਾ ਰਿਹਾ। ਕੇਜਰੀਵਾਲ ਹਮੇਸ਼ਾ ਕੇਂਦਰ ਸਰਕਾਰ ਨਾਲ ਟਕਰਾਓ ਦੀ ਸਿਆਸਤ ਕਰਦੇ ਰਹੇ ਹਨ। ਗੱਲਾਂ ਦਾ ਕੜਾਹ ਬਣਾਉਣਾ ਕੇਜਰੀਵਾਲ ਨੂੰ ਆਉਂਦਾ ਹੈ ਪ੍ਰੰਤੂ ਇਸ ਵਾਰ ਵਿਧਾਨ ਸਭਾ ਚੋਣਾ ਵਿੱਚ ਉਨ੍ਹਾਂ ਕੜਾਹ ਬਣਾਉਣ ਦੀ ਥਾਂ ਕੜ੍ਹੀ ਘੋਲ ਦਿੱਤੀ। ਕੁਦਰਤ ਦਾ ਨਿਯਮ ਹੈ, ਜਿਵੇਂ ਸਵੇਰੇ ਸੂਰਜ ਚੜ੍ਹਦਾ ਹੈ ਤਾਂ ਸ਼ਾਮ ਨੂੰ ਛਿਪ ਜਾਂਦਾ ਹੈ। ਇਸੇ ਤਰ੍ਹਾਂ ਜਿਹੜਾ ਇੱਕ ਵਾਰ ਰਾਜ ਦਰਬਾਰ ਦਾ ਮਾਲਕ ਬਣਦਾ ਹੈ, ਇੱਕ-ਨਾ-ਇੱਕ ਦਿਨ ਉਸਨੇ ਗੱਦੀ ਤੋਂ ਉਤਰਨਾ ਹੁੰਦਾ ਹੈ। ਅਰਵਿੰਦ ਕੇਜਰੀਵਾਲ ਆਪਣੇ ਘੁਮੰਡ ਕਰਕੇ ਉਸਨੂੰ ਆਪਣੀ ਸਿਆਸਤ ਦੀ ਕੁਰਸੀ ਦਾ ਸੂਰਜ ਡੁੱਬਣ ਦੀ ਉਮੀਦ ਹੀ ਨਹੀਂ ਸੀ, ਉਹ ਕੁਦਰਤ ਦੇ ਨਿਯਮ ਨੂੰ ਬਦਲਣਾ ਚਾਹੁੰਦਾ ਸੀ ਪ੍ਰੰਤੂ ਕੁਦਰਤ ਨੂੰ ਮਾਤ ਦੇਣਾ ਇਨਸਾਨ ਦੇ ਵਸ ਦੀ ਗੱਲ ਨਹੀਂ। ਇਸ ਕਰਕੇ ਹੀ ਕੇਜਰੀਵਾਲ ਦਾ ਝੂਠੀ ਬਿਆਨਬਾਜ਼ੀ ਨਾਲ ਬਿਨਾ ਨੀਂਹਾਂ ਦੇ ਉਸਾਰਿਆ ਮਹਿਲ ਢਹਿ ਢੇਰੀ ਹੋ ਗਿਆ।

ਯੂ.ਪੀ.ਏ ਸਰਕਾਰ ਵਿਰੁੱਧ ਨਵੰਬਰ 2011 ਵਿੱਚ ਸਮਾਜ ਸੇਵਕ ਅੰਨਾ ਹਜ਼ਾਰੇ ਨੇ ਉਚ ਅਹੁਦਿਆਂ ਤੋਂ ਭ੍ਰਿਸ਼ਟਾਚਾਰ ਖ਼ਤਮ ਕਰਨ ਲਈ ਸ਼ਕਤੀਸ਼ਾਲੀ ਜਨ ਲੋਕ ਪਾਲ ਨਿਯੁਕਤ ਕਰਨ ਦਾ ਕਾਨੂੰਨ ਬਣਾਉਣ ਲਈ ਦਿੱਲੀ ਵਿਖੇ ਅੰਦੋਲਨ ਸ਼ੁਰੂ ਕੀਤਾ ਸੀ। ਭਾਰਤੀ ਜਨਤਾ ਪਾਰਟੀ ਨੇ ਅੰਦਰਖਾਤੇ ਉਸਦੇ ਅੰਦੋਲਨ ਦੀ ਸਪੋਰਟ ਕੀਤੀ ਸੀ। ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਉਸ ਸਮੇਂ ਅੰਨਾ ਹਜ਼ਾਰੇ ਦੀ ਲੋਕ ਲਹਿਰ ਬਣ ਗਈ, ਜਿਸ ਕਰਕੇ ਲੋਕਾਂ ਦਾ ਹਜੂਮ ਉਨ੍ਹਾਂ ਨਾਲ ਜੁੜ ਗਿਆ ਸੀ। ਅਰਵਿੰਦ ਕੇਜਰੀਵਾਲ ਨੇ ਲੋਕਾਂ ਦੇ ਉਤਸ਼ਾਹ ਦਾ ਲਾਭ ਉਠਾਉਂਦਿਆਂ 20 ਨਵੰਬਰ 2012 ਨੂੰ ਆਮ ਆਦਮੀ ਪਾਰਟੀ ਦੀ ਸਥਾਪਨਾ ਕਰ ਲਈ ਸੀ। ਹਾਲਾਂਕਿ ਅੰਨਾ ਹਜ਼ਾਰੇ ਸਿਆਸੀ ਪਾਰਟੀ ਬਣਾਉਣ ਲਈ ਕੇਜਰੀਵਾਲ ਨੂੰ ਰੋਕਦਾ ਰਿਹਾ ਪ੍ਰੰਤੂ ਅਰਵਿੰਦ ਕੇਜ਼ਰੀਵਾਲ ਨੇ ਅੰਨਾ ਹਜ਼ਾਰੇ ਦੀ ਪ੍ਰਵਾਹ ਨਾ ਕਰਦਿਆਂ ਆਪ ਮੁਹਾਰੇ ਹੋ ਕੇ ਆਮ ਆਦਮੀ ਪਾਰਟੀ ਬਣਾ ਲਈ ਸੀ। ਆਮ ਆਦਮੀ ਪਾਰਟੀ ਵਾ-ਵਰੋਲੇ ਦੀ ਤਰ੍ਹਾਂ ਸਿਆਸੀ ਸੀਨ 'ਤੇ ਆਈ ਸੀ, ਉਸੇ ਤਰ੍ਹਾਂ ਜਿਵੇਂ ਵਾ-ਵਰੋਲਾ ਚੰਦ ਮਿੰਟਾਂ ਵਿੱਚ ਅਸਮਾਨ ਵਿੱਚ ਪਹੁੰਚਦਾ ਤੇ ਫਿਰ ਜਲਦੀ ਹੀ ਤੀਲਾ-ਤੀਲਾ ਹੋ ਕੇ ਧਰਤੀ 'ਤੇ ਬਿਖਰ ਜਾਂਦਾ ਹੈ, ਉਸੇ ਤਰ੍ਹਾਂ ਦਿੱਲੀ ਵਿੱਚ ਫਰਵਰੀ 2025 ਵਿੱਚ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦਾ ਝਾੜੂ ਤੀਲਾ-ਤੀਲਾ ਹੋ ਕੇ ਖਿੰਡ ਗਿਆ। ਅਰਵਿੰਦ ਕੇਜਰੀਵਾਲ ਸਥਾਪਤ ਪਾਰਟੀਆਂ ਤੋਂ ਵੱਖਰਾ ਢੰਗ ਵਰਤਕੇ ਸਿਆਸਤ ਵਿੱਚ ਬਦਲਾਓ ਲਿਆਉਣ ਦੇ ਦਾਅਵੇ ਕਰਦਾ ਸੀ। ਉਹ ਵਾਅਦੇ ਵਫ਼ਾ ਨਹੀਂ ਹੋਏ। ਭ੍ਰਿਸ਼ਟਾਚਾਰ ਮੁਕਤ ਪਾਰਦਰਸ਼ੀ ਪ੍ਰਸ਼ਾਸ਼ਨ, ਸ਼ਕਤੀਸ਼ਾਲੀ ਲੋਕ ਪਾਲ ਦੀ ਨਿਯੁਕਤੀ, ਵੀ.ਆਈ.ਪੀ. ਕਲਚਰ ਖ਼ਤਮ ਕਰਨ, ਸੁਰੱਖਿਆ ਦੀ ਛੱਤਰੀ ਤੋਂ ਬਿਨਾ ਸਿਆਸਤ ਕਰਨ, ਸਾਦਗੀ ਨਾਲ ਜੀਵਨ ਬਸਰ ਕਰਨ, ਵੱਡੀਆਂ ਗੱਡੀਆਂ ਤੇ ਵੱਡੇ ਘਰ ਨਾ ਲੈਣਾ ਅਤੇ ਵਿਕਾਸ ਸਕੀਮਾ ਤੇ ਰਾਜਨੀਤਕ ਫ਼ੈਸਲੇ ਲੈਣ ਵਿੱਚ ਲੋਕਾਂ ਦੀ ਭਾਗੇਦਾਰੀ ਵਾਅਦਿਆਂ ਦੇ ਲਾਰਿਆਂ ਨਾਲ ਆਮ ਆਦਮੀ ਪਾਰਟੀ ਦੀ ਦਿੱਲੀ ਵਿੱਚ ਸਰਕਾਰ ਬਣਾਉਣ ਵਿੱਚ ਸਫ਼ਲ ਹੋਈ ਸੀ। ਦਿੱਲੀ ਦੇ ਲੋਕ 10 ਸਾਲ ਆਮ ਆਦਮੀ ਪਾਰਟੀ ਤੋਂ ਕੀਤੇ ਵਾਅਦਿਆਂ ਅਤੇ ਗਰੰਟੀਆਂ ਦੇ ਪੂਰੇ ਹੋਣ ਦੀ ਉਡੀਕ ਕਰਦੇ ਰਹੇ। ਆਮ ਆਦਮੀ ਪਾਰਟੀ ਨੇ ਦਿੱਲੀ ਦੇ ਲੋਕਾਂ ਨਾਲ ਜਦੋਂ ਵਾਅਦੇ ਪੂਰੇ ਨਹੀਂ ਕੀਤੇ ਤਾਂ ਲੋਕਾਂ ਨੇ ਆਮ ਆਦਮੀ ਪਾਰਟੀ ਤੋਂ ਆਪਣਾ ਹੱਥ ਪਿੱਛੇ ਖਿੱਚ ਲਿਆ।



ਅਰਵਿੰਦ ਕੇਜਰੀਵਾਲ ਦੇ ਘੁਮੰਡੀ, ਆਪ ਹੁਦਰੇਪਣ ਅਤੇ ਏਕਾਅਧਿਕਾਰ ਵਾਲੇ ਰਵੱਈਏ ਕਰਕੇ ਪਾਰਟੀ ਦੇ ਸੀਨੀਅਰ ਨੇਤਾ ਪਾਰਟੀ ਨੂੰ ਅਲਵਿਦਾ ਕਹਿ ਗਏ ਤੇ ਕੁਝ ਨੂੰ ਉਸਨੇ ਆਪਣੇ ਰਸਤੇ ਦਾ ਰੋੜਾ ਸਮਝਦਿਆਂ ਪਾਰਟੀ ਵਿੱਚੋਂ ਬਾਹਰ ਦਾ ਰਸਤਾ ਵਿਖਾ ਦਿੱਤਾ। ਝੂਠ, ਘੁਮੰਡ ਅਤੇ ਲਾਰਿਆਂ ਦਾ ਮਹਿਲ ਲੜਖੜਾ ਗਿਆ ਹੈ। ਕਹਿਣੀ ਤੇ ਕਰਨੀ ਦੇ ਅੰਤਰ ਦਾ ਖ਼ਮਿਆਜਾ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾਵਾਂ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ, ਸੌਰਭ ਭਾਰਦਵਾਜ਼, ਸਤਿੰਦਰ ਜੈਨ ਅਤੇ ਦੁਰਗੇਸ਼ ਪਾਠਕ ਨੂੰ ਬੁਰੀ ਤਰ੍ਹਾਂ ਚੋਣ ਹਾਰ ਕੇ ਭੁਗਤਣਾ ਪਿਆ। ਇਸਤਰੀਆਂ ਨੂੰ ਇੱਕ ਹਜ਼ਾਰ ਰੁਪਏ ਮਹੀਨਾ ਦੇਣ ਦਾ ਵਾਅਦਾ 11 ਸਾਲ ਵਿੱਚ ਪੂਰਾ ਨਹੀਂ ਕੀਤਾ, ਸਗੋਂ 2025 ਦੀ ਚੋਣ ਵਿੱਚ 2500 ਰੁਪਏ ਦੇਣ ਦਾ ਐਲਾਨ ਕਰ ਦਿੱਤਾ। ਅਜਿਹੇ ਫੋਕੇ ਵਾਅਦੇ ਤੇ ਗਰੰਟੀਆਂ ਹੀ ਕੇਜਰੀਵਾਲ ਦੀਆਂ ਜੜ੍ਹਾਂ ਵਿੱਚ ਤੇਲ ਦੇਣ ਦਾ ਕੰਮ ਕਰ ਗਏ। ਸਾਦਗੀ ਦੀ ਡੌਂਡੀ ਪਿੱਟਦੇ ਹੋਇਆਂ ਕੇਜਰੀਵਾਲ ਨੇ ਆਪਣੇ ਰਹਿਣ ਲਈ 48 ਕਰੋੜ ਰੁਪਏ ਨਾਲ ਸ਼ੀਸ਼ ਮਹਿਲ ਦੀ ਉਸਾਰੀ ਕਰ ਲਈ। ਭ੍ਰਿਸ਼ਟਾਚਾਰ ਖ਼ਤਮ ਕਰਨ ਲਈ ਆਪਣੇ ਆਪ ਨੂੰ ਕੱਟੜ ਇਮਾਨਦਾਰ ਸਾਬਤ ਕਰਦਿਆਂ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ ਸਤਿੰਦਰ ਜੈਨ ਨੂੰ ਜੇਲ੍ਹ ਦੀ ਹਵਾ ਖਾਣੀ ਪਈ। ਲੋਕਾਂ ਕੋਲ ਪਾਰਦਰਸ਼ਤਾ ਦਾ ਭਾਂਡਾ ਫੁੱਟ ਗਿਆ। ਲਾਲ ਬੱਤੀ ਕਲਚਰ ਤੇ ਸੁਰੱਖਿਆ ਦਾ ਰੌਲਾ ਪਾਉਂਦੇ ਰਹੇ ਪ੍ਰੰਤੂ ਖ਼ੁਦ ਲਈ ਪੰਜਾਬ ਪੁਲਿਸ ਦੇ 100 ਮੁਲਾਜ਼ਮਾ ਨੂੰ ਸੁਰੱਖਿਆ ਲਈ ਨਿਯੁਕਤ ਕਰਵਾ ਰੱਖਿਆ ਸੀ। ਸਾਰੇ ਵਾਅਦੇ ਝੂਠ ਦਾ ਪੁਲੰਦਾ ਸਾਬਤ ਹੋ ਗਏ। ਇਨਕਲਾਬ ਦਾ ਮਖੌਟਾ ਉਤਰ ਗਿਆ ਹੈ।



ਉਜਾਗਰ ਸਿੰਘ
91-94178 13072


ਭਾਰਤੀ ਜਨਤਾ ਪਾਰਨੀ ਨੇ 48 ਵਿਧਾਨ ਸਭਾ ਦੀਆਂ ਸੀਟਾਂ ਜਿੱਤਕੇ 45.6 ਫ਼ੀ ਸਦੀ ਵੋਟਾਂ ਪ੍ਰਾਪਤ ਕੀਤੀਆਂ ਹਨ, ਜਦੋਂ ਕਿ ਆਮ ਆਦਮੀ ਪਾਰਟੀ ਨੇ 22 ਸੀਟਾਂ ਜਿੱਤਕੇ 43.6 ਫ਼ੀ ਸਦੀ ਵੋਟਾਂ ਲਈਆਂ ਹਨ। ਦੋਹਾਂ ਪਾਰਟੀਆਂ ਦਾ ਸਿਰਫ਼ 2 ਫ਼ੀ ਸਦੀ ਵੋਟਾਂ ਦਾ ਅੰਤਰ ਹੈ। ਕਾਂਗਰਸ ਪਾਰਟੀ ਨੂੰ 6.34 ਫ਼ੀ ਸਦੀ ਵੋਟਾਂ ਮਿਲੀਆਂ ਹਨ ਤੇ ਉਹ ਇੱਕ ਵੀ ਸੀਟ ਨਹੀਂ ਜਿੱਤ ਸਕੀ। ਭਾਰਤੀ ਜਨਤਾ ਪਾਰਟੀ ਨੂੰ ਦੋ ਤਿਹਾਈ ਬਹੁਮਤ ਮਿਲ ਗਿਆ ਹੈ।

ਕਾਂਗਰਸ 19 ਹਲਕਿਆਂ ਵਿੱਚ ਆਮ ਆਦਮੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਨੂੰ ਹਰਾਉਣ ਦੀ ਸਮਰੱਥਾ ਵਿੱਚ ਸਫਲ ਰਿਹਾ, ਇਨ੍ਹਾਂ ਵਿੱਚੋਂ 12 ਸੀਟਾਂ ਵਿੱਚ ਜੇਕਰ ਉਹ ਆਮ ਆਦਮੀ ਨਾਲ ਰਲਕੇ ਚੋਣ ਲੜਦੀ ਤਾਂ ਉਸਦੇ ਉਮੀਦਵਾਰ ਜਿੱਤ ਸਕਦੇ ਸੀ। ਆਮ ਆਦਮੀ ਪਾਰਟੀ ਨੇ ਆਪਣੇ 62 ਵਿਧਾਇਕਾਂ ਵਿੱਚੋਂ 25 ਦੀਆਂ ਟਿਕਟਾਂ ਕੱਟ ਦਿੱਤੀਆਂ ਸਨ, ਨਵੇਂ 22 ਉਮੀਦਵਾਰ ਚੋਣ ਹਾਰ ਗਏ। ਜਿਹੜੇ 37 ਵਿਧਾਇਕਾਂ ਨੂੰ ਟਿਕਟਾਂ ਦਿੱਤੀਆਂ ਸਨ, ਉਨ੍ਹਾਂ ਵਿੱਚੋਂ ਵੀ 22 ਚੋਣ ਹਾਰ ਗਏ ਸਿਰਫ 15 ਹੀ ਜਿੱਤ ਸਕੇ ਹਨ। ਇਸ ਪ੍ਰਕਾਰ ਆਮ ਆਦਮੀ ਪਾਰਟੀ ਦੀਆਂ 30 ਫ਼ੀ ਸਦੀ ਸੀਟਾਂ ਘਟ ਗਈਆਂ ਹਨ।

ਇਨ੍ਹਾਂ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਨੇ ਤਿੰਨ, ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਚਾਰ-ਚਾਰ ਟਿਕਟਾਂ ਸਿੱਖ ਉਮੀਦਵਾਰਾਂ ਨੂੰ ਦਿੱਤੀਆਂ ਸਨ। ਇਸ ਵਾਰ ਤਿੰਨਾ ਪਾਰਟੀਆਂ ਨੇ 11 ਸਿੱਖ ਉਮੀਦਵਾਰਾਂ ਵਿੱਚੋਂ ਭਾਰਤੀ ਜਨਤਾ ਪਾਰਟੀ ਦੇ ਤਿੰਨੇ ਉਮੀਦਵਾਰ ਅਰਵਿੰਦਰ ਸਿੰਘ ਲਵਲੀ, ਮਨਜਿੰਦਰ ਸਿੰਘ ਸਿਰਸਾ ਅਤੇ ਤਰਵਿੰਦਰ ਮਰਵਾਹਾ, ਆਮ ਆਦਮੀ ਪਾਰਟੀ ਦੇ ਜਰਨੈਲ ਸਿੰਘ ਅਤੇ ਕਰਨੈਲ ਸਿੰਘ ਚੋਣ ਜਿੱਤ ਗਏ ਹਨ। ਕਾਂਗਰਸ ਪਾਰਟੀ ਦੇ ਚਾਰੇ ਉਮੀਦਵਾਰ ਚੋਣ ਹਾਰ ਗਏ ਹਨ। ਦਿੱਲੀ ਦੀ ਗ਼ਰੀਬ ਜਨਤਾ ਨੇ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀ ਸਪੋਰਟ ਕੀਤੀ ਪ੍ਰੰਤੂ ਮੱਧਵਰਗ ਨੇ ਜਿਨ੍ਹਾਂ ਵਿੱਚ ਸਰਕਾਰੀ ਮੁਲਾਜਮ ਸ਼ਾਮਲ ਹਨ, ਉਨ੍ਹਾਂ ਨੇ ਕੇਂਦਰੀ ਬਜਟ ਵਿੱਚ ਇਨਕਮ ਟੈਕਸ ਵਿੱਚ 12 ਰੁਪਏ ਲੱਖ ਤੱਕ ਵਾਲਿਆਂ ਨੂੰ ਆਮਦਨ ਕਰ ਦੀ ਛੋਟ ਦੇਣ ਕਰਕੇ ਭਾਰਤੀ ਜਨਤਾ ਪਾਰਟੀ ਨੂੰ ਵੋਟ ਪਾਈ ਹੈ। ਇਨ੍ਹਾਂ ਨਤੀਜਿਆਂ ਦਾ ਪੰਜਾਬ ਦੀ ਸਿਆਸਤ 'ਤੇ ਵੀ ਪ੍ਰਭਾਵ ਪੈਣ ਦੀਆਂ ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਹਨ।

# ਵਿਸ਼ਵ ਪੁਸਤਕ ਮੇਲਾ ਦਿੱਲੀ ਵਿਖੇ ਡਾ. ਜਸਵੰਤ ਰਾਏ ਦੀ ਹਿੰਦੀ ਪੁਸਤਕ 'ਬੀਜ ਤੋਂ ਬਿਰਖ ਤੱਕ' ਲੋਕ-ਅਰਪਣ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਪੁਸਤਕ ਮੇਲੇ ਦੇ ਸਭ ਤੋਂ ਵੱਡੇ ਕੁੰਭ ਵਿਸ਼ਵ ਪੁਸਤਕ ਮੇਲਾ ਦਿੱਲੀ ਵਿਖੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਨਾਂ ਨੂੰ ਉਦੋਂ ਹੋਰ ਚਾਰ ਚੰਨ ਲੱਗ ਗਏ ਜਦੋਂ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਵਿਖੇ ਖੋਜ ਅਫ਼ਸਰ ਸੀਮਿਤ ਨਹੀਂ ਸਗੋਂ ਵੱਡੇ ਅਹੁਦਿਆਂ 'ਤੇ ਪਹੁੰਚ ਕੇ ਲੋਕ ਹਿੱਤਾਂ ਤੇ ਦੇਸ਼ ਲਈ ਕਿਵੇਂ ਕੰਮ ਕਰਨੇ ਹਨ ਦਾ ਵੀ ਵਿਖਿਆਨ ਕਰਦੀ ਹੈ। ਪੰਜਾਬੀ ਦੇ ਨਾਲ-ਨਾਲ ਹੋਰ ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਛਪਣ ਵਾਲੇ ਕਵੀ ਮਦਨ ਵੀਰਾ ਨੇ ਪੁਸਤਕ ਦੇ ਨਾਇਕ ਅਤੇ



ਵਜੋਂ ਸੇਵਾਵਾਂ ਨਿਭਾਅ ਰਹੇ ਡਾ। ਜਸਵੰਤ ਰਾਏ ਦੀ ਹਿੰਦੀ ਪੁਸਤਕ 'ਬੀਜ ਤੋਂ ਬਿਰਖ ਤੱਕ'ਨੂੰ ਪ੍ਰਭਾਤ ਪ੍ਰਕਾਸ਼ਕ ਦਿੱਲੀ ਵੱਲੋਂ ਲੋਕ-ਅਰਪਣ ਸਮਾਗਮ ਕਰਕੇ ਪਾਠਕਾਂ ਦੀ ਝੋਲ਼ੀ ਪਾਇਆ ਗਿਆ।ਇਹ ਪੁਸਤਕ ਆਈ.ਏ.ਐੱਸ. ਅਫ਼ਸਰ ਜੀ.ਐੱਸ. ਨਵੀਨ ਕੁਮਾਰ ਦੀ ਜ਼ਿੰਦਗੀ 'ਤੇ ਅਧਾਰਿਤ ਇੱਕ ਪ੍ਰੇਰਣਾਦਾਇਕ ਕਹਾਣੀ ਹੈ। ਗ਼ੌਰਤਲਬ ਹੈ ਕਿ ਇਹ ਪੁਸਤਕ ਪਹਿਲਾਂ ਆੱਟਮ ਆਰਟ ਪ੍ਰਕਾਸ਼ਕ ਪਟਿਆਲਾ ਵੱਲੋਂ ਮਾਂ ਬੋਲੀ ਪੰਜਾਬੀ ਵਿੱਚ ਵੀ ਛਪ ਚੁੱਕੀ ਹੈ ਜਿਸਦਾ ਪਾਠਕਾਂ ਖ਼ਾਸ ਕਰਕੇ ਵਿਦਿਆਰਥੀਆਂ ਨੇ ਭਰਵਾਂ ਹੁੰਗਾਰਾ ਭਰਿਆ ਹੈ। ਪੁਸਤਕ ਬਾਰੇ ਗੱਲ ਕਰਦਿਆਂ ਲੇਖਕ ਡਾ. ਜਸਵੰਤ ਰਾਏ ਨੇ ਦੱਸਿਆ ਕਿ ਇਸ ਪੁਸਤਕ ਵਿੱਚ ਇੱਕ ਸਧਾਰਨ ਪਰਿਵਾਰ 'ਚੋਂ ਨਿਕਲੇ ਨਵੀਨ ਕੁਮਾਰ ਦੀ ਜ਼ਿੰਦਗੀ ਦੇ ਸੰਘਰਸ਼, ਕਿਤਾਬਾਂ ਨੂੰ ਮੋਹ ਕਰਨ ਦੇ ਨਤੀਜੇ, ਬੱਚਿਆਂ ਦੀ ਪੜ੍ਹਾਈ 'ਚ ਮਾਪਿਆਂ ਦਾ ਰੋਲ, ਅਧਿਆਪਕ ਦੀ ਗਲਵੱਕੜੀ, ਨਾਇਕਾਂ ਦੀ ਚੋਣ, ਸੁਪਨਿਆਂ ਨੂੰ ਸੱਚ ਕਰਨ ਦੇ ਤਰੱਦਦ ਦਾ ਮਾਰਮਿਕ ਢੰਗ ਨਾਲ ਵਰਣਨ ਕੀਤਾ ਗਿਆ ਹੈ।ਇਹ ਪੁਸਤਕ ਵਿਦਿਆਰਥੀਆਂ ਵੱਲੋਂ ਵੱਡੇ ਟੈਸਟ ਕਿਵੇਂ ਪਾਸ ਕਰਨੇ ਹਨ ਤੱਕ ਹੀ ਲੇਖਕ ਦੋਹਾਂ ਨੂੰ ਇਸ ਪੁਸਤਕ ਰਾਹੀਂ ਸਾਹਿਤ ਵਿੱਚ ਵਿਦਿਆਰਥੀਆਂ ਲਈ ਇੱਕ ਨਵਾਂ ਅਧਿਆਇ ਜੋੜਨ ਲਈ ਵਧਾਈ ਦਿੱਤੀ। ਆਈ.ਏ.ਐੱਸ. ਨਵੀਨ ਕੁਮਾਰ ਨੇ ਆਪਣੀ ਜ਼ਿੰਦਗੀ ਦੇ ਕਈ ਪਹਿਲੂਆਂ ਬਾਰੇ ਗੱਲਾਂ ਕਰਦਿਆਂ 2022 ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦਾ ਭਰਮਣ ਕਰਦਿਆਂ ਗੁਜ਼ਾਰੇ ਉਨ੍ਹਾਂ ਖ਼ੂਬਸੂਰਤ ਪਲਾਂ ਨੂੰ ਯਾਦ ਕੀਤਾ ਜਿਹੜੇ ਇਸ ਪੁਸਤਕ ਦਾ ਅਧਾਰ ਬਣੇ। ਡੀ. ਐੱਮ. ਹਿੰਦੀ ਕੁਲਦੀਪ ਸਿੰਘ ਨੇ ਇਸ ਪੁਸਤਕ ਦੀ ਹਿੰਦੀ ਭਾਸ਼ਾਈ ਸੁਧਾਈ ਕਰਦਿਆਂ ਧਿਆਨ ਵਿੱਚ ਆਏ ਨੁਕਤੇ ਸਾਂਝੇ ਕੀਤੇ।

ਪ੍ਰਭਾਤ ਪ੍ਰਕਾਸ਼ਕ ਪੀਊਸ਼ ਨੇ ਲੇਖਕ ਡਾ. ਜਸਵੰਤ ਰਾਏ ਅਤੇ ਪੁਸਤਕ ਦੇ ਨਾਇਕ ਆਈ.ਏ.ਐੱਸ. ਜੀ.ਐੱਸ. ਨਵੀਨ ਕੁਮਾਰ ਨੂੰ ਆਪਣੇ ਪ੍ਰਕਾਸ਼ਨ ਹਾਊਸ ਨਾਲ ਜੁੜਨ ਲਈ ਮੁਬਾਰਕਬਾਦ ਦਿੱਤੀ। ਇਸ ਮੌਕੇ ਡਾ. ਕਮਲ ਕਿਸ਼ੋਰ ਯਾਦਵ, ਡਾ. ਕਰਨੈਲ ਚੰਦ, ਚਿੰਤਕ ਯੋਧਾ ਮੱਲ ਪਾਲ, ਜੇ.ਐੱਨ.ਯੂ. ਤੋਂ ਰਿਸਰਚ ਸਕਾਲਰ ਇੰਦਰਜੀਤ, ਆਦਿਤਿਆ ਰਾਓ ਅਤੇ ਸੁਏਸ਼ ਰੇਅ ਵੀ ਮੌਜੂਦ ਸਨ।

# ਦੇਸ਼ ਭਗਤ ਯੂਨੀਵਰਸਿਟੀ ਸਕੂਲ ਆਫ਼ ਨਰਸਿੰਗ ਵੱਲੋਂ ਮਨਾਇਆ ਗਿਆ ਐੱਚਆਈਵੀ/ਏਡਜ਼ ਜਾਗਰੂਕਤਾ ਦਿਵਸ



**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ ਸਕੂਲ ਆਫ਼ ਨਰਸਿੰਗ ਨੇ ਐੱਚਆਈਵੀ/ਏਡਜ਼ ਦੇ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਇੱਕ ਮਹੱਤਵਪੂਰਨ ਸਮਾਗਮ ਦੇ ਨਾਲ ਰਾਸ਼ਟਰੀ ਕਾਲਾ ਐੱਚਆਈਵੀ/ਏਡਜ਼ ਜਾਗਰੂਕਤਾ ਦਿਵਸ ਮਨਾਇਆ। ਸ਼੍ਰੀਮਤੀ ਲਵਪ੍ਰੀਤ ਕੌਰ ਅਤੇ ਸ਼੍ਰੀਮਤੀ ਗਗਨਦੀਪ ਕੌਰ ਦੀ ਅਗਵਾਈ ਹੇਠ ਹੋਏ ਇਸ ਸਮਾਗਮ ਵਿੱਚ ਐੱਚਆਈਵੀ ਦੀ ਰੋਕਥਾਮ, ਜਾਂਚ ਅਤੇ ਇਲਾਜ ਬਾਰੇ ਸਿੱਖਿਆ 'ਤੇ ਜ਼ੋਰ ਦਿੱਤਾ ਗਿਆ, ਜਦੋਂ ਕਿ ਹਾਸ਼ੀਏ 'ਤੇ ਪਈ ਆਬਾਦੀ ਦੁਆਰਾ ਦਰਪੇਸ਼ ਸਿਹਤ ਅਸਮਾਨਤਾਵਾਂ ਨੂੰ ਉਜਾਗਰ ਕੀਤਾ ਗਿਆ। ਇਸ ਸਮਾਗਮ ਦੀ ਇੱਕ ਖਾਸ ਵਿਸ਼ੇਸ਼ਤਾ ਬੀਐੱਸ.ਸੀ ਨਰਸਿੰਗ ਪਹਿਲੇ ਸਮੈਸਟਰ ਅਤੇ ਜੀ।ਐਨ।ਐਮ ਪਹਿਲੇ ਸਾਲ ਦੇ ਵਿਦਿਆਰਥੀਆਂ ਦੀ ਸਰਗਰਮ ਸ਼ਮੂਲੀਅਤ ਸੀ। ਇਨ੍ਹਾਂ ਵਿਦਿਆਰਥੀਆਂ ਨੇ ਦਿਨ ਦੀ ਸਫਲਤਾ ਵਿੱਚ ਇੱਕ ਮਹੱਤਵਪੂਰਨ, ਖਾਸ ਕਰਕੇ ਅਮਲੋਹ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਇੱਕ ਸਿਹਤ ਭਾਸ਼ਣ ਦੇ ਕੇ ਭੂਮਿਕਾ ਨਿਭਾਈ। ਇਸ ਮੌਕੇ ਸਕੂਲ ਆਫ਼ ਨਰਸਿੰਗ ਦੇ ਪ੍ਰਿੰਸੀਪਲ ਪ੍ਰੋ. (ਡਾ.) ਲਵਸੰਪੂਰਨਜੋਤ ਕੌਰ ਅਤੇ ਕਮਿਊਨਿਟੀ ਹੈਲਥ ਨਰਸਿੰਗ ਵਿਭਾਗ ਦੇ ਮੁਖੀ ਡਾ. ਪ੍ਰਭਜੋਤ ਸਿੰਘ ਵੀ ਮੌਜੂਦ ਸਨ। ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ ਚਾਂਸਲਰ ਡਾ. ਤਜਿੰਦਰ ਕੌਰ ਨੇ ਸਕੂਲ ਆਫ਼ ਨਰਸਿੰਗ ਦੀ ਅਜਿਹੇ ਪ੍ਰਭਾਵਸ਼ਾਲੀ ਸਮਾਗਮ ਦੇ ਆਯੋਜਨ ਵਿੱਚ ਉਨ੍ਹਾਂ ਦੇ ਮਿਸਾਲੀ ਯਤਨਾਂ ਦੀ ਸ਼ਲਾਘਾ ਕੀਤੀ।

## ਅੰਮ੍ਰਿਤਸਰ 'ਚ ਡਾ. ਬੀ. ਆਰ. ਅੰਬੇਡਕਰ ਦੇ ਬੁੱਤ ਨੂੰ ਇਕ ਸ਼ਰਾਰਤੀ ਵਲੋਂ ਬੇਅਦਬੀ ਦੇ ਮਾਮਲੇ 'ਚ ਭਾਰਤੀ ਕੌਂਸਿਲ ਜਨਰਲ ਆਫਿਸ ਦੇ ਡਿਪਟੀ ਕੌਂਸਲ ਜਨਰਲ ਸ਼੍ਰੀ ਰਾਕੇਸ਼ ਅਦਲਾਖਾ ਨੂੰ ਮਿਲਕੇ ਇਕ ਮੇਮੋਰੈਂਡੋਮ ਦਿੱਤਾ





ਅੰਮ੍ਰਿਤਸਰ 'ਚ ਡਾ. ਬੀ.ਆਰ. ਅੰਬੇਡਕਰ ਦੇ ਬੁੱਤ ਨੂੰ ਇਕ ਸ਼ਰਾਰਤੀ ਵਲੋਂ ਬੇਅਦਬੀ ਦੇ ਮਾਮਲੇ 'ਚ ਸਾਨਫਰਾਂਸਿਸਕੋ ਸਥਿਤ ਭਾਰਤੀ ਕੌਂਸਿਲ ਜਨਰਲ ਆਫਿਸ ਦੇ ਡਿਪਟੀ ਕੌਂਸਲ ਜਨਰਲ ਸ਼੍ਰੀ ਰਾਕੇਸ਼ ਅਦਲਾਖਾ ਨੂੰ ਬੇ ਏਰੀਆ, ਰੀਓ ਲਿੰਡਾ, ਸੇਲਮਾ, ਫਰਿਜ਼ਨੋ ਅਤੇ ਯੂਬਾ ਸਿਟੀ ਦੀਆਂ ਸ਼੍ਰੀ ਗੁਰੂ ਰਵਿਦਾਸ ਸਭਾਵਾਂ ਵਲੋਂ ਮਿਲਕੇ ਇਕ ਮੇਮੋਰੈਂਡੋਮ ਦਿੱਤਾ। ਇਹ ਮੰਗ ਪੱਤਰ ਭੀਮ ਇੰਟਰਨੈਸ਼ਨਲ ਫਾਊਂਡੇਸ਼ਨ ਯੂਐਸਏ, ਅੰਤਰਰਾਸ਼ਟਰੀ ਬਹੁਜਨ ਸੰਗਠਨ ਯੂਐਸਏ, ਅੰਬੇਡਕਰ ਇੰਟਰਨੈਸ਼ਨਲ ਸੈਂਟਰ, ਰੰਗਰੇਟਾ ਸੇਵਾ ਅਲਾਇੰਸ, ਡਾ ਅੰਬੇਡਕਰ ਮਿਸ਼ਨ ਸੁਸਾਇਟੀ ਔਰੇਂਜ ਕਾਊਂਟੀ ਅਤੇ ਆਦਿ ਧਰਮ ਬ੍ਰਦਰਹੁੱਡ ਯੂਐਸਏ ਨੇ ਇਸ ਲਈ ਸਹਿਯੋਗ ਦਿੱਤਾ।


ਇਸ ਨੇਕ ਕੰਮ ਲਈ ਸ਼੍ਰੀ ਗੁਰੂ ਰਵਿਦਾਸ ਸਭਾਵਾਂ ਬੇ ਏਰੀਆ ਦੇ ਚੇਅਰਮੈਨ ਵਿਨੋਦ ਕੁਮਾਰ ਚੁੰਬਰ, ਆਈਬੀਓ ਦੇ ਪ੍ਰਧਾਨ ਦਸ਼ਵਿੰਦਰ ਪਾਲ, ਸ਼੍ਰੀ ਗੁਰੂ ਰਵਿਦਾਸ ਸਭਾਵਾਂ ਦੇ ਸੁਪਰੀਮ ਮੈਂਬਰ ਹੰਸ ਰਾਜ ਕਾਜਲਾ, ਮੇਜਰ ਸਿੰਘ ਸਹਾਇਕ ਜਨਰਲ ਸਕੱਤਰ, ਸੋਹਣ ਸਿੰਘ ਢਾਡਾ ਖਜ਼ਾਨਚੀ ਅਤੇ ਸੋਹਣ ਸਿੰਘ ਝੱਲੀ ਸ਼ਾਮਲ ਹੋਏ। ਡਿਪਟੀ ਕੌਂਸਲ ਜਨਰਲ ਨੇ ਮੰਗ ਪੱਤਰ ਲਿਆ ਅਤੇ ਉਨ੍ਹਾਂ ਨੂੰ ਡਾ. ਬੀ.ਆਰ. ਅੰਬੇਡਕਰ ਦੀ ਤਸਵੀਰ ਭੇਂਟ ਕੀਤੀ। ਇਹ ਬਹੁਤ ਲਾਭਦਾਇਕ ਮੀਟਿੰਗ ਸੀ ਅਤੇ ਡਿਪਟੀ ਜਨਰਲ ਕੌਂਸਲ ਨੇ ਭਰੋਸਾ ਦਿੱਤਾ ਕਿ ਉਹ ਅਗਲੇਰੀ ਜਾਂਚ ਲਈ ਭਾਰਤ ਸਰਕਾਰ ਅਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜਣਗੇ।

'ਦੇਸ਼ ਦੁਆਬਾ'
'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

ਜਨਮ ਦਿਵਸ 'ਤੇ ਵਿਸ਼ੇਸ਼

# ਸਾਹਿਬਜ਼ਾਦਾ ਅਜੀਤ ਸਿੰਘ ਜੀ

ਵਿਸ਼ਵ ਕੋਸ਼ ਅਨੁਸਾਰ ਸਾਹਿਬਜ਼ਾਦਾ ਅਜੀਤ ਸਿੰਘ ਜੀ, (1687-1705), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਭ ਤੋਂ ਵੱਡੇ ਸੁਪੁੱਤਰ, ਜੋ 26 ਜਨਵਰੀ 1687 ਨੂੰ ਪਾਉਂਟਾ ਵਿਖੇ ਮਾਤਾ ਸੁੰਦਰੀ ਜੀ ਦੇ ਉਦਰ ਤੋਂ ਜਨਮੇ ਸਨ। ਇਸ ਤੋਂ ਅਗਲੇ ਸਾਲ 1688 ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਰਿਵਾਰ ਸਮੇਤ ਅਨੰਦਪੁਰ ਵਾਪਸ ਆ ਗਏ, ਜਿੱਥੇ ਸਾਹਿਬਜ਼ਾਦਾ ਅਜੀਤ ਸਿੰਘ ਦਾ ਸਿੱਖੀ ਭਰਪੂਰ ਵਾਤਾਵਰਣ ਵਿੱਚ ਪਾਲਣ ਪੋਸ਼ਣ ਹੋਇਆ। ਇਹਨਾਂ ਨੂੰ ਧਾਰਮਿਕ ਗ੍ਰੰਥ, ਫ਼ਲਸਫੇ ਅਤੇ ਇਤਿਹਾਸ ਦੀ ਪੜ੍ਹਾਈ ਕਰਵਾਈ ਗਈ ਅਤੇ ਘੋੜ ਸਵਾਰੀ, ਤਲਵਾਰ ਚਲਾਉਣੀ ਅਤੇ ਤੀਰ ਅੰਦਾਜ਼ੀ ਦੀ ਸਿੱਖਿਆ ਵੀ ਦਿੱਤੀ ਗਈ। ਗਭਰੂ ਹੋ ਕੇ ਇਹ ਇੱਕ ਸੁੰਦਰ ਤਕੜੇ, ਬੁੱਧੀਮਾਨ ਨੌਜਵਾਨ ਬਣੇ ਅਤੇ ਸੁਭਾਵਿਕ ਹੀ ਸਾਰਿਆਂ ਦੇ ਲਾਡਲੇ ਆਗੂ ਬਣ ਗਏ। 30 ਮਾਰਚ 1699 ਨੂੰ ਖ਼ਾਲਸਾ ਸਾਜਣ ਦੀ ਘਟਨਾ ਤੋਂ ਛੇਤੀ ਹੀ ਪਿੱਛੋਂ ਆਪ ਜੀ ਨੂੰ ਆਪਣੀ ਲਿਆਕਤ ਦਾ ਪਹਿਲਾ ਇਮਤਿਹਾਨ ਪਾਸ ਕਰਨਾ ਪਿਆ। ਪੰਜਾਬ ਦੇ ਉੱਤਰ-ਪੱਛਮ ਵਿੱਚ ਪੋਠੋਹਾਰ ਇਲਾਕੇ ਤੋਂ ਆਉਂਦੀ ਸਿੱਖ ਸੰਗਤ ਨੂੰ ਸਤਲੁਜ ਦਰਿਆ ਦੇ ਪਾਰ ਅਨੰਦਪੁਰ ਤੋਂ ਥੋੜ੍ਹੀ ਹੀ ਦੂਰ ਨੂਹ ਦੇ ਰੰਘੜਾਂ ਨੇ ਹਮਲਾ ਕਰਕੇ ਲੁੱਟ ਲਿਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਵੇਲੇ ਕੇਵਲ 12 ਸਾਲ ਦੀ ਅਵਸਥਾ ਵਾਲੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਇੱਕ ਸੌ ਸਿੱਖਾਂ ਨਾਲ 23 ਮਈ 1699 ਨੂੰ ਉਸ ਪਿੰਡ ਭੇਜਿਆ, ਜਿੱਥੇ ਜਾ ਕੇ ਉਨ੍ਹਾਂ ਨੇ ਰੰਘੜਾਂ ਨੂੰ ਮਾਰ ਭਜਾਇਆ ਅਤੇ ਨਾਲ ਹੀ ਰੰਘੜਾਂ ਦੁਆਰਾ ਲੁੱਟਿਆ ਹੋਇਆ ਮਾਲ ਵਾਪਸ ਪ੍ਰਾਪਤ ਕੀਤਾ।




ਇਸ ਤੋਂ ਅਗਲੇ ਸਾਲ ਇਸ ਤੋਂ ਔਖਾ ਕਾਰਜ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਉਸ ਵੇਲੇ ਸੌਂਪਿਆ ਗਿਆ ਜਦੋਂ ਪਹਾੜੀ ਰਾਜਿਆਂ ਨੇ ਸ਼ਾਹੀ ਫ਼ੌਜਾਂ ਦੀ ਸਹਾਇਤਾ ਨਾਲ ਅਨੰਦਪੁਰ ਉਪਰ ਹਮਲਾ ਕਰ ਦਿੱਤਾ। ਸਾਹਿਬਜ਼ਾਦਾ ਅਜੀਤ ਸਿੰਘ ਨੂੰ ਤਾਰਾਗੜ੍ਹ ਕਿਲ੍ਹੇ ਦੀ ਰੱਖਿਆ ਦਾ ਕੰਮ ਸੌਂਪਿਆ ਗਿਆ, ਜਿਸ ਉਪਰ ਪਹਿਲਾਂ ਹਮਲਾ ਹੋਇਆ ਸੀ। ਭੱਟ ਵਹੀਆਂ ਅਨੁਸਾਰ ਇਹ ਹਮਲਾ 29 ਅਗਸਤ 1700 ਨੂੰ ਹੋਇਆ। ਸਾਹਿਬਜ਼ਾਦਾ ਅਜੀਤ ਸਿੰਘ ਨੇ ਇੱਕ ਤਜਰਬੇਕਾਰ ਸਿਪਾਹੀ, ਭਾਈ ਉਦੈ ਸਿੰਘ ਦੀ ਸਹਾਇਤਾ ਨਾਲ ਹਮਲੇ ਦਾ ਮੂੰਹ ਤੋੜਵਾਂ ਜਵਾਬ ਦਿੱਤਾ।ਅਕਤੂਬਰ 1700 ਵਿੱਚ ਨਿਰਮੋਹਗੜ੍ਹ ਦੀਆਂ ਲੜਾਈਆਂ ਵਿੱਚ ਵੀ ਸਾਹਿਬਜ਼ਾਦਾ ਅਜੀਤ ਸਿੰਘ ਨੇ ਬਹਾਦਰੀ ਨਾਲ ਜੰਗਾਂ ਲੜੀਆਂ। 15 ਮਾਰਚ 1701 ਨੂੰ ਅਜੋਕੇ ਪਾਕਿਸਤਾਨ ਦੇ ਜ਼ਿਲ੍ਹੇ ਸਿਆਲਕੋਟ ਦੇ ਦੜਪ ਖੇਤਰ ਦੀ ਅਨੰਦਪੁਰ ਵੱਲ ਆਉਂਦੀ ਸੰਗਤ ਨੂੰ ਬਜਰੂੜ ਦੇ ਗੁੱਜਰਾਂ ਅਤੇ ਰੰਘੜਾਂ ਨੇ ਲੁੱਟ ਲਿਆ। ਸਾਹਿਬਜ਼ਾਦਾ ਅਜੀਤ ਸੰਘਿ ਨੇ ਇਹਨਾਂ ਰੰਘੜਾਂ ਅਤੇ ਗੁੱਜਰਾਂ ਵਿਰੁੱਧ ਮੁਹਿੰਮ ਦੀ ਅਗਵਾਈ ਕੀਤੀ। ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਅਨੁਸਾਰ ਇਹ 7 ਮਾਰਚ 1703 ਨੂੰ 100 ਘੋੜਸਵਾਰਾਂ ਨਾਲ ਹੁਸ਼ਿਆਪੁਰ ਦੇ ਨੇੜੇ ਬੱਸੀ ਪਹੁੰਚੇ ਅਤੇ ਇੱਕ ਨੌਜਵਾਨ ਬ੍ਰਾਹਮਣ ਦੀ ਸੱਜ ਵਿਆਹੀ ਵਹੁੱਟੀ ਨੂੰ ਸਥਾਨਿਕ ਪਠਾਣ ਮੁੱਖੀ ਤੋਂ ਰਿਹਾ ਕਰਵਾਇਆ।



ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060

1705 ਵਿੱਚ ਅਨੰਦਪੁਰ ਦੇ ਲੰਮੇ ਘੇਰੇ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਨੇ ਫਿਰ ਆਪਣੇ ਸਾਹਸ ਅਤੇ ਦਲੇਰੀ ਦਾ ਸਬੂਤ ਦਿੱਤਾ। 5-6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਜੀ ਨੇ ਅਨੰਦਪੁਰ ਖਾਲੀ ਕਰਨ ਦਾ ਫੈਸਲਾ ਕੀਤਾ ਤਾਂ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਪਿਛਲੀ ਫ਼ੌਜ ਦੀ ਕਮਾਨ ਸੌਂਪੀ ਗਈ। ਜਦੋਂ ਘੇਰਾ ਪਾਉਣ ਵਾਲੇ ਫ਼ੌਜੀਆਂ ਨੇ ਕਿਲ੍ਹਾ ਖ਼ਾਲੀ ਕਰਨ ਸਮੇਂ ਸੁਰੱਖਿਅਤ ਰਸਤਾ ਦੇਣ ਦੇ ਆਪਣੇ ਦਿੱਤੇ ਭਰੋਸਿਆਂ ਨੂੰ ਛਿੱਕੇ ਟੰਗ ਕੇ ਸਾਹਿਬਜ਼ਾਦੇ ਦੀ ਫ਼ੌਜੀ ਟੁਕੜੀ ਉਪਰ ਧਾਵਾ ਬੋਲ ਦਿੱਤਾ ਤਾਂ ਇਹਨਾਂ ਨੇ ਦਲੇਰੀ ਨਾਲ ਵੈਰੀ ਫ਼ੌਜ ਨੂੰ ਉਤਨੀ ਦੇਰ ਸ਼ਾਹੀ ਟਿੱਬੀ ਕੋਲ ਰੋਕੀ ਰੱਖਿਆ ਜਦੋਂ ਤੱਕ ਭਾਈ ਉਦੈ ਸਿੰਘ ਉਹਨਾਂ ਦੀ ਸਹਾਇਤਾ ਲਈ ਆ ਨਾ ਪੁੱਜੇ। ਸਾਹਿਬਜ਼ਾਦਾ ਅਜੀਤ ਸਿੰਘ ਆਪਣੇ ਪਿਤਾ, ਛੋਟੇ ਸਾਹਿਬਜ਼ਾਦਾ ਜੁਝਾਰ ਸਿੰਘ ਅਤੇ ਪੰਞਾਹ ਕੁ ਸਿੱਖਾਂ ਨਾਲ ਚੜੀ ਹੋਈ ਸਰਸਾ ਨਦੀ ਨੂੰ ਪਾਰ ਕਰ ਗਏ। ਇਸ ਤੋਂ ਅੱਗੇ ਰੋਪੜ ਨੇੜੇ ਪਿੱਛਾ ਕਰਦੇ ਦਲਾਂ ਨਾਲ ਮੁੱਠ-ਭੇੜ ਹੋਣ ਕਾਰਨ ਗਿਣਤੀ ਹੋਰ ਵੀ ਘਟ ਗਈ ਪਰੰਤੂ ਸਾਹਿਬਜ਼ਾਦਾ ਅਜੀਤ ਸਿੰਘ ਦਾ ਇਹ ਦਸਤਾ 6 ਦਸੰਬਰ 1705 ਦੀ ਸ਼ਾਮ ਨੂੰ ਚਮਕੌਰ ਪੁੱਜ ਗਿਆ ਜਿੱਥੇ ਇਸ ਨੇ ਇੱਕ ਕੱਚੀ ਗੜ੍ਹੀ (ਉੱਚੀਆਂ ਕੰਧਾਂ ਵਾਲੀ ਹਵੇਲੀ) ਵਿੱਚ ਆਪਣੇ ਮੋਰਚੇ ਸੰਭਾਲ ਲਏ।

ਉੱਧਰ ਵੈਰੀ ਫ਼ੌਜਾਂ ਦੀ ਗਿਣਤੀ ਮਾਲੇਰਕੋਟਲਾ, ਸਰਹਿੰਦ ਦੇ ਸ਼ਾਸਕਾਂ ਅਤੇ ਸਥਾਨਿਕ ਰੰਘੜਾਂ ਅਤੇ ਗੁੱਜਰਾਂ ਦੀਆਂ ਵਹੀਰਾਂ ਵੱਲ ਵੱਧ ਰਹੀ ਸੀ ਅਤੇ ਇਹਨਾਂ ਸਾਰਿਆਂ ਨੇ ਚਮਕੌਰ ਦੀ ਗੜ੍ਹੀ ਨੂੰ ਸਖ਼ਤ ਘੇਰਾ ਪਾ ਲਿਆ। ਇਹ ਬੇਮੇਲ ਅਤੇ ਭਿਆਨਕ ਲੜਾਈ 7 ਦਸੰਬਰ 1705 ਨੂੰ ਸੂਰਜ ਚੜ੍ਹਦੇ ਸਾਰ ਸ਼ੁਰੂ ਹੋ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜ਼ਫ਼ਰਨਾਮਾ ਅਨੁਸਾਰ ਕੇਵਲ ਚਾਲੀ ਸਿੱਖਾਂ ਨੇ ਦੁਸ਼ਮਣਾਂ ਦਾ ਡੱਟਵਾਂ ਮੁਕਾਬਲਾ ਕੀਤਾ। ਜਦੋਂ ਘਿਰੇ ਹੋਇਆਂ ਕੋਲ ਜੋ ਥੋੜ੍ਹਾ ਬਹੁਤਾ ਅਸਲਾ ਅਤੇ ਤੀਰ ਸਨ, ਉਹ ਵੀ ਖ਼ਤਮ ਹੋ ਗਏ ਤਾਂ ਉਹਨਾਂ ਨੇ ਪੰਜ ਪੰਜ ਦੇ ਦਸਤੇ ਬਣ ਕੇ ਤਲਵਾਰ ਅਤੇ ਭਾਲਿਆਂ ਨਾਲ ਘੇਰਾ ਪਾਈ ਬੈਠੇ ਫ਼ੌਜੀਆਂ ਨਾਲ ਝਪਟਾਂ ਲੈਣ ਦੀ ਯੁੱਧ-ਨੀਤੀ ਅਪਣਾਈ। ਸਾਹਿਬਜ਼ਾਦਾ ਅਜੀਤ ਸਿੰਘ ਨੇ ਆਪਣੇ ਪਿਤਾ,ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਆਗਿਆ ਲੈ ਕੇ ਇਸ ਕਿਸਮ ਦੇ ਇੱਕ ਧਾਵੇ ਦੀ ਅਗਵਾਈ ਕੀਤੀ ਅਤੇ ਘਮਸਾਣ ਦੀ ਲੜਾਈ ਵਿੱਚ ਲੜਦੇ ਹੋਇਆਂ ਆਪਣੇ ਪਿਤਾ ਜੀ ਦੀਆਂ ਅੱਖਾਂ ਦੇ ਸਾਹਮਣੇ ਹੀ ਸ਼ਹਾਦਤ ਪ੍ਰਾਪਤ ਕੀਤੀ।

ਸਾਹਿਬਜ਼ਾਦਾ ਅਜੀਤ ਸਿੰਘ ਜਿੱਥੇ ਸ਼ਹੀਦ ਹੋਏ ਸਨ, ਅੱਜ ਕੱਲ੍ਹ ਇਸ ਤਾਂ ਉੱਤੇ ਗੁਰਦੁਆਰਾ ਕਤਲਗੜ੍ਹ ਬਣਿਆ ਹੋਇਆ ਹੈ। ਪਿੱਛੋਂ ਸਾਹਿਬਜ਼ਾਦਾ ਜੁਝਾਰ ਸਿੰਘ ਵੀ ਇਸੇ ਪ੍ਰਕਾਰ ਜੰਗ ਦੇ ਮੈਦਾਨ ਵਿੱਚ ਜੂਝਦੇ ਹੋਏ ਸ਼ਹੀਦ ਹੋ ਗਏ। ਬਿਕਰਮੀ ਮਹੀਨੇ ਦੇ 8 ਪੋਹ (ਦਸੰਬਰ-ਜਨਵਰੀ) ਨੂੰ ਹਰ ਸਾਲ ਉਹਨਾਂ ਦੀ ਸ਼ਹੀਦੀ ਮਨਾਉਣ ਲਈ ਇਸ ਥਾਂ 'ਤੇ ਭਾਰੀ ਦੀਵਾਨ ਸਜਾਏ ਜਾਂਦੇ ਹਨ। ਚਮਕੌਰ ਦੀ ਜੰਗ ਵਿੱਚ ਦੋਹਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਪੱਕੀ ਗਵਾਹੀ ਇੱਕ ਸਮਕਾਲੀ ਲਿਖਤ ਤੋਂ ਵੀ ਮਿਲਦੀ ਹੈ। ਬਾਦਸ਼ਾਹ ਔਰੰਗਜ਼ੇਬ ਦੇ ਸਰਕਾਰੀ ਪੱਤਰ ਲੇਖਕ ਮਿਰਜ਼ਾ ਇਨਾਯਤ ਉੱਲਾ ਖ਼ਾਨ ਇਸਮੀ (1653-1725) ਦੇ ਅਹਿਕਾਮ-ਇ-ਆਲਮਗੀਰੀ (ਮੂਲ ਫ਼ਾਰਸੀ) ਖਰੜੇ ਵਿੱਚ ਇਹ ਲਿਖਤ ਇਸ ਪ੍ਰਕਾਰ ਹੈ, "ਫੁਟਕਲ ਮਾਮਲਿਆਂ ਸੰਬੰਧੀ ਇੱਕ ਪੱਤਰ ਪ੍ਰਾਪਤ ਹੋਇਆ ਜਿਸ ਵਿੱਚ ਨਾਨਕ ਦੇ ਪੁਜਾਰੀ ਗੋਬਿੰਦ ਦੇ ਸਰਹਿੰਦ ਤੋਂ 12 ਕੋਹ (ਲਗਭਗ 29 ਕਿਲੋਮੀਟਰ) ਇੱਕ ਜਗ੍ਹਾ ਆਉਣ ਦਾ 700 ਸਿਪਾਹੀਆਂ ਦੇ ਤੋਪਖਾਨੇ ਸਮੇਤ ਇੱਕ ਦਸਤੇ ਅਤੇ ਹੋਰ ਸਾਜ਼ ਸਾਮਾਨ ਦੇ ਭੇਜੇ ਜਾਣ ਦਾ, ਉਸ ਦੇ ਪਿੰਡ ਚਮਕੌਰ ਵਿੱਚ ਇੱਕ ਜਿੰਮੀਦਾਰ ਦੀ ਹਵੇਲੀ ਵਿੱਚ ਘੇਰੇ ਜਾਣ ਦੇ ਹਾਰ ਜਾਣ, ਅਤੇ ਉਸ ਦੇ ਦੋ ਪੁਤਰਾਂ ਅਤੇ ਹੋਰ ਸਾਥੀਆਂ ਦੇ ਮਾਰੇ ਜਾਣ ਦਾ, ਅਤੇ ਉਸ ਦੀ ਮਾਤਾ ਅਤੇ ਇੱਕ ਹੋਰ ਪੁਤਰ ਦੇ ਪਕੜੇ ਜਾਣ ਦਾ ਵਰਣਨ ਮਿਲਦਾ ਹੈ"।

# 37ਵੀਆਂ ਜਰਖੜ ਮਾਡਰਨ ਮਿੰਨੀ ਉਲਿੰਪਕ ਖੇਡਾਂ ਦਾ ਰੰਗਾ ਰੰਗ ਹੋਇਆ ਆਗਾਜ਼

**ਲੁਧਿਆਣਾ-** ਰੁਆਇਲ ਇਨਫੀਲਡ, ਕੋਕਾ ਕੋਲਾ, ਏਵਨ ਸਾਈਕਲ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਦਾ ਅੱਜ ਰੰਗਾਰੰਗ ਆਗਾਜ਼ ਹੋਇਆ। ਵੱਖ ਵੱਖ ਕੰਪਨੀਆਂ ਨੇ ਜਰਖੜ ਖੇਡ ਸਟੇਡੀਅਮ ਨੂੰ ਇੱਕ ਨਵ ਵਿਆਹੀ ਦੁਹਲਨ ਵਾਂਗ ਸਜਾਇਆ ਹੋਇਆ ਹੈ। ਬਹੁਤ ਹੀ ਕਾਬਲੇ ਤਰੀਫ ਸੀ।ਅੱਜ ਮਾਡਰਨ ਪੇਂਡੂ ਮਿੰਨੀ ਉਲੰਪਿਕ ਜਰਖੜ ਖੇਡਾਂ ਦਾ ਉਦਘਾਟਨ ਸਰਦਾਰ ਵਿਧਾਇਕ ਜੀਵਨ ਸਿੰਘ ਸੰਗੋਵਾਲ ਹਲਕਾ ਗਿੱਲ, ਅਮਨਦੀਪ ਸਿੰਘ ਮੋਹੀ ਚੇਅਰਮੈਨ ਮਾਰਕਫੈਡ ਨੇ ਕੀਤਾ। ਇਸ ਮੌਕੇ ਉਹਨਾਂ ਨੇ ਵੱਖ-ਵੱਖ ਸਕੂਲਾਂ ਅਤੇ ਖਿਡਾਰੀਆਂ ਦੇ ਮਾਰਚ ਪਾਸਟ ਤੋਂ ਸਲਾਮੀ ਲਈ। ਇਸ ਮੌਕੇ ਉਹਨਾਂ ਨੇ ਖੇਡਾਂ ਸ਼ੁਰੂ ਕਰਨ ਦਾ ਐਲਾਨ ਕੀਤਾ ਅਤੇ ਪਿੰਡ ਜਰਖੜ ਦੇ ਵੱਖ ਵੱਖ ਵਿਕਾਸ ਕੰਮਾਂ ਲਈ ਤੇ ਸਟੇਡੀਅਮ ਦੀ ਉਸਾਰੀ ਲਈ 18 ਲੱਖ ਰੁਪਏ ਦੀ ਗਰਾਂਟ ਦਾ ਚੈਂਕ ਵੀ ਗ੍ਰਾਮ ਪੰਚਾਇਤ ਨੂੰ ਪ੍ਰਦਾਨ ਕੀਤਾ। ਉਹਨਾਂ ਆਖਿਆ ਆਮ ਆਦਮੀ ਪਾਰਟੀ ਦੂਸਰੀਆ ਸਰਕਾਰਾਂ ਵਾਂਗ ਗਰਾਂਟਾਂ ਦੇ ਐਲਾਨ ਨਹੀਂ ਸਗੋਂ ਗਰਾਂਟਾਂ ਪ੍ਰਦਾਨ ਕਰਦੀ ਹੈ ।ਉਹਨਾਂ ਆਖਿਆ ਜਰਖੜ ਖੇਡਾਂ ਦਾ ਪੰਜਾਬ ਦੀਆਂ ਪੇਂਡੂ ਖੇਡਾਂ ਦੇ ਇਤਿਹਾਸ ਵਿੱਚ ਇੱਕ ਵਿਲੱਖਣ ਸਥਾਨ ਹੈ ਅਤੇ ਪੰਜਾਬ ਦੇ ਪੇਡੂ ਖੇਡ ਮੇਲਿਆਂ ਲਈ ਇੱਕ ਰੋਲ ਆਫ ਮਾਡਲ ਹਨ। ਇਸ ਮੌਕੇ ਵੱਖ ਵੱਖ ਸਕੂਲਾਂ ਵੱਲੋਂ ਪੇਸ਼ ਕੀਤਾ ਸੱਭਿਆਚਾਰ ਪ੍ਰੋਗਰਾਮ ਵਿਲੱਖਣ ਸੀ। ਵੱਖ ਵੱਖ ਸਕੂਲਾਂ ਦੇ ਬੱਚਿਆਂ ਨੇ ਪੰਜਾਬੀ ਗੀਤਾਂ ਤੇ ਆਪਣੀ ਕੋਰੀਆਈ ਗਰਾਫੀ ਅਤੇ ਡਰੈਗਨ ਅਕੈਡਮੀ ਲੁਧਿਆਣਾ ਦੇ ਬੱਚਿਆਂ ਨੇ ਆਪਣੀ ਕਲਾਕਾਰੀ ਨਾਲ ਦਰਸ਼ਕਾਂ ਦਾ ਮਨ ਮੋਹਿਆ। ਇਸ ਮੌਕੇ ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਪ੍ਰਧਾਨ ਐਡ-ਵੋਕੇਟ ਹਰਕਮਲ ਸਿੰਘ ਨੇ ਆਏ ਮਹਿਮਾਨਾਂ ਨੂੰ ਜੀ ਆਇਆ ਆਖਿਆ ।ਇਸ ਮੌਕੇ ਹਰਜਿੰਦਰ ਸਿੰਘ ਗਿੱਲ ਡੀਐਸਪੀ ਹਲਕਾ ਗਿੱਲ, ਕੇਵਲ ਸਿੰਘ ਡੀ, ਐਫ, ਐਸ ਓ , ਸਰਬਜੀਤ ਸਿੰਘ ਗਰੀਨ ਵਰਲਡ, ਸਰਪੰਚ ਸੰਦੀਪ ਸਿੰਘ ਜਰਖੜ, ਸਰਪੰਚ ਹਰਨੇਕ ਸਿੰਘ ਸਰਪੰਚ ਸੰਤ ਸਿੰਘ ਸਰੀਹ, ਅਮਨਿਦਰ ਸਿੰਘ ਬੁਲਾਰਾ, ਜਸਵਿੰਦਰ ਸਿੰਘ ਜੱਸੀ, ਦਵਿੰਦਰ ਪਾਲ ਸਿੰਘ ਲਾਡੀ, ਸਾਹਿਬਜੀਤ ਸਿੰਘ ਸਾਬੀ, ਹਰਦੀਪ ਸਿੰਘ ਸੈਣੀ, ਹਰਬੰਸ ਸਿੰਘ ਸੈਣੀ, ਸਿੰਗਾਰਾ ਸਿੰਘ ਜਰਖੜ, ਸੁਖਮੀਤ ਸਿੰਘ ਖੰਨਾ, ਦੁਪਿੰਦਰ ਸਿੰਘ ਡਿੰਪੀ ,ਸਤਵਿੰਦਰ ਸਿੰਘ ਸਰਾਂ ਅਮਰੀਕਾ, ਪਰਮਜੀਤ ਸਿੰਘ ਨੀਟੂ, ਇੰਸਪੈਂਕਟਰ ਬਲਵੀਰ ਸਿੰਘ, ਆਦਿ ਇਲਾਕੇ ਦੀਆਂ ਹੋਰ ਨਾਮੀ ਸ਼ਖਸੀਅਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਮਾਰਚ ਪਾਸਟ ਵਿੱਚ ਹਿੱਸਾ ਲੈਣ ਸਾਰੇ ਸਕੂਲਾਂ ਦੇ ਸਰਵੋਤਮ ਬੱਚਿਆਂ ਨੂੰ ਜਰਖੜ ਅਕੈਡਮੀ ਨੇ ਇੱਕ ਇੱਕ ਸਾਈਕਲ ਦੇਣ ਦਾ ਐਲਾਨ ਕੀਤਾ।



ਅੱਜ ਹਾਕੀ ਸਬ ਜੂਨੀਅਰ ਵਰਗ ਵਿੱਚ ਜਰਖੜ ਅਕੈਡਮੀ ਨੇ ਸੰਗਰੂਰ ਨੂੰ 2-0 ਨਾਲ ਚਚਰਾੜੀ ਨੇ ਕਿਲਾ ਰਾਏਪੁਰ ਹਰਾਕੇ ਅਗਲੇ ਗੇੜ ਵਿੱਚ ਪ੍ਰਵੇਸ਼ ਕੀਤਾ, ਜਦਕਿ ਕੁੜੀਆਂ ਦੇ ਵਰਗ ਵਿੱਚ ਪੀਆਈਐਸ ਬਠਿੰਡਾ ਨੇ ਮੁੰਡੀਆਂ ਕਲਾ ਨੂੰ 3-0 ਨਾਲ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਲੁਧਿਆਣਾ ਕੋਚਿੰਗ ਸੈਂਟਰ ਨੂੰ 4-0 ਨਾਲ ਹਰਾ ਕੇ ਅਗਲੇ ਦੌਰ ਵਿੱਚ ਪ੍ਰਵੇਸ਼ ਕੀਤਾ । ਫੁੱਟਬਾਲ ਮੁੰਡਿਆਂ ਦੇ ਵਰਗ ਵਿੱਚ ਬੁਰਜ ਹਕੀਮਾਂ ਨੇ ਮਹਿਮਾ ਸਿੰਘ ਵਾਲਾ ਨੂੰ, ਪਾਇਲ ਨੇ ਬਟਹਾਰੀ ਨੂੰ, ਗਗੜਾਂ ਨੇ ਭੁੱਟਾ ਨੂੰ, ਗਿੱਲ ਨੇ ਸਿਆੜ ਨੂੰ, ਕਲਿਆਣ ਨੇ ਭੈਣੀਆਂ ਨੂੰ ਹਰਾ ਕੇ ਅਗਲੇ ਗੇੜ ਵਿੱਚ ਪ੍ਰਵੇਸ਼ ਕੀਤਾ।

ਕੁੜੀਆਂ ਦੇ ਵਰਗ ਵਿੱਚ ਰੱਸਾਕਸੀ ਦੇ ਵਿੱਚ ਦਸਮੇਸ਼ ਪਬਲਿਕ ਸਕੂਲ ਕੈਡ ਨੇ ਵਰਲਡ ਮਲੇਨੀਅਮ ਰਣਜੀਤ ਐਵੀਨਿਊ, ਮੁੰਡਿਆਂ ਦੇ ਵਰਗ ਵਿੱਚ ਡੇਹਲੋ ਸਕੂਲ ਨੇ ਮੁੰਡੀਆਂ ਨੂੰ ਹਰਾ ਕੇ ਪਹਿਲਾ ਸਥਾਨ ਹਾਸਿਲ ਕੀਤਾ।ਇਸ ਮੌਕੇ ਡਾਵਰ ਕੰਪਨੀ ਵੱਲੋਂ ਖਿਡਾਰੀਆਂ ਨੂੰ ਵੱਡੇ ਪੱਧਰ ਤੇ ਰਿਫੈਸਮੈਂਟ ਦਿੱਤੀ ਗਈ। ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਭਲਕੇ 8 ਫਰਵਰੀ ਨੂੰ ਕਬੱਡੀ ਇੱਕ ਪਿੰਡ ਓਪਨ , ਵਾਲੀਵਾਲ, ਫੁਟਬਾਲ ਲੜਕੀਆਂ ਅਤੇ ਹਾਕੀ ਦੇ ਮੁਕਾਬਲੇ ਮੁੱਖ ਖਿੱਚ ਦਾ ਕੇਂਦਰ ਹੋਣਗੇ ਜਦਕਿ ਫਾਈਨਲ ਮੁਕਾਬਲੇ 9 ਫਰਵਰੀ ਨੂੰ ਹੋਣਗੇ ਜਿੱਥੇ ਸਮਾਜ ਸੇਵੀ ਅਤੇ ਖੇਡ ਜਗਤ ਨਾਲ ਜੁੜੀਆਂ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਹੋਵੇਗਾ ਉੱਥੇ ਨਾਮੀ ਕਲਾਕਾਰਾਂ ਜੈਜੀ ਬੀ, ਗਿੱਲ ਹਰਦੀਪ, ਨਿਰਮਲ ਸਿੱਧੂ, ਆਦਿ ਦਾ ਦਾ ਖੁੱਲਾ ਅਖਾੜਾ ਦਰਸ਼ਕਾਂ ਲਈ ਖਿੱਚ ਦਾ ਕੇਂਦਰ ਹੋਏਗਾ।

ਕਹਾਣੀ

# ਮਿੱਠੂ ਵਾਪਸ ਆ ਜਾ

ਬਲਵਿੰਦਰ 'ਬਾਲਮ' ਗੁਰਦਾਸਪੁਰ 91-98156-25409



ਗੁਰਦੁਆਰੇ ਸਾਹਿਬ ਅੱਜ ਮਿੱਠੂ ਦਾ ਭੋਗ ਸੀ। ਅੰਤਿਮ ਅਰਦਾਸ ਅਤੇ ਸ਼ਰਧਾਜ਼ਲੀ ਰਸਮ ਸਭ ਰਿਸ਼ਤੇਦਾਰ, ਦੋਸਤ, ਸਨੇਹੀ, ਮੁਹੱਲੇਦਾਰ ਆਦਿ ਸ਼ਾਮਿਲ ਹੋਏ। ਸਰਾਂਧਜ਼ਲੀ ਸਮਾਰੋਹ ਵਿਚ ਧਾਰਮਿਕ ਲੋਕ, ਰਾਜਨੀਤਕ, ਲੇਖਕ-ਪੱਤਰਕਾਰ ਵੀ ਸ਼ਾਮਿਲ ਸਨ।

ਸ਼ਰਧਾਂਜ਼ਲੀ ਰਸਮ ਵਿਚ ਮਿੱਠੂ ਦੇ ਤਾਇਆ ਜੀ ਜੋ ਇਕ ਲੇਖਕ-ਪੱਤਰਕਾਰ ਸਨ, ਨੇ ਬੜੇ ਦੁਖੀ ਹਿਰਦੇ ਨਾਲ ਮਿੱਠੂ ਨੂੰ ਸ਼ਰਧਾਂਜ਼ਲੀ ਅਰਪਿਤ ਕਰਦੇ ਹੋਏ ਰੁਆਂਸੀ ਆਵਾਜ਼ ਵਿਚ ਕਿਹਾ, ਅੱਜ ਅਸੀਂ ਆਪਣੇ ਪਿਆਰੇ ਪੁੱਤਰ, ਵਧੀਆ ਦੋਸਤ ਮਿੱਠੂ ਦੀ ਅੰਤਿਮ ਅਰਦਾਸ ਅਤੇ ਸਰਧਾਂਜ਼ਲੀ ਦੇਣ ਲਈ, ਇਸ ਦੁੱਖ ਦੀ ਘੜੀ ਵਿਚ ਸ਼ਰੀਕ ਹੋਏ ਹਾਂ। ਉਸ ਦੀ ਆਤਮਿਕ ਸ਼ਾਂਤੀ ਦੀਅਰਦਾਸ ਲਈ ਇਕੱਤਰ ਹੋਏ ਹਾਂ। ਮਿੱਠੂ ਮੇਰਾ ਭਤੀਜਾ ਹੀ ਨਹੀਂ ਸੀ ਬਲਕਿ ਅਸੀਂ ਉਸ ਨੂੰ ਪੁੱਤਰਾਂ ਵਾਂਗ ਪਾਲਿਆ ਸੀ। ਉਹ ਇਕ ਵਧੀਆ ਦੋਸਤ ਸੀ, ਇਕ ਸਮਝਦਾਰ ਭੋਲਾਭਾਲਾ ਲੜਕਾ। ਉਹ ਸੰਤ ਸੁਭਾਅ ਦਾ ਮਿਲਾਪੜਾ ਸੱਜਣ ਸੀ। ਪਰਮਾਤਮਾ ਉਸ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ। ਫ਼ਿਰ ਉਹ ਮਨੁੱਖੀ ਜਾਮੇ ਵਿਚ ਹੀ ਇਸ ਧਰਤੀ 'ਤੇ ਪ੍ਰਵੇਸ਼ ਕਰੇ। ਕਈਆਂ ਹੋਰਨਾਂ ਨੇ ਵੀ ਸ਼ਰਧਾਂਜ਼ਲੀਆਂ ਅਰਪਿਤ ਕੀਤੀਆ। ਸਾਰਾ ਮਾਹੌਲ ਦੁੱਖ ਭਰਿਆ ਰੁਆਂਸ ਵਿਚ, ਅਤੇ ਹੰਝੂਆਂ ਵਿਚ ਤੈਰਨ ਲੱਗਾ।

ਮਿੱਠੂ ਦੀ ਕਹਾਣੀ ਵੀ ਬੜੀ ਅਜੀਬ ਹੈ। ਮਿੱਠੂ ਆਪਣੇ ਤਾਏ ਨਾਲ ਘਰ-ਬਾਹਰ ਦੀਆਂ ਸਭ ਗੱਲਾਂ ਕਰ ਲੈਂਦਾ ਸੀ। ਮਿੱਠੂ ਦੀ ਉਮਰ ਲਗਭਗ ਬਾਈ ਸਾਲ ਦੇ ਕਰੀਬ ਸੀ ਪਰ ਉਸ ਦੀ ਸਿਹਤ ਤੋਂ ਲੱਗਦਾ ਸੀ ਉਹ ਮਸਾਂ ਦਸ-ਬਾਰ੍ਹਾਂ ਸਾਲ ਦਾ ਹੋਵੇਗਾ। ਪਤਲਾ ਸ਼ਰੀਰ, ਨਾਜ਼ੁਕ ਪਤੰਗ ਹੱਡੀਆਂ, ਦਰਮਿਆਨਾ ਕੱਦ।

ਮਿੱਠੂ ਜਦੋਂ ਪੈਦਾ ਹੋਣ ਵਾਲਾ ਸੀ ਤਾਂ ਉਸ ਦੀ ਮੰਮੀ ਨੂੰ ਸਤਵੇਂ ਮਹੀਨੇ ਦੇ ਗਰਭ ਵਿਚ ਤਕਲੀਫ਼ ਹੋਈ। ਉਸ ਦੀ ਮੰਮੀ ਨੂੰ ਇਕ ਵੱਡੇ ਹਸਪਤਾਲ ਲਿਜਾਇਆ ਗਿਆ। ਡਾਕਟਰਾਂ ਨੇ ਸਾਰਾ ਮੁਆਇਨਾ ਕਰਨ ਤੋਂ ਬਾਅਦ ਦੱਸਿਆ, ਮਾਂ ਦੇ ਪੇਟ ਵਿਚ ਪਾਣੀ ਭਰ ਗਿਆ ਹੈ। ਸਥਿਤੀ ਖ਼ਤਰਨਾਕ ਹੈ। ਦੋਵਾਂ 'ਚੋਂ ਇਕ ਨੂੰ ਹੀ ਬਚਾਇਆ ਜਾ ਸਕਦਾ ਹੈ। ਬੱਚੇ ਨੂੰ ਬਚਾਇਆ ਜਾ ਸਕਦਾ ਹਾਂ ਜਾਂ ਮਾਂ ਨੂੰ। ਪਰ ਮਿੱਠੂ ਦੇ ਡੈਡੀ ਅਤੇ ਉਸ ਦੇ ਤਾਏ ਨੇ ਤੁਰੰਤ ਫ਼ੈਸਲੇ ਲੈਂਦੇ ਹੋਏ ਕਿਹਾ, ਦੋਵਾਂ ਨੂੰ ਹੀ ਬਚਾਉਣਾ ਹੈ।

ਡਾਕਟਰਾਂ ਨੇ ਕਿਹਾ, "ਅਪਰੇਸ਼ਨ ਅੱਜ ਹੀ ਰਾਤ ਨੂੰ ਕਰਨਾ ਹੋਵੇਗਾ ਕਿਉਂਕਿ ਮਰੀਜ਼ ਦੀ ਸਥਿਤੀ ਨਾਜ਼ੁਕ ਬਣ ਚੁੱਕੀ ਹੈ।" ਡਾਕਟਰਾਂ ਨੇ ਕਿਹਾ, "ਜੇ ਦੋਵਾਂ ਨੂੰ ਬਚਾਉਣਾ ਹੈ ਤਾਂ ਕੁਝ ਘੰਟਿਆਂ ਦੇ ਵਿਚ-ਵਿਚ ਹੀ 20-25 ਖ਼ੂਨ ਦੀਆਂ ਬੋਤਲਾਂ ਦੀ ਜ਼ਰੂਰਤ ਹੋਵੇਗੀ, ਇਸ ਤੋਂ ਜਿਆਦਾ ਵੀ ਪੈ ਸਕਦੀ ਹੈ।"

ਖੈਰ, ਸੋਚ ਵਿਚਾਰ ਤੋਂ ਬਾਅਦ ਫ਼ੈਸਲਾ ਲਿਆ ਗਿਆ ਕਿ ਖ਼ੂਨ ਦਾ ਇੰਤਜ਼ਾਮ ਕਰ ਲਿਆ ਜਾਵੇਗਾ। ਦੋਵਾਂ ਨੂੰ ਹੀ ਬਚਾਇਆ ਜਾਵੇ।

ਉਸ ਸ਼ਹਿਰ ਦੇ ਇਕ ਉਚ ਪੁਲਿਸ ਅਫ਼ਸਰ, ਮਿੱਠੂ ਦੇ ਤਾਏ ਅਤੇ ਡੈਡੀ ਦੇ ਦੋਸਤ ਸਨ। ਉਸ ਉਚ ਅਫ਼ਸਰ ਨੂੰ ਫ਼ੋਨ ਕੀਤਾ ਕਿ 25 ਤੋਂ 30 ਦੇ ਕਰੀਬ ਖ਼ੂਨ ਦੀਆਂ ਬੋਤਲਾਂ ਦੀ ਜ਼ਰੂਰਤ ਹੈ। ਰਾਤ ਦਾ ਸਮਾਂ ਹੈ ਕੀ ਕੀਤਾ ਜਾਵੇ, ਸਾਡੀ ਤੁਰੰਤ ਮਦਦ ਕਰੋ। ਉਸ ਉਚ ਅਫ਼ਸਰ ਨੂੰ ਸਾਰੀ ਸਥਿਤੀ ਤੋਂ ਜਾਣੂ ਕਰਵਾ ਦਿੱਤਾ।

ਉਸ ਉਚ ਅਫ਼ਸਰ ਨੇ ਕਿਹਾ, "ਤੁਸੀਂ ਚਿੰਤਾ ਨਾ ਕਰੋ, ਇੰਤਜ਼ਾਮ ਹੋ ਜਾਵੇਗਾ।" ਉਸ ਪੁਲਿਸ ਅਫ਼ਸਰ ਨੇ ਮਿਲਦੇ ਖ਼ੂਨ ਗਰੁੱਪ ਦੇ 30 ਤੋਂ 35 ਦੇ ਕਰੀਬ ਪੁਲਿਸ ਕਰਮਚਾਰੀ ਗੱਡੀ ਵਿਚ ਭੇਜ ਦਿੱਤੇ। ਡਾਕਟਰ ਹੈਰਾਨ ਸਨ ਕਿ ਏਨੀਂ ਜਲਦੀ ਖ਼ੂਨ ਦਾ ਇੰਤਜ਼ਾਮ ਕਿਵੇਂ ਕਰ ਲਿਆ?

ਕਈ ਘੰਟੇ ਅਪਰੇਸ਼ਨ ਚੱਲਿਆ। ਕਈ ਖ਼ੂਨ ਦੀਆਂ ਬੋਤਲਾਂ ਚੜ੍ਹੀਆਂ ਕਿਉਂਕਿ ਡਾਕਟਰ ਏਧਰੋਂ ਖ਼ੂਨ ਚੜ੍ਹਾਉਂਦੇ ਸਨ ਤੇ ਉਧਰੋਂ ਅਪਰੇਸ਼ਨ ਦੀ ਚੀਰ ਫਾੜ ਦੌਰਾਨ ਖ਼ੂਨ ਬਾਹਰ ਨਿਕਲਦਾ ਜਾਂਦਾ ਸੀ।

ਆਖਿਰ ਅਪਰੇਸ਼ਨ ਦੀ ਸਖ਼ਤ ਜੱਦੋ ਜਹਿਤ ਦੇ ਬਾਅਦ ਦੋਵਾਂ ਨੂੰ ਹੀ ਬਚਾ ਲਿਆ ਗਿਆ। ਮਿੱਠੂ ਇਕ ਬਿੱਲੀ ਦੇ ਬਲੂੰਗੜੇ ਜਿੰਨਾ ਮਾਸ ਦਾ ਲੋਥਾ ਹੀ ਸੀ। ਉਸ ਨੂੰ ਇਨਕੂਬੇਟਰ ਵਿਚ ਰੱਖਿਆ ਗਿਆ। ਕਈ ਮਹੀਨੇ ਉਹ ਇਨਕੂਬੇਟਰ ਵਿਚ ਰਿਹਾ। ਉਸ ਦੇ ਸ਼ਰੀਰ ਦੇ ਕੁਝ ਅੰਗ ਪੂਰੀ ਤਰ੍ਹਾਂ ਵਿਕਸਤ ਨਾ ਹੋਏ। ਡਾਕਟਰਾਂ ਨੇ ਕਿਹਾ ਕਿ ਵੀਹ-ਬਾਈ ਸਾਲ ਦੀ ਉਮਰ ਵਿਚ ਇਸ ਦੇ ਅੰਗ ਵਿਕਸਤ ਹੋ ਸਕਦੇ ਹਨ।

ਸਮਾਂ ਪਾ ਕੇ ਮਿੱਠੂ ਵੱਡਾ ਹੁੰਦਾ ਗਿਆ। ਉਸ ਦੀਆਂ ਹੱਡੀਆਂ ਕਮਜ਼ੋਰ ਸਨ ਅਤੇ ਸ਼ਰੀਰ ਵਿਚ ਚਰਬੀ ਘੱਟ ਹੀ ਬਣਦੀ ਸੀ। ਪੇਸ਼ਾਬ ਸਹੀ ਤਰੀਕੇ ਨਾਲ ਫਿਲਟਰ ਹੋ ਕੇ ਨਹੀਂ ਸੀ ਨਿਕਲਦਾ। ਸ਼ਰੀਰ ਵਿਚ ਥੋੜ੍ਹਾ ਪੇਸ਼ਾਬ ਰਹਿ ਜਾਂਦਾ ਸੀ।

ਅਨੇਕਾਂ ਡਾਕਟਰਾਂ ਤੋਂ ਮਿੱਠੂ ਦਾ ਇਲਾਜ ਕਰਵਾਇਆ ਪਰ ਪੂਰੀ ਤਰ੍ਹਾਂ ਸਫ਼ਲਤਾ ਹੱਥ ਨਾ ਲੱਗਦੀ ਪਰ ਮਿੱਠੂ ਦਿਮਾਗੀ ਤੌਰ 'ਤੇ ਬਿਲਕੁਲ ਠੀਕ ਸੀ। ਪੂਰੀ ਖ਼ੁਰਾਕ ਲੈਂਦਾ ਸੀ ਅਤੇ ਹਰ ਗੱਲ ਸਮਝਦਾ ਸੀ। ਪੂਰਾ ਚੇਤਨ। ਸ਼ਰਾਰਤਾਂ ਵਿਚ ਵੀ ਉਹ ਬੱਚਿਆਂ ਵਾਂਗ ਨਿਪੁੰਨ ਸੀ। ਸਿਹਤ ਕਮਜ਼ੋਰ ਹੋਣ ਕਰਕੇ ਉਸ ਨੂੰ ਆਪਣੇ ਨਿੱਜੀ ਸਕੂਲ ਵਿਚ ਹੀ ਭੇਜਿਆ ਜਾਂਦਾ ਸੀ। ਮਿੱਠੂ ਦੇ ਡੈਡੀ ਦਾ ਆਪਣਾ ਪ੍ਰਾਈਵੇਟ ਸਕੂਲ ਸੀ। ਜਿਸ ਨੂੰ ਉਸ ਦੀ ਮੰਮੀ ਸੰਭਾਲਦੀ ਸੀ। ਮਿੱਠੀ ਆਪਣੀ ਮੰਮੀ ਨਾਲ ਹੀ ਸਕੂਲ ਜਾਂਦਾ ਤੇ ਆਉਂਦਾ ਸੀ। ਉਸ ਨੂੰ ਹੋਰਨਾਂ ਸਕੂਲ ਵਿਚ ਇਸ ਕਰਕੇ ਨਹੀਂ ਸਨ ਪਾਉਂਦੇ ਕਿ ਉਸ ਦੀ ਸਿਹਤ ਬਹੁਤ ਕਮਜ਼ੋਰ ਸੀ ਜਿਸ ਕਰਕੇ ਉਹ ਡਰਦਾ ਸੀ।

ਭਾਵੇਂ ਮਿੱਠੂ ਸ਼ਰੀਰਕ ਤੌਰ 'ਤੇ ਕਮਜ਼ੋਰ ਸੀ ਪਰ ਨਾਨਕੇ-ਦਾਦਕੇ ਉਸ ਨੂੰ ਬਹੁਤ ਪਿਆਰ ਕਰਦੇ। ਉਹ ਹਰਮਨ ਪਿਆਰਾ ਤੇ ਲਾਡਲਾ ਸੀ। ਵੈਸੇ ਵੀ ਕਮਜ਼ੋਰ ਬੱਚਾ ਕੁਝ ਜ਼ਿਆਦਾ ਹੀ ਮੋਹ-ਪਿਆਰ ਭਾਲਦਾ ਹੈ ਅਤੇ ਉਸ ਨੂੰ ਸਭ ਪਿਆਰ ਵੀ ਜਿਆਦਾ ਕਰਦੇ ਹਨ। ਮੁਹੱਲੇ ਵਿਚ ਰਿਸ਼ਤੇਦਾਰੀਆਂ ਵਿਚ ਸਭ ਉਸ ਨੂੰ ਰਜਵਾਂ ਪਿਆਰ ਸਤਿਕਰ ਦਿੰਦੇ।

ਮਿੱਠੂ ਨੇ ਆਪਣੇ ਘਰ ਵਿਚ ਰਹਿੰਦਿਆਂ ਛੋਟੀ ਉਮਰ ਵਿਚ ਹੀ ਕਈ ਵੱਡੇ-ਵੱਡੇ ਦੁੱਖ ਵੇਖੇ ਸੀ, ਝੱਲੇ ਸੀ, ਜਦੋਂ ਉਹ 14 ਤੋਂ 15 ਸਾਲ ਦਾ ਸੀ ਤਾਂ ਉਸ ਦੇ ਡੈਡੀ ਕਿਡਨੀ ਨੇ ਨੁਕਸ ਕਰਕੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ।

ਮਿੱਠੂ ਦੇ ਡੈਡੀ ਨੂੰ ਬਚਾਉਣ ਲਈ ਮਿੱਠੂ ਦੀ ਦਾਦੀ ਮਾਂ ਨੇ ਕਿਡਨੀ ਦਾਨ ਕੀਤੀ ਸੀ ਪਰ ਇਸ ਦੇ ਬਾਵਜੂਦ ਵੀ ਉਹ ਲੰਬੀ ਅਤੇ ਖ਼ਰਚੀਲੀ ਬਿਮਾਰੀ ਨਾਲ ਜੂਝਦੇ ਹੋਏ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ।

ਉਸ ਦੇ ਦਾਦਾ ਵੀ ਲੰਬੀ ਬਿਮਾਰੀ ਤੋਂ ਬਾਅਦ ਸੰਸਾਰ ਤੋਂ ਰੁਖ਼ਸਤ ਹੋ ਗਏ। ਉਸ ਦੀ ਵੱਡੀ ਭੈਣ ਜੋ ਕੁਝ ਮਹੀਨਿਆਂ ਤੋਂ ਵਿਆਹੀ ਸੀ ਇਕ ਬਿਮਾਰੀ ਨਾਲ ਝੂਜਦੇ ਹੋਏ ਇਸ ਸੰਸਾਰ ਤੋਂ ਚਲੀ ਗਈ।

ਮਿੱਠੂ ਦਾ ਸਾਰਾ ਪਰਿਵਾਰ ਦੁੱਖਾਂ ਦੀ ਹਨੇਰੀ ਵਿਚ ਘਿਰ ਗਿਆ। ਮਿੱਠੂ ਦੀ ਮੰਮੀ ਅਤੇ ਉਸ ਦਾ ਵੱਡਾ ਵੀਰ ਵੀ ਪਿੱਛੇ ਰਹਿ ਗਏ।

ਮਿੱਠੂ ਨੂੰ ਆਪਣੇ ਡੈਡੀ ਦੀ ਯਾਦ ਬਹੁਤ ਸਤਾਉਂਦੀ। ਉਹ ਇਕੱਲਾ ਬੈਠਾ ਹੀ ਰੋਂਦਾ ਰਹਿੰਦਾ। ਮਿੱਠੂ ਨੂੰ ਆਪਣੇ ਡੈਡੀ ਨਾਲ ਅੰਤਾਂ ਦਾ ਮੋਹ ਸੀ। ਰੱਬ ਵਰਗਾ ਮੋਹ ਸੀ। ਉਸ ਦੇ ਡੈਡੀ ਵੀ ਉਸ ਤੋਂ ਬਿਨਾਂ ਨਹੀਂ ਸਨ ਰਹਿ ਸਕਦੇ।

ਡੈਡੀ ਦਾ ਸਹਾਰਾ ਟੁੱਟਣ ਨਾਲ ਮਿੱਠੂ ਉਦਾਸੀਨਤਾ ਦੇ ਖੂਹ ਵਿਚ ਧਕੇਲਿਆ ਗਿਆ। ਇਸ 'ਚੋਂ ਨਿਕਲਣਾ ਉਸ ਦੇ ਵੱਸ ਦਾ ਰੋਗ ਨਹੀਂ ਸੀ।

ਮਿੱਠੂ ਆਪਣੇ ਤਾਏ ਨੂੰ ਪਾਪਾ ਕਹਿ ਕੇ ਬੁਲਾਉਂਦਾ ਸੀ। ਮਿੱਠੂ ਅਕਸਰ ਆਪਣੇ ਤਾਏ ਨੂੰ ਦੁਖੀ ਹੋ ਕੇ, ਤੜਪ ਕੇ, ਅੱਖਾਂ ਵਿਚ ਵੱਡੇ-ਵੱਡੇ ਤੁਬਕੇਦਾਰ ਗਲੇਡੂ ਭਰ ਕੇ ਬੁਸਕਦੇ ਹੋਏ ਕਹਿੰਦਾ, "ਪਾਪਾ (ਤਾਇਆ) ਜੀ, ਮੇਰੇ ਡੈਡੀ ਕਿੱਥੇ ਚਲੇ ਗਏ ਹਨ? ਕੀ ਹੁਣ ਉਹ ਵਾਪਸ ਨਈਂ ਆਉਣਗੇ? ਪਾਪਾ, ਮੇਰੇ ਡੈਡੀ ਨੂੰ ਕਿੰਨੇ ਮਾਰਿਆ ਏ? ਮੰਮੀ ਜੀ ਕਹਿੰਦੇ ਸਨ, ਤੇਰੇ ਡੈਡੀ ਰੱਬ ਕੋਲ ਚਲੇ ਗਏ ਹਨ।

ਮੇਰੇ ਡੈਡੀ ਨੂੰ ਰੱਬ ਨੇ ਮਾਰਿਆ ਏ? ਪਾਪਾ ਮੈਨੂੰ ਕਿਤੇ ਜੇ ਰੱਬ ਮਿਲ ਜਾਏ ਨਾ ਮੈਂ ਉਸ ਨੂੰ ਜਾਨ ਤੋਂ ਮਾਰ ਦਿਆਂਗਾ, ਉਸ ਦੇ ਟੋਟੇ-ਟੋਟੇ ਕਰ ਦਵਾਂਗਾ। ਉਸ ਨੇ ਮੇਰੇ ਡੈਡੀ ਨੂੰ ਮਾਰਿਆ ਏ। ਰੱਬ ਕਿੱਡਾ ਭੈੜਾ ਏ ਪਾਪਾ। ਪਾਪਾ ਜੀ ਮੈਨੂੰ ਡੈਡੀ ਕੋਲ ਲੈ ਚੱਲੋ। ਮੇਰਾ ਦਿਲ ਨਈਂ ਲੱਗਦਾ, ਡੈਡੀ ਤੋਂ ਬਗੈਰ। ਮੈਨੂੰ ਰਾਤ ਨੀਂਦ ਨਈ ਆਉਂਦੀ। ਹੁਣ ਮੈਂ ਕਿਹਦੇ ਨਾਲ ਸੌਂਵਾਂਗਾ? ਡੈਡੀ ਮੈਨੂੰ ਬਹੁਤ ਪਿਆਰ ਕਰਦੇ ਸੀ ਪਾਪਾ। ਪਾਪਾ, ਤੁਸੀਂ ਮੇਰੇ ਡੈਡੀ ਨੂੰ ਨਈਂ ਲਿਆ ਸਕਦੇ। ਮੇਰੇ ਡੈਡੀ ਕਿਵੇਂ ਆ ਸਕਦੇ ਨੇ?

ਉਹ ਇਸ ਤਰ੍ਹਾਂ ਦੇ ਅਨੇਕਾਂ ਹੀ ਦਿਲ ਕੰਬਾਊ ਸਵਾਲ ਜਦ ਆਪਣੇ ਤਾਏ ਨਾਲ ਕਰਦਾ ਤਾਂ ਉਸ ਦਾ ਤਾਇਆ ਅੰਦਰੋਂ-ਅੰਦਰੀਂ ਹੁਬਕਾਂ ਮਾਰ-ਮਾਰ ਕੇ ਰੋਂਦਾ ਪਰ ਹੰਝੂ ਬਾਹਰ ਨਾ ਆਉਣ ਦਿੰਦਾ ਅਤੇ ਮਿੱਠੂ ਦੀਆਂ ਗੱਲਾਂ ਦੇ ਝੂਠੇ ਮੂਠੇ ਜਵਾਬ ਦਿੰਦਾ ਰਹਿੰਦਾ ਉਸ ਦੀ ਤਸੱਲੀ ਲਈ, ਉਸ ਦਾ ਦਿਲ ਬੰਨਣ ਲਈ।

ਮਿੱਠੂ ਉਦਾਸ ਰਹਿਣ ਲੱਗ ਪਿਆ। ਉਸ ਦਾ ਦਿਲ ਕਿਤੇ ਨਾ ਲੱਗਦਾ। ਉਹ ਕਦੀ ਦਾਦਕੇ ਅਤੇ ਕਦੀ ਨਾਨਕੇ ਪਿੰਡ ਚੱਲਿਆ ਜਾਂਦਾ ਪਰ ਜਲਦੀ ਹੀ ਵਾਪਸ ਆ ਜਾਂਦਾ। ਉਸ ਦੇ ਤਾਏ ਦਾ ਘਰ ਦੋ ਗਲੀਆਂ ਛੱਡ ਕੇ ਨਾਲ ਹੀ ਸੀ। ਉਹ ਜਦੋਂ ਵੀ ਜ਼ਿਆਦਾ ਉਦਾਸ ਹੁੰਦਾ ਆਪਣੇ ਤਾਏ ਕੋਲ ਆ ਜਾਂਦਾ। ਆਪਣੇ ਡੈਡੀ ਦੀਆਂ ਗੱਲਾਂ ਕਰਦਾ ਰਹਿੰਦਾ।

ਸਮਾਂ ਬੀਤਦਾ ਗਿਆ। ਕੁਝ ਯਾਦਾਂ ਧੁੰਦਲੀਆਂ ਹੁੰਦੀਆਂ ਗਈਆਂ ਪਰ ਮੁਕੰਮਲ ਤੌਰ 'ਤੇ ਜੀਵਤ। ਮਰਿਆਂ ਨਾਲ ਮਰਿਆਂ ਨਹੀਂ ਜਾ ਸਕਦਾ ਕੁਦਰਤ ਦਾ ਅਟੱਲ ਨਿਯਮ ਹੈ। ਪਰ ਜੀਉਂਦਿਆਂ ਦੇ ਰਾਹ ਨਹੀਂ ਮੁੱਕਦੇ। ਸਮਾਂ ਭਵਿੱਖ ਵਿਚ ਆਪਣੇ ਹਾਣ ਦਾ ਬਣਾ ਹੀ ਲੈਂਦਾ।

ਹੁਣ ਮਿੱਠੂ ਕੁਝ ਜਵਾਨ ਹੋ ਗਿਆ ਸੀ। ਉਹ ਘਰੋਂ ਬਣ ਠਣ ਕੇ ਬਾਹਰ ਨਿਕੋਲਦਾ ਤਾਂ ਉਸ ਦੀ ਬੜੀ ਟੋਹਰ ਹੁੰਦੀ। ਕਾਲਾ ਕੁਰਤਾ ਪਜ਼ਾਮਾ, ਕਾਲੀ ਐਨਕ, ਪੰਜਾਬੀ ਤਿੱਲੇਦਾਰ ਜੁੱਤੀ, ਵਾਲਾਂ ਦਾ ਰੋਮਾਂਟਿਕ ਸਟਾਈਲ ਤੇ ਹੱਕ ਵਿਚ ਕੰਘੀ ਫੜ੍ਹਕੇ ਜਦ ਉਹ ਵਾਲਾਂ ਵਿਚ ਟੇਢੇ ਅੰਦਾਜ਼ ਵਿਚ ਫੇਰਦਾ ਤਾਂ ਲੋਕ ਉਸ ਵੱਲ ਵੇਖ-ਵੇਖ ਹੱਸਦੇ। ਵਾਲ ਵਾਹੁੰਦਾ ਜਾਂਦਾ ਅਤੇ ਕਈ ਮਸ਼ਹੂਰ ਗੀਤ ਗੁਣਗੁਣਾਉਂਦਾ ਜਾਂਦਾ। ਉਹ ਸਾਰਾ ਦਿਨ ਖੇਡਣ ਮੱਲਣ ਵਿਚ ਹੀ ਗੁਜ਼ਾਰਦਾ। ਉਸ ਨੂੰ ਰਸਤੇ ਵਿਚ ਕਈ ਹਮ ਉਮਰ ਦੋਸਤ ਮਿਲ ਜਾਂਦੇ।

ਸਕੂਲ ਵਿਚ ਮਰਜ਼ੀ ਨਾਲ ਹੀ ਜਾਂਦਾ ਸੀ। ਜੇ ਕੋਈ ਉਸ ਨੂੰ ਪੁੱਛਦਾ, "ਮਿੱਠੂ, ਤੂੰ ਅਜਕਲ ਕੀ ਕਰਦਾ ਏ?" ਤੇ ਉਹ ਅੱਗੋਂ ਵਖਰੇ ਅੰਦਾਜ਼ ਵਿਚ ਕਹਿੰਦਾ, "ਮੈਂ ਸਕੂਲ ਦਾ ਪ੍ਰਿੰਸੀਪਲ ਹਾਂ।" ਕਿਉਂਕਿ ਉਨ੍ਹਾਂ ਦਾ ਨਿੰਜੀ ਪ੍ਰਾਈਵੇਟ ਸਕੂਲ ਜੂ ਸੀ। ਸਾਰਾ ਸਕੂਲ ਉਸ ਤੋਂ ਡਰਦਾ ਸੀ। ਬੱਚੇ ਕੀ ਅਤੇ ਅਧਿਆਪਕ ਕੀ? ਕਿਉਂਕਿ ਉਹ ਸ਼ਰੀਰ ਦਾ ਪਤਲਾ ਦੁਬਲਾ ਅਤੇ ਕਮਜ਼ੋਰ ਜੂ ਸੀ। ਜ਼ਰਾ ਜਿਹਾ ਵੀ ਡਿੱਗ ਜਾਂਦਾ ਹੱਡੀ ਟੁੱਟਣ ਦਾ ਖਤਰਾ ਬਣ ਜਾਂਦਾ। ਉਹ ਭੰਗੜਾ ਬਹੁਤ ਕਮਾਲ ਦਾ ਪਾਉਂਦਾ ਸੀ। ਭੰਗੜੇ ਦੇ ਕਈ ਮਨਮੋਹਨ ਹਾਸੋਹੀਣੇਂ ਐਕਸ਼ਨ ਉਸ ਨੂੰ ਖ਼ੂਬ ਆਉਂਦੇ ਸੀ। ਜਦੋਂ ਉਹ ਪੰਜਾਬੀ ਗੀਤ ਲਗਾ ਕੇ ਟੇਢੇ-ਮੇਢੇ ਅੰਦਾਜ਼ ਵਿਚ ਭੰਗੜਾ ਪਾਉਂਦਾ ਤਾਂ ਨੇਰ੍ਹੀਆਂ ਲਿਆ ਦਿੰਦਾ।

ਉਸ ਵਿਚ ਅੱਲ੍ਹੜ ਉਮਰ ਦੇ ਸਾਰੇ ਤੱਤ ਉਭਰ ਆਏ ਜੋ ਇਕ ਜਵਾਨ ਗੱਭਰੂ। ਪਹਿਨਣ ਦਾ ਸ਼ੌਂਕ, ਸਜਣ-ਬਣਨ ਦਾ ਸੌਂਕ, ਬੋਲਚਾਲ ਦੇ ਅੰਦਾਜ਼ ਦਾ ਸਲੀਕਾ, ਰੀਝ, ਕੰਨ ਅੱਖੀਆਂ ਦੇ ਇਸ਼ਾਰੇ ਨਾਲ ਅੱਖ ਦੱਬ ਕੇ ਗੱਲ ਕਰਨਾ। ਉਸ ਵਿਚ ਜਵਾਨੀ ਵਾਲੇ ਸਾਰੇ ਰੁਮਾਂਟਿਕ ਤੱਤ ਉਤਪੰਨ ਹੋ ਚੁੱਕੇ ਸਨ। ਰੀਝਾਂ, ਉਮੰਗਾਂ, ਚਾਅ, ਮਲਾਲ ਉਤਪੰਨ ਹੋ ਕੇ ਸੁਨਹਿਰੀ ਭਵਿੱਖ ਦੀ ਤਲਾਸ਼ ਵਿਚ ਸਨ। ਜੋ ਜਵਾਨੀ ਦਾ ਨਿਯਮ ਹੈ।

ਮਿੱਠੂ ਦੀਆ ਲੱਤਾਂ ਥੋੜ੍ਹੀਆਂ ਟੇਢੀਆਂ ਸਨ। ਡਾਕਟਰਾਂ ਨੇ ਕਿਹਾ ਸੀ ਕਿ ਅਪਰੇਸ਼ਨ ਤੋਂ ਬਾਅਦ ਠੀਕ ਹੋ ਜਾਣਗੀਆਂ। ਮਿੱਠੂ ਤਾਂ ਇਸ ਤਾਕ ਵਿਚ ਸੀ ਕਿ ਜਦੋਂ ਉਸ ਦੀਆਂ ਲੱਤਾਂ ਠੀਕ ਹੋ ਜਾਣਗੀਆਂ ਤੇ ਉਹ ਲੰਡੀ ਜੀਪ ਅਤੇ ਪਿਸਤੌਲ ਲਵੇਗਾ।

ਉਸ ਦੇ ਦਾਦਕੇ-ਨਾਨਕੇ ਉਸ ਨੂੰ ਮਾਖੌਲ ਕਰਦੇ ਰਹਿੰਦੇ, "ਵੇ ਲੌਠਿਆ, ਕਿਨ੍ਹਾਂ ਨੂੰ ਫੋਨ ਕਰਦਾ ਰਹਿਣਾ ਏ? ਕੋਈ ਚੰਨ ਨਾ ਚੜ੍ਹਾ ਕੇ ਆਵੀਂ।"

ਮਿੱਠੂ ਅੱਗੇ ਆਪਣੀ ਦਾਦੀ ਨੂੰ ਕਹਿੰਦਾ, "ਜਾ ਮਾਈਏ ਜਿਹੀਏ ਚੁੱਪ ਕਰ ਜਾ, ਕਿਨੂੰ ਫੋਨ ਕਰਦਾ ਪਿਆ ਸੀ, ਐਵੇਂ ਸ਼ੱਕ ਕਰਦੀ ਰਹਿੰਦੀ ਏ। ਚੁੱਪ ਕਰ ਜਾ ਮਾਈਏ।"

ਮਿੱਠੂ ਸਾਲ ਬਾਅਦ ਨਵਾਂ ਮੋਬਾਇਲ ਲੈ ਲੈਂਦਾ। ਉਹ ਲੈਪਟਾਪ ਚਲਾਉਣ ਦਾ ਬੜਾ ਸ਼ੌਂਕੀਨ ਸੀ।

ਭਾਵੇਂ ਉਸ ਨੂੰ ਭਾਸ਼ਾ ਪੜ੍ਹਣੀ ਘੱਟ ਹੀ ਆਉਂਦੀ ਸੀ ਪਰ ਕੰਪਿਊਟਰ ਚਿੰਨ੍ਹਾਂ ਦੀ ਮਦਦ ਨਾਲ ਮੋਬਾਇਲ ਅਤੇ ਲੈਪਟਾਪ ਚਲਾ ਲੈਂਦਾ ਸੀ।

ਕੁਝ ਸਾਲਾਂ ਬਾਅਦ ਮਿੱਠੂ ਦੇ ਵੱਡੇ ਭਰਾ ਦੀ ਸ਼ਾਦੀ ਕਰ ਦਿੱਤੀ ਗਈ ਤਾਂ ਜੋ ਘਰ ਵਿਚ ਕੋਈ ਖ਼ੁਸ਼ੀ ਦਾ ਮਾਹੌਲ ਤਾਂ ਬਣ ਜਾਏ। ਦੁੱਖ ਮੁਸੀਬਤਾਂ ਅਤੇ ਦੁਖਦ ਘਟਨਾਵਾਂ ਆਦਮੀ ਨੂੰ ਘੁਣ ਲਗਾ ਦਿੰਦੀਆਂ ਹਨ।

ਮਿੱਠੂ ਦੀ ਭਾਬੀ ਖ਼ੂਬਸੂਰਤ, ਪੜੀ ਲਿੱਖ ਅਤੇ ਆਪਣੇ ਮਾਂ ਬਾਪ ਦੀ ਇਕਲੌਤੀ ਲੜਕੀ ਸੀ। ਸਮਝਦਾਰ ਅਤੇ ਮਿਲਣਸਾਰ ਅਤੇ ਮਿੱਠ ਬੋਲੜੇ ਸੁਭਾਅ ਦੀ। ਚੰਗੇ ਸੰਸਕਾਰ ਲੈ ਕੇ ਆਈ ਸੀ। ਸਿਆਣਪ ਦੀ ਗੁੱਥਲੀ। ਉਸ ਨੇ ਬੀ.ਐਸ.ਸੀ. ਨਰਸਿੰਗ ਕੀਤੀ ਹੋਈ ਸੀ। ਹੁਣ ਘਰ ਵਿਚ ਸੁਖਦ ਮਾਹੌਲ ਬਣਨ ਲੱਗ ਪਿਆ।

ਇਕ ਦਿਨ ਮਿੱਠੂ ਨੇ ਆਪਣੇ ਵੱਡੇ ਵੀਰ ਨੂੰ ਕਿਹਾ, "ਮੈਂ ਕੁੱਤਾ ਰੱਖਣਾ ਹੈ। ਬੜੀ ਜ਼ਿੱਦ ਦੇ ਬਾਅਦ ਇਕ ਕਾਲੇ ਰੰਗ ਦਾ ਕਤੂਰਾ (ਬੱਚਾ) ਉਸ ਨੂੰ ਲਿਆ ਕੇ ਦੇ ਦਿੱਤਾ। ਮਿੱਠੂ ਨੇ ਉਸ ਕੁੱਤੇ ਨੂੰ ਰੀਝਾਂ ਚਾਵ੍ਹਾਂ ਨਾਲ ਪਾਲਿਆ। ਹਰ ਵੇਲੇ ਕੁੱਤੇ ਦਾ ਖਿਆਲ। ਇਹ ਉਸਨੇ ਆਪਣੀ ਭੈਣ ਦੀ ਸ਼ਾਦੀ ਤੋਂ ਪਹਿਲਾਂ ਲਿਆ ਸੀ। ਉਸਦੀ ਭੈਣ ਇਸ ਕੁੱਤੇ ਤੋਂ ਬਹੁਤ ਡਰਦੀ ਸੀ।

ਮਿੱਠੂ ਨੂੰ ਘਰ ਦੇ ਸਾਰਿਆਂ ਜੀਆਂ ਨੇ ਕਿਹਾ ਸੀ ਕਿ ਮਿੱਠੂ ਤੂੰ ਕੁੱਤਾ ਨਾ ਰੱਖ। ਪਰ ਮਿੱਠੂ ਨੇ ਜ਼ਿੱਦ ਕਰਕੇ, ਬਾਜ਼ਿੱਦ ਹੋ ਕੇ ਕੁੱਤਾ ਲੈ ਕੇ ਹੀ ਛੱਡਿਆ।

ਕਾਲੇ ਰੰਗ ਦਾ ਕੁੱਤਾ ਭੁੱਚੜ ਹੋ ਗਿਆ ਸੀ। ਮਿੱਠੂ ਅੱਠੇ ਪਹਿਰ ਕੁੱਤੇ ਨਾਲ ਖੇਡਦਾ ਰਹਿੰਦਾ। ਹਰ ਇਕ ਨਾਲ ਕੁੱਤੇ ਦੀਆਂ ਗੱਲਾਂ ਕਰਦਾ ਰਹਿੰਦਾ। ਆਪਣੇ ਤਾਏ ਨਾਲ ਕੁੱਤੇ ਦੀਆਂ ਸ਼ਰਾਰਤਾਂ, ਹਰਕਤਾਂ, ਖ਼ਾਣ-ਪੀਣ ਆਦਿ ਦੀਆਂ ਗੱਲਾਂ ਕਰਦਾ ਰਹਿੰਦਾ। ਕੁੱਤਾ ਹੁਣ ਭਰ ਜਵਾਨ ਵੱਡਾ ਹੋ ਗਿਆ ਸੀ। ਕੁੱਤੇ ਨੂੰ ਬਾਹਰ ਲਿਜਾਣ ਵਾਸਤੇ ਇਕ ਬੰਦੇ ਦੀ ਜ਼ਰੂਰਤ ਹੁੰਦੀ।

ਇਕ ਦਿਨ ਮਿੱਠੂ ਤੜਕ ਸਵੇਰੇ ਉਠਿਆ ਅਤੇ ਦੰਦ ਬੁਰਸ਼ ਕਰਦਾ ਹੋਇਆ, ਬਾਥਰੂਮ ਵਿਚ ਜਾਣ ਲਈ ਘਰ ਦੇ ਕਮਰੇ ਦੇ ਦਰਵਾਜ਼ੇ ਤੋਂ ਬਾਹਰ ਨਿਕਲਣ ਲੱਗਾ ਤਾਂ ਅੱਗੇ ਦਹਿਲੀਜ਼ ਵਿਚ ਕੁੱਤਾ ਸੁੱਤਾ ਹੋਇਆ ਸੀ। ਉਸਦਾ ਪੈਰ ਸੁੱਤੇ ਹੋਏ ਕੁੱਤੇ ਉਪਰ ਸਹਿਬਨ ਅਤੇ ਅਣਦੇਖੀ ਵਿਚ ਪੈ ਗਿਆ। ਕੁੱਤਾ ਚੀਕਦਾ ਹੋਇਆ ਅੱਬੜਵਾਹੇ ਮਿੱਠੂ ਨੂੰ ਪੈ ਗਿਆ ਅਤੇ ਮਿੱਠੂ ਬੁੜਕਦਾ ਹੋਇਆ ਹੇਠਾਂ ਜਾ ਡਿੱਗਾ। ਮਿੱਠੂ ਦੀਆਂ ਚੀਕਾਂ ਨਿਕਲ ਗਈਆਂ ਅਤੇ ਡਿੱਗਦੇ ਸਾਰੇ ਹੀ ਉਸ ਦੀ ਸੱਜੀ ਲੱਤ ਟੁੱਟ ਗਈ। ਉਸ ਦੀਆਂ ਚੀਕਾਂ ਸੁਣ ਕੇ ਉਸ ਦੀ ਮੰਮੀ, ਭਰਾ ਅਤੇ ਭਾਬੀ ਬਾਹਰ ਦੌੜੇ। ਮਿੱਠੂ ਥੱਲੇ ਡਿੱਗਾ ਚੀਕਾਂ ਮਾਰ ਰਿਹਾ ਸੀ। ਉਸ ਦੀ ਟੁੱਟੀ ਲੱਤ ਵੇਖ ਕੇ ਜਲਦੀ ਜਲਦੀ ਉਸ ਦਾ ਭਰਾ ਅਤੇ ਭਾਬੀ ਨੇ ਕਾਰ ਵਿਚ ਪਾਇਆ ਅਤੇ ਹਸਪਤਾਲ ਲੈ ਗਏ। ਉਸ ਦੇ ਤਾਏ ਨੂੰ ਵੀ ਫੋਨ ਕਰ ਦਿੱਤਾ ਗਿਆ। ਜੋ ਮੌਕੇ 'ਤੇ ਹਸਪਤਾਲ ਪਹੁੰਚ ਗਏ।

ਮਿੱਠੂ ਦੀ ਲੱਤ ਦੇ ਐਕਸਰੇ ਹੋਏ ਅਤੇ ਉਸ ਦੀ ਲੱਤ ਉਪਰ ਜ਼ਰੂਰਤ ਮੁਤਾਬਿਕ ਪਲੱਸਤਰ ਚੜ੍ਹਾ ਦਿੱਤਾ ਗਿਆ। ਦਵਾਈਆਂ ਦੇ ਦਿੱਤੀਆਂ ਗਈਆਂ। ਡਾਕਟਰ ਲੇ ਕਿਹਾ, "ਘਬਰਾਉਣ ਦੀ ਕੋਈ ਲੋੜ ਨਹੀਂ ਜਲਦੀ ਠੀਕ ਹੋ ਜਾਏਗਾ। ਹੱਡੀ ਟੁੱਟੀ ਜ਼ਰੂਰ ਏ ਪਰ ਲਮਕੀ ਨਹੀਂ ਏ।"

ਕੁਝ ਘੰਟਿਆਂ ਦੇ ਬਾਅਦ ਮਿੱਠੂ ਨੂੰ ਘਰ ਲੈ ਆਏ। ਪਲੱਸਤਰ ਤਾਂ ਕਈਆਂ ਦਿਨਾਂ ਬਾਅਦ ਖੁੱਲ੍ਹਣਾ ਸੀ। ਦਵਾਈ ਅਤੇ ਹੋਰ ਇਲਾਜ ਚੱਲਦਾ ਰਿਹਾ।

ਜਦੋਂ ਮਿੱਠੂ ਹਸਪਤਾਲ ਵਿਚ ਸੀ ਤਾਂ ਉਸ ਸਮੇਂ ਉਸਨੇ ਆਪਣੇ ਡੈਡੀ ਨੂੰ ਬਹੁਤ ਯਾਦ ਕੀਤਾ ਅਤੇ ਦਵਾਈਆਂ ਦੇ ਨਸ਼ੇ ਦੀ ਹਾਲਤ ਵਿਚ ਬੋਲ-ਬੋਲ ਕੇ ਕਹਿੰਦਾ, "ਡੈਡੀ ਜੀ, ਆ ਜਾ , ਡੈਡੀ ਜੀ ਕਿੱਥੇ ਹੋ, ਮੇਰੇ ਦਰਦ ਬੜੀ ਹੁੰਦੀ ਪਈ ਏ। ਡੈਡੀ ਜੀ ਜਲਦੀ ਆ ਜਾਓ। ਜਲਦੀ ਆ ਜਾਓ ਮੇਰੇ ਦਰਦ ਹੁੰਦੀ ਏ।"

ਡੈਡੀ ਦਾ ਨਾਂਅ ਲੈ-ਲੈ ਕੇ ਬੁਸਕ-ਬੁਸਕ ਕੇ ਰੋਂਦਾ ਹੋਇਆ ਚੀਂਕਾ ਮਾਰਦਾ। ਉਸ ਸਮੇਂ ਹਸਪਤਾਲ ਵਿਚ ਉਸ ਦੇ ਕੋਲ ਉਸ ਦਾ ਭਰਾ, ਭਾਬੀ ਅਤੇ ਤਾਇਆ ਹੀ ਸਨ। ਜੋ ਉਸ ਦੀਆਂ ਲਿਲਕੜੀਆਂ ਸੁਣ ਦੇ ਅੰਦਰੋਂ-ਅੰਦਰੀ ਰੋ ਪੈਂਦੇ।

ਮਿੱਠੂ ਆਪਣੇ ਘਰ ਇਕ ਕਮਰੇ ਵਿਚ ਬਿਸਤਰ ਉਪਰ ਲੇਟਿਆ ਰਹਿੰਦਾ, ਡਾਕਟਰ ਦੀਆਂ ਹਦਾਇਤਾਂ ਮੁਤਾਬਿਕ ਇਲਾਜ ਅਤੇ ਦੇਖਭਾਲ ਹੁੰਦੀ ਰਹਿੰਦੀ। ਉਹ ਇਕਰਾਤ ਟੀਕਿਆਂ ਦੇ ਨਸ਼ੇ ਵਿਚ ਕਈ ਗੱਲਾਂ ਕਰਦਾ ਰਿਹਾ।

ਤੜਕ ਸਵੇਰੇ ਲਗਭਗ ਚਾਰ ਵਜੇ ਦੇ ਕਰੀਬ ਮਿੱਠੂ ਦਾ ਬੋਲਣਾ ਇਕਦਮ ਬੰਦ ਹੋ ਗਿਆ। ਉਸ ਦੀ ਮੰਮੀ ਉਸ ਦੇ ਨਜ਼ਦੀਕ ਹੀ ਜਾਗ ਰਹੀ ਸੀ। ਤੁਰੰਤ ਮਿੱਠੂ ਦੇ ਭਰਾ ਅਤੇ ਭਾਬੀ ਉਸ ਨੂੰ ਗੱਡੀ ਵਿਚ ਪਾ ਕੇ ਹਸਪਤਾਲ ਲੈ ਗਏ। ਉਸਦਾ ਤਾਇਆ ਅਤੇ ਹੋਰ ਵਿਅਕਤੀ ਵੀ ਉਥੇ ਪਹੁੰਚ ਗਏ।

ਡਾਕਟਰਾਂ ਨੇ ਜਲਦੀ-ਜਲਦੀ ਗੁਲੂਕੋਜ਼ ਅਤੇ ਦਵਾਈਆਂ ਦੇ ਦਿੱਤੀਆਂ। ਮਿੱਠੂ ਦਾ ਬਲੱਡ ਪ੍ਰੈਸਰ ਜ਼ਰੂਰਤ ਤੋਂ ਵੀ ਜ਼ਿਆਦਾ ਹੇਠਾਂ ਚਲਾ ਗਿਆ। ਵੇਖਦੇ-ਵੇਖਦੇ ਹੀ ਰੇਤ ਵਾਂਗੂ ਹੱਥਾਂ 'ਚੋਂ ਕਿਰ ਗਿਆ।

ਸਭਨਾਂ ਦਾ ਰੋ-ਰੋ ਕੇ ਬੁਰਾ ਹਾਲ ਹੋ ਗਿਆ। ਪਲ ਛਿਣ ਵਿਚ ਹੀ ਮਿੱਠੂ ਦਾ ਚਲਿਆ ਜਾਣਾ ਅਤਿਅੰਤ ਦੁਖਦ ਘਟਨਾ ਹੋ ਗਈ। ਉਸਦੀ ਮੰਮੀ, ਭਰਾ, ਭਾਬੀ ਦਾ ਬਹੁਤ ਬੁਰਾ ਹਾਲ ਹੋ ਗਿਆ। ਜਿਵੇਂ ਉਹ ਪੱਥਰ ਹੀ ਹੋ ਗਏ ਹੋਣ।

ਰਿਸ਼ਤੇਦਾਰਾਂ ਵਿਚ, ਮੁਹੱਲੇ ਵਿਚ ਤ੍ਰਾਹੀ-ਤ੍ਰਾਹੀ ਮੱਚ ਗਈ। ਸਭਨਾਂ ਦੇ ਦਿਲਾਂ ਵਿਚ ਗਹਿਰਾ ਦੁੱਖ ਖੰਜ਼ਰ ਦੀ ਤਰ੍ਹਾਂ ਖੁਭਦਾ ਜਾ ਰਿਹਾ ਸੀ।

ਮਿੱਠੂ ਦੀ ਮੌਤ ਦਾ ਕਾਰਨ ਉਸ ਦਾ ਕੁੱਤਾ ਹੀ ਬਣ ਗਿਆ। ਉਸ ਕੁੱਤੇ ਨੂੰ ਕਤੂਰੇ ਤੋਂ ਪਾਲਿਆ, ਵੱਡਾ ਕੀਤਾ, ਤੇ ਉਹ ਹੀ ਮਿੱਠੂ ਦੀ ਮੌਤ ਦਾ ਕਾਰਨ ਬਣ ਗਿਆ।

ਉਸ ਦੇ ਭਰਾ ਨੇ ਉਚੀ-ਉਚੀ ਰੋਂਦੇ ਹੋਏ ਰੱਬ ਦਾ ਵਾਸਤਾ ਪਾਉਂਦੇ ਹੋਏ ਆਪਣੇ ਮੋਬਾਇਲ ਫੋਨ ਦੀ ਫੇਸਬੁੱਕ 'ਤੇ ਲਿਖ ਦਿੱਤਾ-ਮਿੱਠੂ ਵਾਪਿਸ ਆ ਜਾ।

# ਲੋਕ ਸਾਹਿਤ ਸੰਗਮ ਦੀ ਸਾਹਿਤਕ ਬੈਠਕ ਵਿਚ ਕਵੀਆਂ ਨੇ ਚੰਗਾ ਰੰਗ ਬੰਨਿਆ

## ਧਰਤੀ ਤੇ ਜਦ ਖਿਲਿਆ ਫੁੱਲ ਤੇ, ਸੰਗੀਤ ਵੀ ਉਦੋਂ ਤੋਂ ਹੀ ਸ਼ੁਰੂ ਹੋਇਆ- ਪੁਆਰ


**ਰਾਜਪੁਰਾ-** ਲੋਕ ਸਾਹਿਤ ਸੰਗਮ ਦੀ ਸਾਹਿਤਕ ਬੈਠਕ ਡਾ ਗੁਰਵਿੰਦਰ ਅਮਨ ਦੀ ਪ੍ਰਧਾਨਗੀ ਹੇਠ ਰੋਟਰੀ ਭਵਨ ਵਿਖੇ ਹੋਈ। ਸਭਾ ਦਾ ਆਗਾਜ਼ ਕਰਮ ਸਿੰਘ ਹਕੀਰ ਨੇ ਪੰਜਾਬੀ ਸੱਭਿਆਚਾਰ ਨੂੰ ਸੰਭਾਲਣ ਲਈ ਗੀਤ ਸਾਂਝਾ ਕੀਤਾ। ਅਵਤਾਰ ਪੁਆਰ ਦੀ ਗ਼ਜ਼ਲ 'ਧਰਤੀ ਤੇ ਜਦ ਖਿਲਿਆ ਫੁੱਲ ' ਸੁਣਾਕੇ ਰੰਗ ਬੰਨਿਆ। ਰਾਜ ਸਿੰਘ ਬਧੌਛੀ ਨੇ ਆਪਣੀ ਮਿੰਨੀ ਕਹਾਣੀ ਸਪੋਲੀਏ ਸੁਣਾਕੇ ਪਰਿਵਾਰਕ ਵੰਡ ਨੂੰ ਬਾਖ਼ੂਬੀ ਬਿਆਨ ਕੀਤਾ। ਬਾਪੂ ਤਾਰਾ ਸਿੰਘ ਮਾਠਿਆੜਾਂ ਨੇ ਬੁਲੰਦ ਆਵਾਜ਼ ਵਿਚ ਬਸੰਤ ਰੁੱਤ ਦੀ ਵਾਰ ਸੁਣਾਕੇ ਰੰਗ ਬੰਨਿਆ। ਗੁਰਵਿੰਦਰ ਪਾਲ ਸਿੰਘ ਜੀ ਪੀ ਦੀ ਕਵਿਤਾ ਨੇ ਚੰਗਾ ਰੰਗ ਬੰਨਿਆ। ਮਨਜੀਤ ਸਿੰਘ ਨਾਗਰਾ ਨੇ ਮਸ਼ਹੂਰ ਗੀਤ ਸੁਣਾਇਆ। ਹਰਪਾਲ ਸਿੰਘ ਪਾਲ ਨੇ ਰਾਣੀ ਸੁੰਦਰਾਂ ਦਾ ਕਾਵਿਕ ਕਿੱਸਾ ਸੁਣਾਇਆ। ਬੁਲੰਦ ਆਵਾਜ਼ ਦੀ ਮਾਲਿਕ ਸੁਰਿੰਦਰ ਕੌਰ ਬਾੜਾ ਨੇ ਸ਼ਸ਼ੀ ਪੁਨੂੰ ਗਾਥਾ ਸੁਣਾਕੇ ਸ਼ਰੋਤਿਆਂ ਨੂੰ ਕੀਲ ਦਿੱਤਾ। ਇੰਦਰ ਜੀਤ ਸਿੰਘ ਲਾਬਾ ਨੇ ਗੀਤ ਸੁਣਾਇਆ। ਹਰਿ ਸਿੰਘ ਚਮਕ ਨੇ ਬਸੰਤ ਬਾਰੇ ਕਵਿਤਾ ਦਾ ਗਾਇਨ ਕੀਤਾ। ਗੁਰਮੁਖ ਸਿੰਘ ਜਾਗੀ ਨੇ ਸੁਰਮਈ ਢੰਗ ਨਾਲ ਗੀਤ ਸੁਣਾ ਕੇ ਮੰਤਰਮੁਗਧ ਕੀਤਾ। ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਦੀ ਮਿੰਨੀ ਕਹਾਣੀ 'ਆਖਰੀ ਕਤਰਾ' ਸੁਣਾਕੇ ਹਾਜ਼ਰ ਸ਼ਰੋਤਿਆਂ ਨੂੰ ਸ਼ਰੋਸ਼ਾਰ ਕੀਤਾ। ਬਲਦੇਵ ਸਿੰਘ ਖੁਰਾਣਾ ਨੇ ਜਿੱਥੇ ਸਭਾ ਦੀ ਕਾਰਵਾਈ ਨੂੰ ਭੂਤ ਬਹੁਤ ਖ਼ੂਬ ਚਲਾਇਆ ਉੱਥੇ ਟੋਟਕਿਆਂ ਨਾਲ ਚੰਗਾ ਰੰਗ ਬੰਨਿਆ।



# ਹਰੀ ਸਿੰਘ ਚਮਕ ਦਾ ਕਵਿ ਸੰਗ੍ਰਹਿ 'ਖ਼ਾਰੇ ਅਥਰੂ' ਸਮਾਜਿਕ ਸਰੋਕਰਾਂ ਦਾ ਪ੍ਰਤੀਕ


ਉਜਾਗਰ ਸਿੰਘ
91-94178 13072

ਹਰੀ ਸਿੰਘ ਚਮਕ ਸੰਵੇਦਨਸ਼ੀਲ ਸ਼ਾਇਰ ਹੈ। ਬਚਪਨ ਵਿੱਚ ਸਕੂਲ ਵਿੱਚ ਪੜ੍ਹਦਿਆਂ ਹੀ ਉਸਨੂੰ ਕਵਿਤਾਵਾਂ ਲਿਖਣ ਦੀ ਚੇਟਕ ਲੱਗ ਗਈ ਸੀ। ਮਹਿੰਦਰਾ ਕਾਲਜ ਵਿੱਚ ਪੜ੍ਹਦਿਆਂ ਉਹ ਕਹਾਣੀਆਂ ਲਿਖਣ ਲੱਗ ਗਿਆ ਅਤੇ ਕਾਲਜ ਦੀ ਸਾਹਿਤ ਸਭਾ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲੱਗ ਪਿਆ। ਉਸ ਤੋਂ ਬਾਅਦ ਤਾਂ ਚਲ ਸੋ ਚਲ ਸਾਹਿਤਕ ਮਸ ਹੋਰ ਪਰਪੱਕ ਹੁੰਦਾ ਰਿਹਾ। ਪਟਿਆਲਾ ਨੌਕਰੀ ਕਰਦਿਆਂ ਸਥਾਨਕ ਸਾਹਿਤ ਸਭਾਵਾਂ ਦੀਆਂ ਮੀਟਿੰਗਾਂ ਵਿੱਚ ਆਉਣ ਕਰਕੇ ਉਸਦਾ ਸਾਹਿਤਕਾਰਾਂ ਨਾਲ ਮੇਲਜੋਲ ਵੱਧ ਗਿਆ। ਇਸ ਦੇ ਸਿੱਟੇ ਵਜੋਂ ਸਾਹਿਤਕ ਪ੍ਰਵਿਰਤੀ ਪ੍ਰਫੁੱਲਤ ਹੋ ਗਈ। ਇਸ ਸਮੇਂ ਦੌਰਾਨ ਉਸਦੀਆਂ ਕਵਿਤਾਵਾਂ, ਕਹਾਣੀਆਂ ਅਤੇ ਲੇਖ ਅਖ਼ਬਾਰਾਂ ਅਤੇ ਮੈਗਜ਼ੀਨਾ ਵਿੱਚ ਪ੍ਰਕਾਸ਼ਤ ਹੁੰਦੇ ਰਹੇ। ਉਸਦੀ ਇਕ ਮਿੰਨੀ ਕਹਾਣੀਆਂ ਦੀ ਪੁਸਤਕ 'ਗਿਰਝਾਂ' 2023 ਵਿੱਚ ਪ੍ਰਕਾਸ਼ਤ ਹੋਈ ਸੀ। ਹਰੀ ਸਿੰਘ ਚਮਕ ਦੀਆਂ ਕਵਿਤਾਵਾਂ ਪੰਜ ਕਾਵਿ ਸੰਗ੍ਰਹਿਾਂ ਅਤੇ ਇੱਕ ਮਿੰਨੀ ਕਹਾਣੀਆਂ ਦੀ ਪੁਸਤਕ ਦਾ ਸ਼ਿੰਗਾਰ ਬਣ ਚੁੱਕੀਆਂ ਹਨ। 'ਖ਼ਾਰੇ ਹੰਝੂ' ਉਸਦਾ ਪਲੇਠਾ ਕਾਵਿ ਸੰਗ੍ਰਹਿ ਹੈ। ਇਸ ਕਾਵਿ ਸੰਗ੍ਰਹਿ ਵਿੱਚ ਉਸ ਦੀਆਂ 66 ਕਵਿਤਾਵਾਂ ਵੱਖਰੇ-ਵੱਖਰੇ ਰੰਗ ਬਖ਼ੇਰਦੀਆਂ ਹਨ। ਹਰੀ ਸਿੰਘ ਚਮਕ ਭਾਵਨਾਤਮਿਕ, ਯਥਾਰਥਵਾਦੀ, ਮਾਨਵਵਾਦੀ ਅਤੇ ਸਮਾਜਿਕ ਸਰੋਕਾਰਾਂ ਦਾ ਪ੍ਰਤੀਨਿਧ ਕਵੀ ਹੈ। ਸਮਾਜਿਕ ਤਾਣੇ-ਬਾਣੇ ਵਿੱਚ ਜੋ ਕੁਝ ਵੀ ਵਾਪਰ ਰਿਹਾ ਹੈ, ਉਸਦਾ ਪ੍ਰਭਾਵ ਹਰੀ ਸਿੰਘ ਚਮਕ ਦੀਆਂ ਕਵਿਤਾਵਾਂ ਵਿੱਚੋਂ ਵੇਖਣ ਨੂੰ ਮਿਲਦਾ ਹੈ। ਉਸਦੇ ਇੱਕ ਦਿਹਾਤੀ ਕਿਸਾਨੀ ਪਰਿਵਾਰ ਨਾਲ ਸੰਬੰਧਤ ਹੋਣ ਕਰਕੇ ਕਿਸਾਨੀ ਅਤੇ ਕਿਰਤੀਆਂ ਦੀਆਂ ਸਮੱਸਿਆਵਾਂ ਨੂੰ ਬੜਾ ਨੇੜਿਉਂ ਵੇਖਣ ਦਾ ਮੌਕਾ ਮਿਲਦਾ ਰਿਹਾ, ਜਿਸ ਕਰਕੇ ਉਹ ਉਨ੍ਹਾਂ ਦੀ ਜ਼ਿੰਦਗੀ ਦੀਆਂ ਉਲਝਣਾਂ ਦੀਆਂ ਪਰਤਾਂ ਨੂੰ ਆਪਣੀ ਕਵਿਤਾਵਾਂ ਦਾ ਵਿਸ਼ਾ ਬਣਾਉਂਦਾ ਹੈ। ਉਹ ਸਾਰੀ ਉਮਰ ਸਰਕਾਰੀ ਨੌਕਰੀ ਦੌਰਾਨ ਕਰਮਚਾਰੀਆਂ ਦੇ ਨੇਤਾ ਦੇ ਤੌਰ 'ਤੇ ਅਗਵਾਈ ਕਰਦਾ ਰਿਹਾ ਹੈ। ਇਸ ਕਰਕੇ ਉਸਨੂੰ ਦਫ਼ਤਰਾਂ ਦੀਆਂ ਕੁਰੀਤੀਆਂ ਦੀ ਵੀ ਪੂਰੀ ਜਾਣਕਾਰੀ ਹੈ। ਉਹ ਉਨ੍ਹਾਂ ਦੀਆਂ ਬਾਰੀਕੀਆਂ ਵਾਰੇ ਵੀ ਸੰਜੀਦਗੀ ਨਾਲ ਕਵਿਤਾਵਾਂ ਲਿਖਦਾ ਹੈ। ਨੌਕਰੀ ਦੌਰਾਨ ਕਰਮਚਾਰੀਆਂ ਦੀ ਸਮੱਸਿਆਵਾਂ ਦੇ ਹੱਲ ਲਈ ਉਸਦਾ ਵਾਹ ਸਿਆਸਤਦਾਨਾ ਨਾਲ ਵੀ ਪੈਂਦਾ ਰਿਹਾ ਹੈ। ਹਰੀ ਸਿੰਘ ਚਮਕ ਸਿਆਸਤਦਾਨਾ ਬਾਰੇ ਲਿਖਦਾ ਹੈ ਕਿ ਉਹ ਲੋਕਾਈ ਦੇ ਮਾਰਗ ਦਰਸ਼ਕ ਹੋਣੇ ਚਾਹੀਦੇ ਹਨ ਪ੍ਰੰਤੂ ਸਿਆਸਤਦਾਨ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਅਸਫਲ ਰਹੇ ਹਨ। ਉਹ ਤਾਂ ਕੁਰਾਹੇ ਪੈ ਗਏ ਹਨ, ਜਿਸ ਦਾ ਅਸਰ ਸਮੁੱਚੀ ਲੋਕਾਈ 'ਤੇ ਪੈ ਰਿਹਾ ਹੈ। ਭਰੂਣ ਹੱਤਿਆ, ਆਧੁਨਿਕ ਪੜ੍ਹੇ ਲਿਖੇ ਸਮਾਜ ਵਿੱਚ ਬਾਦਸਤੂਰ ਜ਼ਾਰੀ ਹੈ। ਨਸ਼ਿਆਂ ਦਾ ਪ੍ਰਕੋਪ ਵੀ ਘੱਟਣ ਦਾ ਨਾਮ ਨਹੀਂ ਲੈ ਰਿਹਾ। ਔਰਤਾਂ 'ਤੇ ਅਤਿਆਚਾਰ ਕੀਤੇ ਜਾਂਦੇ ਹਨ। ਦਿਨ ਦਿਹਾੜੇ ਔਰਤਾਂ ਅਗਵਾ ਕੀਤੀਆਂ ਜਾਂਦੀਆਂ ਹਨ। ਅਜੇ ਵੀ ਬਲਾਤਕਾਰ ਆਮ ਹੋ ਰਹੇ ਹਨ। ਦਾਜ ਦੇ ਲਾਲਚ ਲੜਕੀਆਂ ਨੂੰ ਸਾੜਿਆ ਜਾ ਰਿਹਾ ਹੈ। ਕੋਈ ਸੁਣਵਾਈ ਨਹੀਂ। ਤਕੜੇ ਦਾ ਸੱਤੀਂ ਵੀਂਹੀਂ ਸੌ ਹੁੰਦੈ। ਇਨ੍ਹਾਂ ਸਾਰੀਆਂ ਅਲਾਮਤਾਂ ਨੂੰ ਉਹ ਆਪਣੀ ਕਵਿਤਾਵਾਂ ਦਾ ਵਿਸ਼ਾ ਬਣਾਉਂਦਾ ਹੈ। ਸ਼ਾਇਰ ਔਰਤਾਂ ਨੂੰ ਪੜ੍ਹਾਈ ਦੇ ਗਹਿਣੇ ਨਾਲ ਜ਼ਿੰਦਗੀ ਜਿਓਣ ਲਈ ਕਹਿੰਦਾ ਹੈ, ਜਿਸ ਨਾਲ ਮਾਪਿਆਂ ਦਾ ਸਿਰ ਉਚਾ ਹੋ ਸਕੇ। ਪੈਸਾ ਪ੍ਰਧਾਨ ਹੈ ਪ੍ਰੰਤੂ ਇਕ-ਨਾ-ਇੱਕ ਦਿਨ ਪੈਸੇ ਵਾਲਿਆਂ ਨੂੰ ਭੁਗਤਣਾ ਪੈਣਾ ਹੈ। ਸਿਆਸਤਦਾਨ ਤੇ ਅਫ਼ਸਰਸ਼ਾਹੀ ਦੀ ਮਿਲੀ ਭੁਗਤ ਪਰਜਾ ਦਾ ਸਤਿਆਨਾਸ ਕਰ ਰਹੀ ਹੈ। ਇਸ ਕਰਕੇ ਪਰਜਾ ਦੇ ਦੁੱਖ ਦੂਰ ਹੋਣ ਦੀ ਥਾਂ ਵੱਧਦੇ ਜਾ ਰਹੇ ਹਨ। ਸਮੁੱਚੇ ਸਮਾਜ ਵਿੱਚ




ਨਿਘਾਰ ਵੇਖਣ ਨੂੰ ਮਿਲ ਰਿਹਾ ਹੈ। ਭਰਿਸ਼ਟਾਚਾਰ ਦਾ ਬੋਲ-ਬਾਲਾ ਹੈ। ਲੋਕਾਂ ਨੂੰ ਇਨਸਾਫ਼ ਨਹੀਂ ਮਿਲ ਰਿਹਾ। ਇਨ੍ਹਾਂ ਸਾਰੇ ਵਿਸ਼ਿਆਂ ਨੂੰ ਉਹ ਆਪਣੀਆਂ ਕਵਿਤਾਵਾਂ ਵਿੱਚ ਲਿਆ ਕੇ ਲੋਕਾਂ ਦੀ ਕਚਹਿਰੀ ਵਿੱਚ ਰੱਖ ਰਿਹਾ ਹੈ। ਸ਼ਾਇਰ ਦੇ ਅਤਿ ਸੰਜੀਦਾ ਹੋਣ ਦਾ ਉਸਦੀ ਪਹਿਲੀ ਕਵਿਤਾ ਤੋਂ ਹੀ ਲੱਗਦਾ ਹੈ, ਜਿਸ ਵਿੱਚ ਉਹ ਪ੍ਰਮਾਤਮਾ ਅੱਗੇ ਅਰਜ਼ੋਈ ਕਰਦਾ ਹੋਇਆ ਲਿਖਦਾ ਹੈ ਕਿ ਉਸਨੂੰ ਇਤਨੀ ਤਾਕਤ ਦੇਹ ਕਿ ਉਹ ਲੋਕਾਈ ਦੇ ਦਰਦ ਤੇ ਹੱਕ ਸੱਚ ਤੇ ਖੜ੍ਹਨ, ਕਿਰਤੀਆਂ ਦੀ ਕਦਰ ਕਰਨ ਨੂੰ ਬਿਨਾ ਡਰ ਅਤੇ ਭੈ ਤੋਂ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾਉਂਦਾ ਰਹੇ। ਉਸ ਦੀਆਂ ਕਵਿਤਾਵਾਂ ਬਾਲ ਮਜ਼ਦੂਰੀ, ਬੇਇਨਸਾਫ਼ੀ, ਭਰੂਣ ਹੱਤਿਆ, ਅਨੈਤਿਕਤਾ, ਲੋਭ ਲਾਲਚ ਅਤੇ ਧੋਖ਼ੇ ਫ਼ਰੇਬਾਂ ਦੇ ਵਿਰੁੱਧ ਆਵਾਜ਼ ਬੁਲੰਦ ਕਰਦੀਆਂ ਹਨ। ਉਸਨੂੰ ਇਸ ਗੱਲ ਦਾ ਵੀ ਦੁੱਖ ਹੈ ਕਿ ਜਿਸਦਾ ਭਲਾ ਕਰਦੇ ਹਾਂ, ਉਹੀ ਨੁਕਸਾਨ ਕਰਨ ਵਿੱਚ ਮੋਹਰੀ ਦੀ ਭੂਮਿਕਾ ਨਿਭਾਉਂਦਾ ਹੈ। ਜ਼ਮਾਨਾ ਇਤਨਾ ਖੁਦਗਰਜ਼ ਤੇ ਮਾੜਾ ਹੋ ਗਿਆ ਹੈ, ਕਿਸੇ ਤੇ ਵਿਸ਼ਵਾਸ਼ ਕਰਨਾ ਹੀ ਔਖਾ ਹੋ ਗਿਆ ਹੈ। ਵੋਟਾਂ ਮੌਕੇ ਸਿਆਤਦਾਨ ਵੋਟਰਾਂ ਨੂੰ ਰੱਬ ਦਾ ਰੂਪ ਕਹਿੰਦੇ ਹਨ, ਪ੍ਰੰਤੂ ਬਾਅਦ ਵਿੱਚ ਰੰਗ ਬਦਲ ਜਾਂਦੇ ਹਨ। ਪ੍ਰਸ਼ਾਸ਼ਨ ਵਿੱਚੋਂ ਪਾਰਦਰਸ਼ਤਾ ਖ਼ਤਮ ਹੋ ਗਈ ਹੈ। ਗ਼ਰੀਬਾਂ ਦਾ ਖ਼ੂਨ ਚੂਸਕੇ ਮਹਿਲ ਮਾੜੀਆਂ ਉਸਾਰੀਆਂ ਜਾਂਦੀਆਂ ਹਨ। ਲੋਕ ਹਿੱਤਾਂ ਨੂੰ ਅਣਡਿਠ ਕੀਤਾ ਜਾਂਦਾ ਹੈ। ਪਰਜਾ ਧਰਨੇ ਅੰਦੋਲਨ ਕਰਕੇ ਥੱਕ ਜਾਂਦੀਆਂ ਹਨ। ਬਜ਼ੁਰਗਾਂ ਨੂੰ ਅਣਗੌਲਿਆ ਜਾਂਦਾ ਹੈ। ਮਾਵਾਂ ਦੀ ਮਮਤਾ ਦਾ ਮੁੱਲ ਨਹੀਂ ਮੋੜਿਆ ਜਾ ਰਿਹਾ। ਕੁਰਬਾਨੀ ਕਰਨ ਵਾਲੇ ਸ਼ਹੀਦਾਂ ਨੂੰ ਸਲਾਮੀਆਂ ਦੇਣਾ ਕੋਈ ਅਹਿਸਾਨ ਨਹੀਂ ਹੁੰਦਾ। ਅੰਦਰਲੇ ਰਾਵਣ ਨੂੰ ਮਾਰਨਾ ਪੈਣਾ ਹੈ। ਭਰਾ-ਭਰਾ ਦਾ ਲਾਲਚ ਕਰਕੇ ਦੁਸ਼ਮਣ ਬਣਿਆਂ ਫਿਰਦੈ। ਧਾਰਮਿਕ ਸਥਾਨਾ ਦੀ ਆੜ ਵਿੱਚ ਗ਼ਲਤ ਕੰਮ ਹੋ ਰਹੇ ਹਨ। ਲੋਕ ਮਖੌਟੇ ਪਾਈ ਫਿਰਦੇ ਹਨ। ਮਨੀਪੁਰ ਵਿਚਲੀਆਂ ਘਟਨਾਵਾਂ ਵੀ ਕਵੀ ਦੇ ਮਨ ਨੂੰ ਠੇਸ ਪਹੁੰਚਾਉਂਦੀਆਂ ਹਨ।

ਹਰੀ ਸਿੰਘ ਚਮਕ ਨੇ ਸਮਾਜਿਕ ਸਰੋਕਾਰਾਂ ਵਾਲੀਆਂ ਕਵਿਤਾਵਾਂ ਵਿੱਚ 12 ਕਵਿਤਾਵਾਂ ਸਿੱਖ ਧਰਮ ਨਾਲ ਸੰਬੰਧਤ ਵੀ ਹਨ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਉਹ ਪ੍ਰਮਾਤਮਾ ਦੀ ਰਜਾ ਵਿੱਚ ਰਹਿਣ ਵਾਲਾ ਸ਼ਾਇਰ ਹੈ। ਉਨ੍ਹਾਂ ਕਵਿਤਾਵਾਂ ਵਿੱਚ ਉਹ ਸਰਕਾਰਾਂ ਦੀਆਂ ਗ਼ਲਤੀਆਂ ਬਾਰੇ ਜਾਣਕਾਰੀ ਦਿੰਦਾ ਹੋਇਆ ਵਿਅੰਗ ਦੇ ਤੀਰ ਵੀ ਮਾਰਦਾ ਹੈ। ਕਿਸਾਨੀ ਅੰਦੋਲਨ ਨਾਲ ਸੰਬੰਧਤ ਇਸ ਕਾਵਿ ਸੰਗ੍ਰਹਿ ਵਿੱਚ 11 ਕਵਿਤਾਵਾਂ ਹਨ, ਜਿਹੜੀਆਂ ਪੰਜਾਬ ਅਤੇ ਕੇਂਦਰ ਸਰਕਾਰ ਦੀਆਂ ਅਣਗਹਿਲੀਆਂ ਬਾਰੇ ਕਟਾਕਸ਼ ਕਰਦੀਆਂ ਹਨ। ਕਿਸਾਨਾਂ ਨੂੰ ਮਿਲਾਵਟ ਵਾਲੀਆਂ ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਸਰਕਾਰਾਂ ਇਸ ਪਾਸੇ ਅਵੇਸਲੀਆਂ ਹਨ। ਕਿਸਾਨਾ ਨੂੰ ਕਰਜ਼ੇ ਹੇਠ ਦੱਬਣ ਕਰਕੇ ਖੁਦਕਸ਼ੀਆਂ ਕਰਨੀਆਂ ਪੈਂਦੀਆਂ ਹਨ। ਕੋਈ ਵੀ ਸਰਕਾਰ ਕਿਸਾਨਾ ਦੀ ਬਾਂਹ ਨਹੀਂ ਫੜ੍ਹਦੀ। ਕੇਂਦਰ ਸਰਕਾਰ ਦੀ ਬੇਰੁੱਖੀ ਕਿਸਾਨਾਂ ਨੂੰ ਕਰਜ਼ੇ ਦੇ ਖੂਹ ਵਿੱਚ ਸੁੱਟ ਰਹੀ ਹੈ। 'ਮੌਕਾ ਤੂੰ ਸੰਭਾਲ ਜੱਟਾ... ' ਵਿੱਚ ਕਿਸਾਨੀ ਅੰਦੋਲਨ ਸਮੇਂ ਕਿਸਾਨਾਂ ਨੂੰ ਸਰਕਾਰੀ ਜ਼ਬਰ ਦਾ ਮੁਕਾਬਲਾ ਕਰਨ ਦੀ ਪ੍ਰੇਰਨਾ ਦਿੰਦਾ ਹੋਇਆ ਕਿਸਾਨਾ ਦੀ ਜਦੋਜਹਿਦ ਦੀਆਂ ਗੱਲਾਂ ਵੀ ਕਰਦਾ ਹੈ ਕਿ ਕਿਵੇਂ ਉਹ ਮਿਹਨਤ ਕਰਕੇ ਫ਼ਸਲ ਪਾਲਦੇ ਹਨ, ਪ੍ਰੰਤੂ ਉਨ੍ਹਾਂ ਵਾਜਬ ਮੁਲ ਵੀ ਨਹੀਂ ਮਿਲਦਾ। ਇਸਦੇ ਨਾਲ ਕਾਵਿ ਸੰਗ੍ਰਹਿ ਦੇ ਨਾਮ ਵਾਲੀ ਕਵਿਤਾ ਵਿੱਚ ਕਿਸਾਨ ਅੰਦੋਲਨ ਸਾਜ਼ਸ਼ ਤਹਿਤ ਲੀਹੋਂ ਲਾਹੁਣ ਮੌਕੇ ਸਰਕਾਰ ਦੀ ਬਦਨੀਤੀ ਅਤੇ ਕਿਸਾਨ ਆਗੂ ਰਾਕੇਸ਼ ਟਿਕੈਤ ਦਾ ਭਾਵਪੂਰਤ ਭਾਵਕਤਾ ਦੇ ਵਿੱਚ ਵਹਿਣ ਸਮੇਂ ਡਿਗੇ ਹੰਝੂਆਂ ਨੂੰ ਖ਼ਾਰੇ ਹੰਝੂਆਂ ਦਾ ਨਾਮ ਦਿੱਤਾ ਗਿਆ ਹੈ, ਜਿਸਨੇ ਕਿਸਾਨ ਅੰਦੋਲਨ ਵਿੱਚ ਦੁਬਾਰਾ ਰੂਹ ਫੂਕ ਦਿੱਤੀ ਸੀ। ਸਾਉਣ ਦੇ ਮਹੀਨੇ ਜਿਥੇ ਹਰਿਆਵਲ ਹੁੰਦੀ ਹੈ, ਉਥੇ ਹੀ ਹੜ੍ਹ ਕਿਸਾਨੀ ਨੂੰ ਬਰਬਾਦ ਕਰ ਦਿੰਦੇ ਹਨ। ਕਰੋਨਾ ਕਾਲ ਦੇ ਮਾੜੇ ਪ੍ਰਭਾਵਾਂ ਅਤੇ ਅਮੀਰ ਲੋਕਾਂ ਵੱਲੋਂ ਗ਼ਰੀਬਾਂ ਦੀ ਲੁੱਟ ਤੇ ਕਿੰਤੂ ਪ੍ਰੰਤੂ ਕੀਤਾ ਹੈ। ਆਟਾ ਦਾਲ ਵਰਗੀਆਂ ਮੁਫ਼ਤਖੋਰੀ ਦੀਆਂ ਸਕੀਮਾ ਲੋਕਾਂ ਨੂੰ ਮੰਗਤੇ ਬਣਾ ਰਹੀਆਂ ਹਨ। ਆਜ਼ਾਦੀ ਅਤੇ ਦੇਸ਼ ਭਗਤੀ ਨਾਲ ਸੰਬੰਧਤ 8 ਕਵਿਤਾਵਾਂ ਹਨ। ਆਜ਼ਾਦੀ ਦੇ ਲਾਭ ਵੀ ਗਿਣੇ ਚੁਣੇ ਲੋਕਾਂ ਨੂੰ ਹੀ ਮਿਲੇ ਹਨ। ਗ਼ਰੀਬੀ ਤੇ ਬੇਰੋਜ਼ਗਾਰੀ ਬਰਕਰਾਰ ਹੈ। ਜਿਹੜੇ ਸਪਨੇ ਆਜ਼ਾਦੀ ਲਈ ਭਗਤ ਸਿੰਘ ਨੇ ਲਏ ਸੀ, ਉਹ ਸਾਕਾਰ ਨਹੀਂ ਹੋਏ। ਇੱਕ-ਨਾ-ਇੱਕ ਦਿਨ ਲੋਕ ਬਗ਼ਾਬਤ ਕਰਨਗੇ, ਫਿਰ ਅਸਲ ਆਜ਼ਾਦੀ ਆਵੇਗੀ।

ਅਮੀਰਾਂ ਦਾ ਹੰਕਾਰ ਗ਼ਰੀਬ ਤੋੜਨਗੇ। ਦੋਹਰੇ ਕਿਰਦਾਰ ਦੇ ਲੋਕ ਸਭ ਤੋਂ ਖ਼ਤਰਨਾਕ ਹੁੰਦੇ ਹਨ। ਦੇਸ਼ ਦੀ ਵੰਡ ਸਮੇਂ ਅੰਮ੍ਰਿਤਾ ਪ੍ਰੀਤਮ ਨੇ ਲੜਕੀਆਂ ਨਾਲ ਹੋ ਰਹੇ ਅਤਿਆਚਾਰਾਂ ਬਾਰੇ ਤਾਂ ਕਵਿਤਾ ਲਿਖ ਦਿੱਤੀ ਪ੍ਰੰਤੂ 1984 ਵਿੱਚ ਸਿੱਖਾਂ ਦੇ ਕਤਲੇਆਮ ਅਤੇ ਔਰਤਾਂ ਨਾਲ ਦੁਰਾਚਾਰ ਬਾਰੇ ਅੰਮ੍ਰਿਤਾ ਪ੍ਰੀਤਮ ਨੇ ਇੱਕ ਸ਼ਬਦ ਨਹੀਂ ਲਿਖਿਆ, ਹਰੀ ਸਿੰਘ ਚਮਕ ਨੇ ਇਸ ਗੱਲ ਦਾ ਦੁੱਖ ਪ੍ਰਗਟ ਕੀਤਾ ਹੈ। 'ਮਈ ਦਿਹਾੜਾ 3' ਸਿਰਲੇਖ ਕਵਿਤਾ ਵਿੱਚ ਲਿਖਿਆ ਹੇ ਕਿ ਕਿਰਤੀਆਂ ਨੂੰ ਉਨ੍ਹਾਂ ਦਾ ਵਾਜਬ ਮਿਹਨਤਾਨਾਂ ਨਹੀਂ ਮਿਲ ਰਿਹਾ ਪ੍ਰੰਤੂ ਜਦੋਂ ਉਹ ਆਪਣੇ ਹੱਕਾਂ ਲਈ ਅੰਦੋਲਨ ਕਰਦੇ ਹਨ ਤਾਂ ਸਰਕਾਰਾਂ ਦਬਾ ਦਿੰਦੀਆਂ ਹਨ। ਧੀਆਂ ਬਾਰੇ ਲਿਖਿਦਿਆਂ ਦੱਸਿਆ ਹੈ ਕਿ ਅੱਜ ਕਲ੍ਹ ਧੀਆਂ ਹਰ ਖੇਤਰ ਜਿਵੇਂ ਪੜ੍ਹਾਈ, ਪੁਲਿਸ, ਸਿਵਲ, ਮਿਲਟਰੀ, ਪੁਲਾੜ ਵਿੱਚ ਮੋਹਰੀ ਦੀ ਭੂਮਿਕਾ ਨਿਭਾ ਰਹੀਆਂ ਹਨ। ਗਿਆਨ ਦੇ ਦੀਵੇ ਹੀ ਜ਼ਿੰਦਗੀ ਵਿੱਚ ਕੰਮ ਆਉਂਦੇ ਹਨ। ਸਾਧਾਂ ਅਤੇ ਉਨ੍ਹਾਂ ਦੇ ਡੇਰਿਆਂ 'ਤੇ ਚਿੰਤਾ ਪ੍ਰਗਟ ਕੀਤੀ ਗਈ ਹੈ। ਭਵਿਖ ਵਿੱਚ ਹਰੀ ਸਿੰਘ ਚਮਕ ਤੋਂ ਹੋਰ ਵਧੀਆ ਕਵਿਤਾਵਾਂ ਲਿਖਣ ਦੀ ਉਮੀਦ ਕੀਤੀ ਜਾ ਸਕਦੀ ਹੈ।

128 ਪੰਨਿਆਂ, 250 ਰੁਪਏ ਕੀਮਤ ਵਾਲਾ ਕਾਵਿ ਸੰਗ੍ਰਹਿ ਸ਼ਬਦਾਂਜਲੀ ਪਬਲੀਕੇਸ਼ਨਜ਼ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।

**ਸੰਪਰਕ ਹਰੀ ਸਿੰਘ ਚਮਕ: 9317831521**

## ਨਾ ਫੌਜ ਹੋਵੇ

ਨਾ ਫੌਜ ਹੋਵੇ

ਨਾ ਰਾਜ ਹੋਵੇ

ਜਿੱਥੇ ਵੀ ਜਾਈਏ

ਹਰ ਥਾਂ ਬਹਾਰ ਹੋਵੇ।

ਜਿੱਥੇ ਵੀ ਲੋੜ ਹੋਵੇ

ਕਾਮਿਆਂ ਲਈ ਕੰਮ ਕਾਰ ਹੋਵੇ

ਮੁੱਕ ਜਾਣ ਹੱਦਾਂ ਸਭ

ਪਿਆਰ ਹੀ ਪਿਆਰ ਹੋਵੇ।

ਧਰਮਾਂ ਤੋ ਉੱਚੇ ਉੱਠੋ

ਇਹ ਇਨਸਾਨੀਅਤ ਦਾ ਮਿਆਰ ਹੋਵੇ।

ਓ ਮੇਰੇ ਨਾਨਕਾ

ਤੇਰੀ ਇਸ ਧਰਤ ਉੱਤੇ

ਸਰਬਤ ਦੇ ਭਲੇ ਵਾਲੀ

ਕੋਈ ਤਾ ਗਲ ਬਾਤ ਹੋਵੇ।

**- ਅਮਰੀਕ ਖੜਾਲੀਆ**

# ਪੁਸਤਕ ਸਮੀਖਿਆ

**ਆਜਾ ! ਮੇਰਾ ਪਿੰਡ ਵੇਖ ਲੈ**
**ਰੀਵਿਊਕਾਰ: ਬਲਜਿੰਦਰ ਮਾਨ 98150 18947**
**ਸੰਪਾਦਕ: ਪ੍ਰਿੰਸੀਪਲ ਬਹਾਦਰ ਸਿੰਘ ਗੋਸਲ,**
**ਪ੍ਰਕਾਸ਼ਕ: ਤਰਲੋਚਨ ਪਬਲਿਸ਼ ਚੰਡੀਗੜ੍ਹ, ਪੰਨੇ: 160, ਮੁੱਲ: 300 ਰੁਪਏ**




ਪ੍ਰਿੰਸੀਪਲ ਬਹਾਦਰ ਸਿੰਘ ਗੋਸਲ ਨੇ ਸਾਹਿਤ ਜਗਤ ਵਿੱਚ ਸੰਦਲੀ ਪੈੜਾ ਪਾਈਆਂ ਹਨ। ਉਹ ਪਿਛਲੇ ਕਈ ਦਹਾਕਿਆਂ ਤੋਂ ਸਾਹਿਤਕ ਖੇਤਰ ਵਿੱਚ ਨਿਰੰਤਰ ਕਾਰਜ ਕਰ ਰਹੇ ਹਨ। ਖੋਜ ਭਰਪੂਰ ਪੁਸਤਕਾਂ ਦੇ ਨਾਲ ਨਾਲ ਬਾਲ ਸਾਹਿਤ ਦੀਆਂ 70 ਤੋਂ ਵੱਧ ਪੁਸਤਕਾਂ ਦਾ ਯੋਗਦਾਨ ਵੀ ਕਾਬਲੇ ਗੌਰ ਹੈ। ਉਹਨਾਂ ਵੱਲੋਂ ਜਿਹੜੀ ਵੀ ਸਿਰਜਣਾ ਕੀਤੀ ਜਾ ਰਹੀ ਹੈ ਉਹ ਬਹੁਤ ਹੀ ਗਹਿਰੀ ਤੇ ਗੰਭੀਰ ਹੁੰਦੀ ਹੈ। ਉਹ ਜਿਸ ਵੀ ਵਿਸ਼ੇ ਨੂੰ ਫੜਦੇ ਹਨ ਉਸ ਦੀਆਂ ਤਹਿਆਂ ਤੱਕ ਚਲੇ ਜਾਂਦੇ ਹਨ। ਇਸੇ ਕਰਕੇ ਪਾਠਕ ਉਹਨਾਂ ਦੀ ਹਰ ਰਚਨਾ ਦੀ ਇੰਤਜ਼ਾਰ ਤੀਬਰ ਇੱਛਾ ਨਾਲ ਕਰਦੇ ਹਨ। ਉਹਨਾਂ ਵੱਲੋਂ ਪਰੋੜ ਪਾਠਕਾਂ ਲਈ 31 ਵਾਰਤਕ ਪੁਸਤਕਾਂ ਸਿਰਜੀਆਂ ਜਾ ਚੁੱਕੀਆਂ ਹਨ। ਸੰਪਾਦਨ ਖੇਤਰ ਵਿੱਚ ਵੀ ਅੱਧੀ ਦਰਜਨ ਤੋਂ ਵੱਧ ਪੁਸਤਕਾਂ ਦਾ ਉਹਨਾਂ ਦਾ ਯੋਗਦਾਨ ਸ਼ਲਾਘਾਯੋਗ ਹੈ। ਹਥਲੀ ਪੁਸਤਕ 'ਆਜਾ! ਮੇਰਾ ਪਿੰਡ ਵੇਖ ਲੈ' ਬਾਈ ਸਾਹਿਤਕਾਰਾਂ ਦੀ ਸਿਰਜਣਾ ਨੂੰ ਸੰਪਾਦਿਤ ਕੀਤੀ ਗਈ ਪੁਸਤਕ ਹੈ। ਜਿੱਥੇ ਉਹ ਸਾਹਿਤ ਦੇ ਉੱਤਮ ਦਰਜੇ ਤੇ ਸਿਰਜਕ ਹਨ ਉੱਥੇ ਉਹ ਸੰਪਾਦਨ, ਅਨੁਵਾਦਨ ਅਤੇ ਖੋਜ ਕਾਰਜਾਂ ਵਿੱਚ ਵੀ ਕਮਾਲ ਦਾ ਕਾਰਜ ਕਰ ਰਹੇ ਹਨ। ਹਥਲੀ ਪੁਸਤਕ ਦਾ ਪਾਠ ਕਰਦਿਆਂ ਪੰਜਾਬ ਦੇ 22 ਪਿੰਡਾਂ ਦੇ ਦਰਸ਼ਨ ਹੋ ਜਾਂਦੇ ਹਨ। ਭਾਵ ਇਹ ਕਿ ਪੰਜਾਬ ਦੇ ਬਾਈ ਪਿੰਡਾਂ ਦਾ ਇਤਿਹਾਸ ਅਤੇ ਉਥੋਂ ਦਾ ਜਨ ਜੀਵਨ ਸਾਡੇ ਰੂਬਰੂ ਹੋ ਜਾਂਦਾ ਹੈ।

ਪੁਸਤਕ ਵਿੱਚ ਸ਼ਾਮਿਲ ਸਾਹਿਤਕਾਰਾਂ ਵਿੱਚੋਂ ਬਹੁਤੇ ਸਾਹਿਤਕਾਰ ਨਵੇਂ ਹਨ। ਇਸ ਤਰ੍ਹਾਂ ਇਹ ਪੁਸਤਕ ਨਵੇਂ ਸਾਹਿਤਕਾਰਾਂ ਦੀ ਸਿਰਜਣਾ ਨੂੰ ਪਾਠਕਾਂ ਦੇ ਰੂਬਰੂ ਕਰਦੀ ਹੋਈ ਉਨ੍ਹਾਂ ਦੀ ਕਲਮ ਨੂੰ ਸਮਰੱਥਾ ਅਤੇ ਸੇਧ ਬਖਸ਼ਦੀ ਹੈ। ਸੰਪਾਦਕ ਦਾ ਇਹ ਯਤਨ ਸ਼ਲਾਘਾਯੋਗ ਹੈ ਕਿ ਉਸ ਨੇ ਨਵੇਂ ਸਾਹਿਤਕਾਰਾਂ ਨੂੰ ਆਪਣੀ ਇਸ ਪੁਸਤਕ ਵਿੱਚ ਸ਼ਾਮਿਲ ਕਰਕੇ ਉਹਨਾਂ ਦੀ ਕਲਾ ਨੂੰ ਹੋਰ ਪ੍ਰਫੁਲਤ ਕਰਨ ਦਾ ਉਪਰਾਲਾ ਕੀਤਾ ਹੈ। ਇਹ ਸਾਹਿਤਕਾਰ ਪੰਜਾਬੀ ਸੱਭਿਆਚਾਰ, ਰਹਿਣੀ ਬਹਿਣੀ, ਖਾਣ ਪੀਣ ਅਤੇ ਵਿਰਾਸਤੀ ਬਾਤਾਂ ਪਾਉਂਦੇ ਹੋਏ ਸਾਨੂੰ ਆਪਣੇ ਨਾਲ ਉਂਗਲੀ ਫੜ ਕੇ ਤੋਰ ਲੈਂਦੇ ਹਨ। ਇਸ ਪ੍ਰਕਾਰ ਪਾਠਕ ਪਿੰਡਾਂ ਦੀ ਯਾਤਰਾ ਤੇ ਨਿਕਲ ਤੁਰਦਾ ਹੈ। ਉਸ ਨੂੰ ਵੰਨ-ਸੁਵੰਨੇ ਜਨ ਜੀਵਨ ਦੀਆਂ ਝਲਕੀਆਂ ਦਿਖਾਈ ਦਿੰਦੀਆਂ ਹਨ। ਬਚਪਨ ਦੀਆਂ ਖੇਡਾਂ ਤੇ ਪੁਰਾਤਨ ਵਸਤਾਂ ਪਾਠਕਾਂ ਨੂੰ ਨਵੀਆਂ ਤੇ ਸਮੇਂ ਦੇ ਹਾਣੀ ਸੋਚ ਦੀਆਂ ਵਿਚਾਰਾਂ ਪੈਦਾ ਕਰਨ ਵਿੱਚ ਸਹਾਇਕ ਬਣਦੀਆਂ ਹਨ। ਪੁਸਤਕ ਵਿੱਚ ਪ੍ਰਕਾਸ਼ਿਤ ਕੀਤੀਆਂ ਪਿੰਡਾਂ ਦੇ ਅਹਿਮ ਸਥਾਨਾਂ ਦੀਆਂ ਤਸਵੀਰਾਂ ਇਸ ਦੇ ਮੁੱਲ ਵਿੱਚ ਵਾਧਾ ਕਰਦੀਆਂ ਹਨ। ਹਰ ਲੇਖਕ ਨੇ ਆਪੋ ਆਪਣੀ ਸਮਰੱਥਾ ਅਨੁਸਾਰ ਆਪਣੇ ਪਿੰਡ ਦੇ ਇਤਿਹਾਸ ਨੂੰ ਖੋਜਣ ਦਾ ਯਤਨ ਕੀਤਾ ਹੈ।ਅਸਲ ਵਿੱਚ ਇਹ ਇੱਕ ਇਤਿਹਾਸਕ ਦਸਤਾਵੇਜ਼ ਹੈ।

ਪੁਸਤਕ ਵਿੱਚ ਸ਼ਾਮਿਲ ਕੀਤੇ ਗਏ ਪਿੰਡ ਇਸ ਪ੍ਰਕਾਰ ਹਨ:- ਮੁੱਲਾਂਪੁਰ ਗਰੀਬਦਾਸ- ਮਲਕੀਤ ਸਿੰਘ ਔਜਲਾ, ਭੂਪਨਗਰ- ਰਣਜੋਤ ਸਿੰਘ ਰਾਣਾ, ਗੋਸਲ+ ਬਹਾਦਰ ਸਿੰਘ ਗੋਸਲ, ਵੇਰਕਾ- ਮੰਜੂ ਬਾਲਾ ਸਾਰਦਾ, ਮਹਿਤਪੁਰ- ਅਵਤਾਰ ਸਿੰਘ ਮਹਿਤਪੁਰੀ, ਮਹਿਤੋਤ- ਗੁਰਦਰਸ਼ਨ ਸਿੰਘ ਮਾਵੀ, ਰਾਜੋ ਮਾਜਰਾ-ਦਰਸ਼ਨ ਸਿੰਘ ਸਿੱਧੂ, ਮੁਸਤਫਾਵਾਦ ਜੱਟਾਂ- ਡਾ. ਪੰਨਾ ਲਾਲ ਮੁਸਤਫਾਵਾਦੀ, ਚੱਕ ਸੁਹੇਲੇ- ਰੁਪਿੰਦਰ ਮਾਨ ਮੁਕਤਸਰੀ, ਖਮਾਣੋਂ -ਬਲਜਿੰਦਰ ਕੌਰ ਸ਼ੇਰਗਿੱਲ, ਮਲੋਆ- ਮਨਜੀਤ ਕੌਰ ਮੀਤ, ਬਡਹੇੜੀ -ਰਜਿੰਦਰ ਸਿੰਘ ਬਡਹੇੜੀ, ਬੂਹਾ- ਤੇਜਾ ਸਿੰਘ ਬੂਹਾ, ਸਾਹੋਵਾਲ- ਰਾਜਕੁਮਾਰ ਸਾਹੋਵਾਲੀਆ, ਕਾਈਨੌਰ- ਜਸਵਿੰਦਰ ਸਿੰਘ ਕਾਈਨੌਰ, ਭਾਗੋ ਮਾਜਰਾ- ਭੁਪਿੰਦਰ ਸਿੰਘ ਭਾਗੋ ਮਾਜਰੀਆ, ਹੇਡੋਂ- ਗੁਰਮੀਤ ਸਿੰਘ, ਬੁੜੈਲ- ਕ੍ਰਿਸ਼ਨ ਰਾਹੀ, ਬੁਚੜੇ- ਸਿਮਰਨਪ੍ਰੀਤ ਕੌਰ, ਮੁਗਲ ਮਾਜਰੀ- ਚਰਨਜੀਤ ਕੌਰ ਬਾਠ, ਕਲੌੜ- ਜਸਪਾਲ ਸਿੰਘ ਕੰਵਲ ਅਤੇ ਬਠਲਾਣਾ- ਅਮਰਜੀਤ ਸਿੰਘ ਬਠਲਾਣਾ। ਇਹਨਾਂ ਲੇਖਕਾਂ ਵੱਲੋਂ ਪ੍ਰਦਾਨ ਕੀਤੀ ਜਾਣਕਾਰੀ ਜਿੱਥੇ ਸਾਨੂੰ ਇਤਿਹਾਸਕ ਨਜ਼ਰੀਏ ਤੋਂ ਪਿੰਡ ਦੇ ਦਰਸ਼ਨ ਕਰਵਾਉਂਦੀ ਹੈ ਉੱਥੇ ਉਸ ਦੀ ਅਧੁਨਿਕਤਾ ਬਾਰੇ ਵੀ ਜਾਣਕਾਰੀ ਪ੍ਰਦਾਨ ਕਰਦੀ ਹੈ। ਇਸ ਤਰ੍ਹਾਂ ਇਹ ਪੁਸਤਕ ਸਾਡੇ ਵਿਕਾਸ ਦੀ ਨਿਸ਼ਾਨਦੇਹੀ ਕਰਦੀ ਹੋਈ ਖੁਸ਼ਹਾਲੀ ਨੂੰ ਵੀ ਪੇਸ਼ ਕਰਦੀ ਹੈ। ਸੰਪਾਦਕ ਪ੍ਰਿੰਸੀਪਲ ਬਹਾਦਰ ਸਿੰਘ ਗੋਸਲ ਦੀ ਸੰਪਾਦਨ ਕਲਾ ਦੀਆਂ ਝਲਕਾਂ ਪ੍ਰੇਰਨਾਦਾਇਕ ਹਨ।

## .ਗਜ਼ਲ

ਲਫ਼ਜ਼ਾਂ ਦੇ ਨਾ.ਲ ਜਾਦੂ ਕਰਨਾ ਸਿੱਖਣਾ ਹੈ
ਸ਼ਬਦਾਂ ਦੇ ਚੱਪੂ ਨਾ.ਲ ਤਰਨਾ ਸਿੱਖਣਾ ਹੈ।

ਨਿੱਕੀ ਜੇਹੀ ਗੱਲ ਤੇ ਅੱਗ ਹੋ ਜਾਂਦਾ ਹਾਂ
ਪਰ ਮੈਂ ਹੋਣਾ ਸ਼ੀਤਲ ਝਰਨਾ ਸਿੱਖਣਾ ਹੈ।

ਮੇਰਾ ਏਨਾ ਪੱਥਰ ਹੋਣਾ ਠੀਕ ਨਹੀਂ
ਨੈਣਾਂ ਦੇ ਵਿੱਚ ਹੰਝੂ ਭਰਨਾ ਸਿੱਖਣਾ ਹੈ।

ਧਮਕੀ ਦੇ ਨਾ.ਲ ਅੱਧੇ ਕੰਮ ਨੇ ਹੋ ਜਾਂਦੇ
ਇਸ ਲਈ ਆਪਾਂ ਕਹਿਣਾ ਵਰਨਾ ਸਿੱਖਣਾ ਹੈ।

ਨਿੱਕੀ-ਨਿੱਕੀ ਗੱਲ ਤੇ ਜਿੱਦ ਵੀ ਠੀਕ ਨਹੀਂ
ਮਾੜਾ ਮੋਟਾ ਆਪਾਂ ਜਰਨਾ ਸਿੱਖਣਾ ਹੈ।

ਕਹਿੰਦੇ ਇਸ਼ਕ ਦੀ ਬਾਜ਼ੀ ਹਰ ਕੇ ਜਿੱਤੀ ਦੀ
ਏਸੇ ਲੀਹ ਤੇ ਯਾਰ ਤੋਂ ਹਰਨਾ ਸਿੱਖਣਾ ਹੈ।

ਉੱਚਾ ਉੱਡਣ ਵਾ.ਲੇ ਔਖਾ ਕਰਦੇ ਨੇ
ਉਹਨਾਂ ਦੇ ਵੀ ਖੰਭ ਕੁਤਰਨਾ ਸਿੱਖਣਾ ਹੈ।

ਬਹੁਤਾ ਬੇ-ਡਰ ਬੰਦਾ ਘਾਤਕ ਹੋ ਜਾਂਦਾ
ਦੁਨੀਆਦਾਰੀ ਜੋਗਾ ਡਰਨਾ ਸਿੱਖਣਾ ਹੈ।

**ਹਰਦੀਪ ਬਿਰਦੀ**
**9041600900**

# .ਗ਼ੈਰ ਕਾਨੂੰਨੀ ਭਾਰਤੀਆਂ ਨੂੰ ਵਾਪਸ ਭੇਜਣਾ ਭਾਰਤ ਦਾ ਅਪਮਾਨ ਅਮਰੀਕਾ ਦਾ ਗੁਮਾਨ

ਅਮਰੀਕਾ ਨੇ 104 ਗ਼ੈਰ ਕਾਨੂੰਨੀ ਤੌਰ 'ਤੇ ਗਏ ਭਾਰਤੀਆਂ ਨੂੰ ਬੇਇੱਜ਼ਤ ਢੰਗ ਨਾਲ ਵਾਪਸ ਭੇਜ ਦਿੱਤਾ ਹੈ, 487 ਹੋਰ ਭਾਰਤੀਆਂ ਨੂੰ ਵਾਪਸ ਭੇਜਿਆ ਜਾ ਰਿਹਾ ਹੈ। ਇਸ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ 12 ਫਰਵਰੀ ਨੂੰ ਅਮਰੀਕਾ ਜਾ ਰਹੇ ਹਨ, ਉਨ੍ਹਾਂ ਨੂੰ ਆਪਣੇ ਦੋਸਤ ਡੋਨਾਲਡ ਟਰੰਪ ਨਾਲ ਹੱਥਕੜੀਆਂ ਅਤੇ ਬੇੜੀਆਂ ਪਹਿਨਾ ਕੇ ਵਾਪਸ ਭੇਜਣ ਤੋਂ ਰੋਕਣ ਲਈ ਗੱਲਬਾਤ ਕਰਨੀ ਚਾਹੀਦੀ ਹੈ। ਗ਼ੈਰ ਕਾਨੂੰਨੀ ਤੌਰ 'ਤੇ ਏਜੰਟਾਂ ਦੇ ਧੱਕੇ ਚੜ੍ਹਕੇ ਅਮਰੀਕਾ ਗਏ ਭਾਰਤੀਆਂ ਨੂੰ ਅਮਰੀਕਾ ਦਾ ਭਾਰਤ ਵਿੱਚ ਫ਼ੌਜ ਦੇ ਜ਼ਹਾਜ ਰਾਹੀਂ ਹੱਥਕੜੀਆਂ, ਲੱਕ ਅਤੇ ਪੈਰਾਂ ਵਿੱਚ ਬੇੜੀਆਂ ਬੰਨ੍ਹਕੇ ਵਾਪਸ ਭੇਜਣਾ, ਅੱਜ ਕਲ੍ਹ ਸਮੁੱਚੇ ਦੇਸ਼ ਵਿੱਚ ਚਰਚਾ ਦਾ ਵਿਸ਼ਾ ਬਣਿਆਂ ਹੋਇਆ ਹੈ। ਇਉਂ ਲੱਗ ਰਿਹਾ ਸੀ ਜਿਵੇਂ ਇਨ੍ਹਾਂ ਨੇ ਕੋਈ ਘੋਰ ਅਪ੍ਰਾਧ ਕੀਤਾ ਹੋਵੇ। ਪ੍ਰੰਤੂ ਅਸਲੀਅਤ ਇਹ ਨਹੀਂ ਸੀ। ਦੇਸ਼ ਦੀ ਜਨਤਾ ਭਾਰਤ ਦਾ ਅਪਮਾਨ ਹੋਇਆ ਮਹਿਸੂਸ ਕਰ ਰਹੀ ਹੈ। ਫ਼ੌਜ ਦੇ ਜ਼ਹਾਜ ਦੇਸ਼ ਦੀ ਸੁਰੱਖਿਆ ਲਈ ਫ਼ੌਜ ਵੱਲੋਂ ਵਰਤੇ ਜਾਂਦੇ ਹਨ। ਕਿਸੇ ਖਾਸ ਹਾਲਾਤ ਵਿੱਚ ਸੁਰੱਖਿਆ ਕਾਰਨਾ ਕਰਕੇ ਦੇਸ਼ ਦੇ ਸਰਵਉਚ ਵਿਅਕਤੀਆਂ ਲਈ ਵੀ ਵਰਤਿਆ ਜਾਂਦੇ ਹਨ। ਵੈਸੇ ਇਤਨੇ ਵੱਡੇ ਜ਼ਹਾਜਾਂ ਦੀ ਫ਼ੌਜ ਦਾ ਸਾਮਾਨ ਟੈਂਕਾਂ ਵਗੈਰਾ ਦੀ ਢੋਅ ਢੁਆਈ ਲਈ ਵਰਤੋਂ ਕੀਤੀ ਜਾਂਦੀ ਹੈ।

ਇਹ ਵੀ ਪਤਾ ਲੱਗਾ ਹੈ ਕਿ ਇਸ ਜ਼ਹਾਜ ਵਿੱਚ ਸੀਟਾਂ ਨਹੀਂ ਸਨ, ਭਾਰਤੀਆਂ ਨੂੰ ਫਰਸ਼ 'ਤੇ ਬਿਠਾਇਆ ਗਿਆ ਸੀ, ਜੇ ਇਹ ਸੱਚ ਹੈ ਤਾਂ ਬਹੁਤ ਮਾੜੀ ਗੱਲ ਹੈ। ਹੱਥਾਂ ਵਿੱਚ ਹੱਥਕੜੀਆਂ, ਲੱਕਾਂ ਅਤੇ ਪੈਰਾਂ ਵਿੱਚ ਬੇੜੀਆਂ ਲੱਗੀਆਂ ਹੋਈਆਂ ਸਨ। ਵਾਸ਼ ਰੂਮ ਜਾਣ ਸਮੇਂ ਵੀ ਇਹ ਖੋਲ੍ਹੀਆਂ ਨਹੀਂ ਜਾਂਦੀਆਂ ਸਨ, ਅਜਿਹੇ ਹਾਲਾਤ ਵਿੱਚ ਵਾਸ਼ ਰੂਮ ਜਾਣ ਲਈ ਵੀ ਸਮੱਸਿਆ ਪੈਦਾ ਹੁੰਦੀ ਰਹੀ ਹੈ। 40 ਘੰਟੇ ਦਾ ਸਫਰ ਬਹੁਤ ਹੀ ਬੇਇੰਤਜ਼ਾਮੀ ਵਾਲਾ ਤੇ ਅਣਮਨੁੱਖੀ ਰਿਹਾ, ਇੱਕ ਦੂਜੇ ਨਾਲ ਗੱਲ ਕਰਨ ਅਤੇ ਫਿਰਨ ਤੁਰਨ ਦੀ ਮਨਾਹੀ ਸੀ। ਭਾਰਤੀਆਂ ਵਿੱਚ 72 ਮਰਦ, 19 ਇਸਤਰੀਆਂ ਅਤੇ 13 ਬੱਚੇ ਸ਼ਾਮਲ ਸਨ। ਵੈਸੇ ਅਮਰੀਕਾ ਦਾ ਕਾਨੂੰਨ ਅਮਰੀਕਾ ਵਿੱਚ ਪਹੁੰਚੇ ਵਿਅਕਤੀ ਨੂੰ ਇਸ ਪ੍ਰਕਾਰ ਵਾਪਸ ਭੇਜਣ ਦੀ ਇਜ਼ਾਜ਼ਤ ਨਹੀਂ ਦਿੰਦਾ। ਜਿਹੜਾ ਵੀ ਵਿਅਕਤੀ ਇੱਕ ਵਾਰ ਅਮਰੀਕਾ ਵਿੱਚ ਪਹੁੰਚ ਜਾਂਦਾ, ਉਸਨੂੰ ਉਤਨੀ ਦੇਰ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਦਾ, ਜਿਤਨੀ ਦੇਰ ਉਹ ਕੋਈ ਕਰਾਈਮ ਨਹੀਂ ਕਰਦਾ। ਇਨ੍ਹਾਂ ਭਾਰਤੀਆਂ ਨੂੰ ਤਾਂ ਉਥੇ ਗਇਆਂ ਨੂੰ ਅਜੇ ਬਹੁਤ ਥੋੜ੍ਹਾ ਸਮਾਂ ਹੋਇਆ ਸੀ। ਅਮਰੀਕਾ ਦੇ ਕਾਨੂੰਨ ਅਨੁਸਾਰ ਇਨ੍ਹਾਂ ਨੂੰ ਕਚਹਿਰੀ ਵਿੱਚ ਆਪਣੇ ਕੇਸ ਕਰਨ ਦੀ ਇਜ਼ਾਜ਼ਤ ਹੁੰਦੀ ਹੈ। ਇਹ ਲੋਕਾਂ ਨੇ ਅਜੇ ਅਪਲਾਈ ਕਰਨਾ ਸੀ ਪ੍ਰੰਤੂ ਇਨ੍ਹਾਂ ਨੂੰ ਅਪਲਾਈ ਕਰਨ ਹੀ ਨਹੀਂ ਦਿੱਤਾ ਗਿਆ। ਕਿਹਾ ਜਾਂਦਾ ਹੈ ਕਿ ਇਹ ਸਾਰਾ ਕੁਝ ਟਰੰਪ ਦੇ ਜ਼ੁਬਾਨੀ ਕਲਾਮੀ ਹੁਕਮਾ ਨਾਲ ਚਲਦਾ ਹੈ। ਵਾਪਸ ਤਾਂ ਉਹ ਭੇਜ ਸਕਦੇ ਹਨ ਪ੍ਰੰਤੂ ਕਚਹਿਰੀ ਵਿੱਚ ਕੇਸ ਖ਼ਾਰਜ ਹੋਣ ਤੋਂ ਬਾਅਦ।

ਸਿਆਸੀ ਪਾਰਟੀਆਂ ਅਜਿਹੇ ਨਾਜ਼ੁਕ ਤੇ ਸੰਵੇਦਨਸ਼ੀਲ ਮੁੱਦੇ 'ਤੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਵਿੱਚ ਪਿੱਛੇ ਨਹੀਂ ਹੱਟ ਰਹੀਆਂ, ਸਗੋਂ ਉਨ੍ਹਾਂ ਲਈ ਨਰਿੰਦਰ ਮੋਦੀ ਦੀ ਸਰਕਾਰ ਨੂੰ ਘੇਰਨ ਲਈ ਜਿਵੇਂ ਸੁੰਢ ਦੀ ਗੱਠੀ ਦੀ ਕਹਾਵਤ ਦੀ ਤਰ੍ਹਾਂ ਨਵਾਂ ਮੁੱਦਾ ਮੁੱਦਤ ਬਾਅਦ ਲੱਭਿਆ ਹੋਵੇ। ਵੈਸੇ ਉਨ੍ਹਾਂ ਦਾ ਵਿਰੋਧ ਕਰਨਾ ਜ਼ਾਇਜ ਵੀ ਲੱਗਦਾ ਹੈ ਕਿਉਂਕਿ ਦੇਸ਼ ਦੇ ਨਾਗਰਿਕਾਂ ਦੇ ਮਾਨ ਸਨਮਾਨ ਦਾ ਮੁੱਦਾ ਹੈ। ਭਾਰਤ ਦੇ ਸਵੈਮਾਨ ਨੂੰ ਆਂਚ ਆਈ ਹੈ। ਭਾਰਤ ਸਰਕਾਰ ਨੂੰ ਵੀ ਸੰਜੀਦਗੀ ਨਾਲ ਸੋਚਣਾ ਚਾਹੀਦਾ ਹੈ ਕਿ ਭਾਰਤੀਆਂ ਨਾਲ ਅਜਿਹਾ ਵਿਵਹਾਰ ਕਿਉਂ ਹੋਇਆ? ਜਦੋਂ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਦੋਵੇਂ ਇੱਕ ਦੂਜੇ ਨੂੰ ਆਪਣੇ ਮਿੱਤਰ ਕਹਿੰਦੇ ਹਨ। ਇਥੋਂ ਤੱਕ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਸ਼੍ਰੀ ਨਰਿੰਦਰ ਮੋਦੀ ਦੇ ਸੱਦੇ ਤੇ ਇੱਕ ਕਿਸਮ ਨਾਲ ਭਾਰਤ ਚੋਣ ਪ੍ਰਚਾਰ ਲਈ ਵੀ ਆਏ ਸਨ। ਇਸੇ ਤਰ੍ਹਾਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੀ ਅਮਰੀਕਾ ਵਿੱਚ ਡੋਨਾਲਡ ਟਰੰਪ ਦੀ ਚੋਣ ਸਮੇਂ ਮਦਦ ਕਰਨ ਲਈ ਅਮਰੀਕਾ ਵਿੱਚ ਭਾਰਤੀਆਂ ਦੇ ਇੱਕ ਜਲਸੇ ਨੂੰ ਸੰਬੋਧਨ ਕਰਕੇ ਆਏ ਸਨ, ਜਿਥੇ ਦੋਹਾਂ ਨੇਤਾਵਾਂ ਨੇ ਦੋਸਤੀ ਦੇ ਦਮਗਜ਼ੇ ਮਾਰੇ ਸੀ।

ਇਹ ਵੀ ਸਹੀ ਗੱਲ ਹੈ ਕਿ ਕਿਸੇ ਵੀ ਦੇਸ਼ ਵਿੱਚ ਗ਼ੈਰ ਕਾਨੂੰਨੀ ਢੰਗ ਨਾਲ ਉਥੇ ਪਹੁੰਚਣਾ ਜ਼ਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਉਸ ਦੇਸ਼ ਦਾ ਸੰਵਿਧਾਨ ਹੁੰਦਾ ਹੈ,



ਉਸ ਅਨੁਸਾਰ ਉਹ ਗ਼ੈਰ ਕਾਨੂੰਨੀ ਲੋਕਾਂ ਨੂੰ ਦੇਸ਼ ਨਿਕਾਲਾ ਦੇ ਸਕਦਾ ਹੈ, ਪ੍ਰੰਤੂ ਵਾਪਸ ਭੇਜਣ ਲਈ ਉਨ੍ਹਾਂ ਦੇ ਮਨੁੱਖੀ ਹੱਕਾਂ ਦੀ ਰਾਖੀ ਕਰਨੀ ਜ਼ਰੂਰੀ ਹੁੰਦੀ ਹੈ। ਖਾਸ ਤੌਰ 'ਤੇ ਅਮਰੀਕਾ ਵਰਗੇ ਦੇਸ਼ ਲਈ ਜਿਹੜਾ ਮਨੁੱਖੀ ਅਧਿਕਾਰਾਂ ਦਾ ਆਪਣੇ ਆਪ ਨੂੰ ਰਖਵਾਲਾ ਸਮਝਦਾ ਹੋਇਆ, ਦੁਨੀਆਂ ਦੇ ਹੋਰ ਦੇਸ਼ਾਂ ਵਿੱਚ ਜੇਕਰ ਮਨੁੱਖੀ ਹੱਕਾਂ ਦੀ ਉਲੰਘਣਾ ਹੁੰਦੀ ਹੈ ਤਾਂ ਤੁਰੰਤ ਦਖ਼ਲ ਦਿੰਦਾ ਰਹਿੰਦਾ ਹੈ। ਉਸ ਵੱਲੋਂ ਭਾਰਤੀਆਂ ਨੂੰ ਵਾਪਸ ਭੇਜਣ ਮੌਕੇ ਕੀਤਾ ਗਿਆ ਅਣਉਚਿਤ ਵਿਵਹਾਰ ਨਿੰਦਣਯੋਗ ਹੈ। ਅਮਰੀਕਾ ਦੇ ਭਾਰਤੀਆਂ ਨਾਲ ਕੀਤੇ ਗਏ ਵਿਵਹਾਰ ਦੇ ਸਿੱਟੇ ਵਜੋਂ ਸਮੁੱਚੇ ਭਾਰਤ ਵਿੱਚ ਰੋਸ ਦੀ ਲਹਿਰ ਦੌੜ ਗਈ ਹੈ। ਅਮਰੀਕਾ ਨੇ ਭਾਰਤੀਆਂ ਨੂੰ ਵਾਪਸ ਭੇਜਣ ਤੋਂ ਪਹਿਲਾਂ ਭਾਰਤ ਨਾਲ ਤਾਲ ਮੇਲ ਕੀਤਾ ਸੀ, ਕਿਉਂਕਿ ਕੁਝ ਦਿਨ ਪਹਿਲਾਂ ਭਾਰਤ ਦੇ ਵਿਦੇਸ਼ ਮੰਤਰੀ ਸ੍ਰੀ ਜੈ ਸ਼ੰਕਰ ਅਮਰੀਕਾ ਦੇ ਦੌਰੇ 'ਤੇ ਗਏ ਸਨ ਤੇ ਉਨ੍ਹਾਂ ਦਾ ਬਿਆਨ ਆਇਆ ਸੀ ਕਿ ਉਹ ਗ਼ੈਰ ਕਾਨੂੰਨੀ ਭਾਰਤੀਆਂ ਨੂੰ ਵਾਪਸ ਲੈਣ ਲਈ ਤਿਆਰ ਹਨ। ਉਸ ਮੌਕੇ ਵਿਦੇਸ਼ ਮੰਤਰੀ ਨੂੰ ਅਮਰੀਕਾ ਨੂੰ ਕਹਿਣਾ ਚਾਹੀਦਾ ਸੀ ਕਿ ਉਹ ਖ਼ੁਦ ਗ਼ੈਰ ਕਾਨੂੰਨੀ ਭਾਰਤੀਆਂ ਨੂੰ ਆਪਣੇ ਜ਼ਹਾਜ ਵਿੱਚ ਸਤਿਕਾਰ ਸਹਿਤ ਵਾਪਸ ਲੈ ਜਾਣਗੇ। ਹੁਣ ਸ੍ਰੀ ਜੈ ਸੰਕਰ ਵਿਦੇਸ਼ ਮੰਤਰੀ ਜੀ ਦਾ ਇਹ ਕਹਿਣਾ ਕਿ ਭਾਰਤੀ ਸਾਡੇ ਸਨਮਾਨਯੋਗ ਨਾਗਰਿਕ ਹਨ, ਇਤਨੇ ਨਿਰਾਦਰ ਤੋਂ ਬਾਅਦ ਇੰਜ ਕਹਿਣ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ।

ਅਜੇ ਤਾਂ ਅਮਰੀਕਾ ਦੀ ਸਰਕਾਰ ਵੱਲੋਂ 20407 ਗ਼ੈਰ ਕਾਨੂੰਨੀ ਭਾਰਤੀਆਂ ਦੀ ਕੀਤੀ ਪਛਾਣ ਵਿੱਚੋਂ 104 ਨੂੰ ਵਾਪਸ ਭੇਜ ਕੇ ਇੱਕ ਪੂਣੀ ਹੀ ਕੱਤੀ ਹੈ। ਬਾਕੀਆਂ ਦੀ ਵਾਪਸੀ ਸਮੇਂ ਕੇਂਦਰ ਸਰਕਾਰ ਨੂੰ ਆਪਣਾ ਜਹਾਜ ਭੇਜਣਾ ਚਾਹੀਦਾ ਹੈ। ਸ਼੍ਰੀ ਜੈ ਸ਼ੰਕਰ ਬਿਓਰੋਕਰੇਟ ਤੋਂ ਬਣਿਆਂ ਸਿਆਸਤਦਾਨ ਹੈ, ਇਹੋ ਸ਼ੁਰੂ ਤੋਂ ਸਿਆਸਤ ਵਿੱਚ ਆਏ ਸਿਆਸਤਦਾਨ ਦਾ ਅੰਤਰ ਹੁੰਦਾ ਹੈ, ਬਿਓਰੋਕਰੇਟ ਸਿਰਫ ਉਸ ਦੇਸ਼ ਦੇ ਕਾਨੂੰਨਾ ਨੂੰ ਵੇਖਦਾ ਹੈ, ਆਪਣੇ ਦੇਸ਼ ਦੇ ਨਾਗਰਿਕਾਂ ਬਾਰੇ ਸੋਚਦਾ ਹੀ ਨਹੀਂ। ਇਹ ਹੋ ਸਕਦਾ ਜੇਕਰ ਕੋਈ ਸਿਆਸਤਦਾਨ ਵਿਦੇਸ਼ ਮੰਤਰੀ ਹੁੰਦਾ ਤਾਂ ਉਹ ਜ਼ਰੂਰ ਆਪਣੀਆਂ ਵੋਟਾਂ ਅਤੇ ਦੇਸ਼ ਦੇ ਨਾਗਰਿਕਾਂ ਦੇ ਹਿੱਤਾਂ ਦਾ ਧਿਆਨ ਰੱਖਦਾ। ਭਾਰਤ ਦੇ ਵਿਦੇਸ਼ ਮੰਤਰੀ ਕਹਿੰਦੇ ਹਨ ਕਿ 2012 ਤੋਂ ਵਾਪਸ ਭੇਜਣ ਦਾ ਕੰਮ ਅਮਰੀਕਾ ਕਰ ਰਿਹਾ ਹੈ, ਇਹ ਕੋਈ ਨਵਾਂ ਤੇ ਪਹਿਲੀ ਵਾਰ ਹੋਇਆ ਕੰਮ ਨਹੀਂ ਪ੍ਰੰਤੂ ਉਨ੍ਹਾਂ ਨੂੰ ਇਹ ਵੀ ਵੇਖਣਾ ਚਾਹੀਦਾ ਹੈ ਕਿ ਪਹਿਲਾਂ ਜਿਹੜੇ ਭਾਰਤੀਆਂ ਨੂੰ ਭੇਜਿਆ ਗਿਆ ਹੈ, ਉਨ੍ਹਾਂ ਨੂੰ ਕਦੀਂ ਵੀ ਇਸ ਪ੍ਰਕਾਰ ਜ਼ੰਜੀਰਾਂ ਨਾਲ ਜਕੜ ਕੇ ਦੁਰਵਿਵਹਾਰ ਨਾਲ ਨਹੀਂ ਭੇਜਿਆ ਗਿਆ। ਭਾਰਤੀਆਂ ਨਾਲ ਇਤਨੀ ਜ਼ਬਰਦਸਤੀ, ਬਦਸਲੂਕੀ, ਅਤੇ ਬੇਇਜ਼ਤੀ ਕਦੀਂ ਵੀ ਨਹੀਂ ਹੋਈ। ਅਮਰੀਕਾ ਸੰਸਾਰ ਦੇ ਹੋਰ ਦੇਸ਼ਾਂ ਦੇ ਗ਼ੈਰਕਾਨੂੰਨੀ ਨਾਗਰਿਕਾਂ ਨੂੰ ਵੀ ਵਾਪਸ ਭੇਜ ਰਹੀ ਹੈ। ਅਖ਼ਬਾਰਾਂ ਦੀਆਂ ਖ਼ਬਰਾਂ ਅਨੁਸਾਰ ਇੱਕ ਕੋਲੰਬੀਆ ਦੇਸ਼ ਨੇ ਅਮਰੀਕਾ ਦੇ ਜਹਾਜ ਨੂੰ ਉਤਾਰਨ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਉਹ ਆਪਣੇ ਜਹਾਜ ਵਿੱਚ ਮਾਨ ਸਨਮਾਨ ਨਾਲ ਲੈਕ ਆਏ ਹਨ, ਫਿਰ ਭਾਰਤ ਅਜਿਹਾ ਕਿਉਂ ਨਹੀਂ ਕਰ ਸਕਿਆ?

ਭਾਰਤ ਨੂੰ ਪਰਵਾਸ ਵਿੱਚ ਗ਼ੈਰ ਕਾਨੂੰਨੀ ਪਰਵਾਸ ਕਰਨ ਵਾਲੇ ਨੌਜਵਾਨਾ ਬਾਰੇ ਸੰਜੀਦਗੀ ਨਾਲ ਸੋਚਣਾ ਪਵੇਗਾ ਕਿ ਇਹ ਪਰਵਾਸ ਕਿਉਂ ਹੋ ਰਿਹਾ ਹੈ? ਪਰਵਾਸ ਵਿੱਚ ਵਹੀਰਾਂ ਘੱਤ ਕੇ ਜਾਣ ਦੇ ਬਹੁਤ ਸਾਰੇ ਕਾਰਨ ਹਨ। ਗ਼ੈਰ ਕਾਨੂੰਨੀ ਪਰਵਾਸ ਪੰਜਾਬੀਆਂ ਵੱਲੋਂ ਗ਼ਦਰੀ ਬਾਬਿਆਂ ਦੇ ਸਮੇਂ ਤੋਂ ਹੋ ਰਿਹਾ ਹੈ। ਉਦੋਂ ਵੀ ਬਹੁਤ ਸਾਰੇ ਗ਼ਦਰੀ ਅਤੇ ਭਾਰਤ ਦੇ ਹੋਰ ਹਿੱਸਿਆਂ ਤੋਂ ਆਜ਼ਾਦੀ ਦੇ ਪ੍ਰਵਾਨੇ ਗਏ ਸਨ। ਉਦੋਂ ਉਨ੍ਹਾਂ ਦੀਆਂ ਸਿਆਸੀ ਮਜ਼ਬੂਰੀਆਂ ਹੋਣਗੀਆਂ ਪ੍ਰੰਤੂ ਵਰਤਮਾਨ ਪਰਵਾਸ ਦੇ ਮੁੱਖ ਕਾਰਨਾ ਪਿੱਛੇ ਬੇਰੋਜ਼ਗਾਰੀ, ਮਹਿੰਗਾਈ, ਕਿਸਾਨਾਂ ਦਾ ਕਰਜ਼ਈ ਹੋਣਾ। ਭਾਰਤ ਦੀ ਪ੍ਰਸ਼ਾਸ਼ਨਿਕ ਪ੍ਰਣਾਲੀ, ਏਜੰਟਾਂ ਵੱਲੋਂ ਵਿਖਾਏ ਗਏ ਸੁਨਹਿਰੀ ਸਬਜ਼ਬਾਗ ਅਤੇ ਭੇਡ ਚਾਲ ਸ਼ਾਮਲ ਹਨ। ਭਾਰਤ ਨੂੰ ਆਪਣੀ ਕੰਮਕਾਜ਼ੀ ਪ੍ਰਣਾਲੀ ਬਦਲਣੀ ਪਵੇਗੀ ਕਿਉਂਕਿ ਨੌਜਵਾਨ ਸਾਡੀ ਪ੍ਰਣਾਲੀ ਤੋਂ ਬਹੁਤ ਦੁੱਖੀ ਹਨ। ਹਰ ਨਿੱਕੀ ਤੋਂ ਨਿੱਕੀ ਗੱਲ ਵਿੱਚ ਸਿਆਸਤਦਾਨ ਦਖ਼ਲਅੰਦਾਜ਼ੀ ਕਰਦੇ ਹਨ। ਬਿਊਰੋਕਰੇਸੀ ਨੂੰ ਵੀ ਆਪਣੀ ਕਾਰਜਪ੍ਰਣਾਲੀ ਵਿੱਚ ਸੋਧ ਕਰਨੀ ਚਾਹੀਦੀ ਹੈ। ਬਿਊਰੋਕਰੇਸੀ ਤੇ ਸਿਆਸਤਦਾਨਾਂ ਦੀ ਮਿਲਭੁਗਤ ਕਰਕੇ



ਉਜਾਗਰ ਸਿੰਘ
91-94178 13072

ਜਦੋਂ ਲੋਕਾਂ ਨੂੰ ਇਨਸਾਫ਼ ਨਹੀਂ ਮਿਲਦਾ, ਫਿਰ ਉਨ੍ਹਾਂ ਵਿੱਚ ਅਸੰਤੁਸ਼ਟੀ ਵੱਧਦੀ ਹੈ। ਜੇਕਰ ਰਾਜਾਂ ਅਤੇ ਕੇਂਦਰ ਦੀਆਂ ਸਰਕਾਰਾਂ ਸਿਰਫ਼ ਵੋਟਾਂ ਪ੍ਰਾਪਤ ਕਰਨ ਦੀ ਥਾਂ ਆਪਣੇ ਨਾਗਰਿਕਾਂ ਦੇ ਹਿੱਤਾਂ ਨੂੰ ਮੁੱਖ ਰੱਖਕੇ ਯੋਜਨਾਵਾਂ ਬਣਾਉਂਦੀਆਂ ਤਾਂ ਅੱਜ ਸਾਨੂੰ ਇਹ ਹਾਲਾਤ ਵੇਖਣੇ ਨਾ ਪੈਂਦੇ। ਸਰਕਾਰੀ ਨੌਕਰੀਆਂ ਖ਼ਤਮ ਕੀਤੀਆਂ ਜਾ ਰਹੀਆਂ ਹਨ, ਆਊਟ ਸੋਰਸਿੰਗ ਰਾਹੀਂ ਭਰਤੀ ਕੀਤੀ ਜਾ ਰਹੀ ਹੈ, ਬੰਨ੍ਹਵੀ ਤਨਖ਼ਾਹ ਬਹੁਤ ਘੱਟ ਦਿੱਤੀ ਜਾ ਰਹੀ ਹੈ, ਜਿਸ ਨਾਲ ਗੁਜ਼ਾਰਾ ਨਹੀਂ ਹੋ ਰਿਹਾ।

ਪੰਜਾਬ ਦੀ ਨੌਜਵਾਨੀ ਆਪਣੇ ਪਿਤਾ ਪੁਰਖੀ ਕੰਮ ਛੱਡਕੇ ਵਾਈਟ ਕਾਲਰ ਨੌਕਰੀਆਂ ਭਾਲਦੇ ਹਨ। ਇਸ ਲਈ ਨੌਜਵਾਨਾਂ ਦੇ ਮਾਪੇ ਵੀ ਜ਼ਿੰਮੇਵਾਰ ਹਨ, ਜਿਹੜੇ ਆਪਣੀ ਔਲਾਦ ਨੂੰ ਸਹੀ ਮਾਰਗ ਦਰਸ਼ਨ ਨਹੀਂ ਕਰ ਰਹੇ। ਪੰਜਾਬ ਵਿੱਚ ਰੋਜ਼ਗਾਰ ਦੀ ਘਾਟ ਨਹੀਂ ਹੋਰਾਂ ਸੂਬਿਆਂ ਲੱਖਾਂ ਲੋਕ ਇੱਥੇ ਆ ਕੇ ਕੰਮ ਕਰ ਰਹੇ ਹਨ। ਪੰਜਾਬੀ ਗ਼ੈਰਕਾਨੂੰਨੀ ਢੰਗ ਨਾਲ ਵਿਦੇਸ਼ ਭੱਜੇ ਜਾ ਰਹੇ ਹਨ। ਸਾਡੀ ਵਿਦਿਅਕ ਪ੍ਰਣਾਲੀ ਵੀ ਰੋਜ਼ਗਾਰ ਮੁੱਖੀ ਨਹੀਂ ਹੈ, ਇਸ ਪਾਸੇ ਵੀ ਸੁਧਾਰਾਂ ਦੀ ਲੋੜ ਹੈ। ਪ੍ਰੰਤੂ ਦੁੱਖ ਦੀ ਗੱਲ ਹੈ ਕਿ ਸਰਕਾਰਾਂ ਜਿਹੜੀ ਵੀ ਨਵੀਂ ਯੋਜਨਾ ਬਣਾਉਂਦੇ ਹਨ, ਉਹ ਵੋਟਾਂ ਨੂੰ ਮੁੱਖ ਰੱਖਕੇ ਬਣਾਉਂਦੇ ਹਨ। ਭਾਰਤ ਦੇ ਵਿਦੇਸ਼ ਮੰਤਰੀ ਸ਼੍ਰੀ ਜੈ ਸ਼ੰਕਰ ਨੇ ਲੋਕ ਸਭਾ ਵਿੱਚ ਕਿਹਾ ਹੈ ਕਿ ਸਰਕਾਰ ਏਜੰਟਾਂ ਦੀ ਪੜਤਾਲ ਕਰਵਾਏਗੀ। ਇਹ ਬਹੁਤ ਚੰਗੀ ਗੱਲ ਹੈ, ਏਜੰਟਾਂ 'ਤੇ ਸਰਕਾਰ ਨੂੰ ਸਿਕੰਜਾ ਕਸਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਵੀ ਰਾਜਾਂ ਵਿੱਚ ਏਜੰਟਾਂ ਦੀਆਂ ਸ਼ਿਕਾਇਤਾਂ ਆਉਂਦੀਆਂ ਰਹੀਆਂ ਹਨ। ਪਹਿਲਾਂ ਵੀ ਬਹੁਤ ਸਾਰੇ ਲੋਕਾਂ ਨਾਲ ਏਜੰਟਾਂ ਨੇ ਧੋਖੇ ਕੀਤੇ ਹਨ, ਉਸ ਸਮੇਂ ਰਾਜ ਸਰਕਾਰਾਂ ਨੇ ਜੇਕਰ ਏਜੰਟਾਂ ਨੂੰ ਪਕੜਕੇ ਸਜ਼ਾਵਾਂ ਦਿਵਾਈਆਂ ਹੁੰਦੀਆਂ ਤਾਂ ਹੁਣ ਤੱਕ ਅਜਿਹੇ ਕਾਰਜ ਬੰਦ ਹੋ ਜਾਂਦੇ।

ਗੱਲ ਸਰਕਾਰਾਂ ਦੀ ਪ੍ਰਸ਼ਾਸ਼ਨਿਕ ਪ੍ਰਣਾਲੀ ਹੀ ਆ ਜਾਂਦੀ ਹੈ। ਰਾਜ ਅਤੇ ਕੇਂਦਰ ਸਰਕਾਰ ਨੂੰ ਏਜੰਟਾਂ ਬਾਰੇ ਸਾਰਾ ਕੁਝ ਪਤਾ ਹੈ ਪ੍ਰੰਤੂ ਇਹ ਹੀ ਏਜੰਟ ਸਿਆਸਤਦਾਨਾਂ ਨੂੰ ਚੋਣਾਂ ਸਮੇਂ ਚੋਣ ਫ਼ੰਡ ਦੇ ਦਿੰਦੇ ਸਨ ਤੇ ਸਰਕਾਰਾਂ ਨੂੰ ਸਿਆਸਤਦਾਨ ਚਲਾਉਂਦੇ ਹਨ। ਫਿਰ ਉਨ੍ਹਾਂ ਤੋਂ ਇਨਸਾਫ਼ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ?

ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਮਿਲਕੇ ਕੋਈ ਯੋਜਨਾ ਬਣਾਉਣੀ ਚਾਹੀਦੀ ਹੈ ਤਾਂ ਜੋ ਗ਼ੈਰਕਾਨੂੰਨੀ ਪਰਵਾਸ ਨੂੰ ਰੋਕਿਆ ਜਾ ਸਕੇ। ਇੱਕ ਗੱਲ ਚੰਗੀ ਹੋਣ ਦੀ ਉਮੀਦ ਹੈ ਕਿ ਇਸ ਘਟਨਾ ਤੋਂ ਬਾਅਦ ਸ਼ਾਇਦ ਭਾਰਤੀ ਪਰਵਾਰ ਵਿੱਚ ਗ਼ੈਰਕਾਨੂੰਨੀ ਜਾਣਾ ਬੰਦ ਕਰ ਦੇਣ। ਇਹ ਵੀ ਸਮਝ ਨਹੀਂ ਆਉਂਦੀ ਕਿ ਡੋਨਾਲਡ ਟਰੰਪ ਭਾਰਤ ਨੂੰ ਕੀ ਸੰਦੇਸ਼ ਦੇਣਾ ਚਾਹੁੰਦਾ ਹੈ।

# ਯਾਦਗਾਰ ਹੋ ਨਿਬੜਿਆ ਹਾਕੀ ਕਲੱਬ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਕਰਵਾਇਆ ਚੋਥਾ ਦੋ ਰੋਜਾ ਹਾਕੀ ਟੂਰਨਾਮੈਂਟ

**ਸ੍ਰੀ ਅਨੰਦਪੁਰ ਸਾਹਿਬ–** ਖਾਲਸੇ ਦੀ ਧਰਤੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਕਰਵਾਇਆ ਗਿਆ ਚੋਥਾ ਦੋ ਰੋਜ਼ਾ 6 ਏ ਸਾਈਡ ਹਾਕੀ ਟੂਰਨਾਮੈਂਟ ਯਾਦਗਾਰ ਹੋ ਨਿਬੜਿਆ। ਇਸ ਟੂਰਨਾਮੈਂਟ ਦੇ ਦੂਜੇ ਦਿਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਜੋਗਿੰਦਰ ਸਿੰਘ ਮੁੱਖ ਮਹਿਮਾਨ ਵਜੋਂ ਤੇ ਪ੍ਰੈਸ ਕਲੱਬ ਸ੍ਰੀ ਅਨੰਦਪੁਰ ਸਾਹਿਬ ਦੇ ਸਾਬਕਾ ਪ੍ਰਧਾਨ ਜਰਨੈਲ ਸਿੰਘ ਨਿੱਕੂਵਾਲ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ। ਉਥੇ ਹੀ ਟੂਰਨਾਮੈਂਟ ਦੇ ਪਹਿਲੇ ਦਿਨ ਓਲੰਪੀਅਨ ਅਤੇ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਰਾਜਪਾਲ ਸਿੰਘ ਮੁੱਖ ਮਹਿਮਾਨ ਵਜੋਂ ਅਤੇ ਮਾਰਕੀਟ ਕਮੇਟੀ ਸ੍ਰੀ ਅਨੰਦਪੁਰ ਸਾਹਿਬ ਦੇ ਚੇਅਰਮੈਨ ਕਮਿਕਰ ਸਿੰਘ ਢਾਡੀ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ। ਇਸ ਟੂਰਨਾਮੈਂਟ ਚ ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ 32 ਦੇ ਕਰੀਬ ਟੀਮਾਂ ਵੱਲੋਂ ਭਾਗ ਲਿਆ ਗਿਆ, ਜਿਨਾਂ ਦੇ ਦੋ ਦਿਨਾਂ ਚ ਫਸਵੇਂ ਮੁਕਾਬਲੇ ਹੋਏ। ਇਸ ਦੌਰਾਨ ਗੋਬਿੰਦ ਵੈਲੀ ਰੋਪੜ ਅਤੇ ਪਟਿਆਲਾ ਦੀ ਟੀਮਾਂ ਵਿਚਕਾਰ ਪਹਿਲਾ ਸੈਮੀ-ਫਾਈਨਲ ਅਤੇ ਸ੍ਰੀ ਅਨੰਦਪੁਰ ਸਾਹਿਬ ਅਤੇ ਰਾਮਪੁਰ 'ਏ' ਟੀਮਾਂ ਵਿਚਕਾਰ ਦੂਜਾ ਸੈਮੀਫਾਈਨਲ ਹੋਇਆ। ਜਿਸ ਤੋਂ ਬਾਅਦ ਸ੍ਰੀ ਅਨੰਦਪੁਰ ਸਾਹਿਬ ਅਤੇ ਪਟਿਆਲਾ ਦੀਆਂ ਟੀਮਾਂ ਵਿਚਕਾਰ ਫਾਈਨਲ ਮੁਕਾਬਲਾ ਹੋਇਆ। ਇਸ ਦੌਰਾਨ ਹਾਕੀ ਕਲੱਬ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਪਹਿਲਾ ਸਥਾਨ ਹਾਸਿਲ ਕੀਤਾ ਗਿਆ ਜਦਕਿ ਪਟਿਆਲਾ ਟੀਮ ਨੇ ਟੂਰਨਾਮੈਂਟ ਚ ਦੂਜਾ ਸਥਾਨ ਹਾਸਿਲ ਕੀਤਾ ਹੈ। ਇਸ ਟੂਰਨਾਮੈਂਟ ਦਾ



ਸਰਬੋਤਮ ਖਿਡਾਰੀ ਗੁਰਤੇਜ ਸਿੰਘ ਘੋਨਾ ਨੂੰ ਚੁਣਿਆ ਗਿਆ ਤੇ ਸਰਬੋਤਮ ਗੋਲ ਕੀਪਰ ਸਹਿਜਪ੍ਰੀਤ ਸਿੰਘ ਨੂੰ ਚੁਣਿਆ ਗਿਆ। ਇਸ ਦੌਰਾਨ ਛੋਟੇ ਬੱਚਿਆਂ ਦਾ ਪ੍ਰਦਰਸ਼ਨੀ ਮੈਚ ਵੀ ਕਰਵਾਇਆ ਗਿਆ। ਇਸ ਦੌਰਾਨ ਮੁੱਖ ਮਹਿਮਾਨ ਹੈੱਡ ਗ੍ਰੰਥੀ ਜੋਗਿੰਦਰ ਸਿੰਘ ਨੇ ਕਿਹਾ ਕਿ ਖੇਡਾਂ ਨੌਜਵਾਨਾਂ ਅਤੇ ਬੱਚਿਆਂ ਦੇ ਲਈ ਅੱਜ ਬਹੁਤ ਜਰੂਰੀ ਹੋ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਜਿੱਥੇ ਇਹ ਸਰੀਰ ਨੂੰ ਫਿਟ ਰੱਖਦੀਆਂ ਹਨ ਤਾਂ ਉੱਥੇ ਹੀ ਨੌਜਵਾਨਾਂ ਨੂੰ ਖੇਡਾਂ ਦੇ ਖੇਤਰ ਚ ਆਪਣੀ ਪਹਿਚਾਣ ਬਣਾਉਣ 'ਚ ਸਹਾਈ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਹਾਕੀ ਕਲੱਬ ਸ੍ਰੀ ਅਨੰਦਪੁਰ ਸਾਹਿਬ ਦੇ ਵੱਲੋਂ ਹਰ ਸਾਲ ਕਰਵਾਇਆ ਜਾਂਦਾ ਇਹ




ਹਾਕੀ ਟੂਰਨਾਮੈਂਟ ਸ਼ਲਾਘਾਯੋਗ ਉਪਰਾਲਾ ਹੈ, ਜੋ ਬੱਚਿਆਂ ਅਤੇ ਨੌਜਵਾਨਾਂ ਨੂੰ ਅੱਗੇ ਵਧਣ ਦਾ ਮੌਕਾ ਦੇ ਰਿਹਾ ਹੈ। ਇਸ ਦੌਰਾਨ ਵਿਸ਼ੇਸ਼ ਮਹਿਮਾਨ ਜਰਨੈਲ ਸਿੰਘ ਨਿੱਕੂਵਾਲ ਵਲੋਂ ਵੀ ਬੱਚਿਆਂ ਨੂੰ ਆਪਣਾ ਆਸ਼ੀਰਵਾਦ ਦਿੱਤਾ ਗਿਆ।

ਉਥੇ ਹੀ ਹਾਕੀ ਕਲੱਬ ਦੇ ਕੋਚ ਕਮਲਪ੍ਰੀਤ ਸਿੰਘ ਮੱਟੂ ਨੇ ਦੱਸਿਆ ਕਿ ਚੋਥਾ ਦੋ ਰੋਜ਼ਾ 6 ਏ ਸਾਈਡ ਹਾਕੀ ਟੂਰਨਾਮੈਂਟ ਹਾਕੀ ਕਲੱਬ ਸ੍ਰੀ ਅਨੰਦਪੁਰ ਸਾਹਿਬ ਵਲੋਂ ਕਰਵਾਇਆ ਗਿਆ ਹੈ। ਜਿਸ ਚ 32 ਟੀਮਾਂ ਨੇ ਭਾਗ ਲਿਆ ਤੇ ਹਾਕੀ ਕਲੱਬ ਸ੍ਰੀ ਅਨੰਦਪੁਰ ਸਾਹਿਬ ਨੇ ਪਹਿਲਾ ਸਥਾਨ ਅਤੇ ਪਟਿਆਲਾ ਦੂਜਾ ਸਥਾਨ ਹਾਸਲ ਕੀਤਾ। ਉਨ੍ਹਾਂ ਦੱਸਿਆ ਕਿ ਕਲੱਬ ਮੈਂਬਰਾਂ, ਕਲੱਬ ਚ ਖੇਡਦੇ ਬੱਚਿਆਂ ਦੇ ਮਾਪਿਆਂ ਅਤੇ ਇਲਾਕੇ ਦੇ ਲੋਕਾਂ ਦੇ ਸਹਿਯੋਗ ਨਾਲ ਇਹ ਟੂਰਨਾਮੈਂਟ ਕਰਵਾਇਆ ਗਿਆ ਹੈ, ਜੋ ਸਫਲਤਾਪੂਰਵਕ ਸਿਰੇ ਲੱਗਿਆ ਹੈ। ਉਨ੍ਹਾਂ ਕਿਹਾ ਕਿ ਕਲੱਬ ਵਲੋਂ ਅੱਗੇ ਵੀ ਇਹ ਉਪਰਾਲਾ ਜਾਰੀ ਰੱਖਿਆ ਜਾਵੇਗਾ ਤਾਂ ਜੋ ਸਾਡੇ ਨੌਜਵਾਨ ਤੇ ਬੱਚੇ ਜਿੱਥੇ ਨਸ਼ਿਆਂ ਤੋਂ ਦੂਰ ਰਹਿ ਸਕਣ, ਉਥੇ ਹੀ ਦੇਸ਼ ਲਈ ਖੇਡ ਕੇ ਆਪਣੇ ਮਾਪਿਆਂ, ਇਲਾਕੇ ਅਤੇ ਸੂਬੇ ਦਾ ਨਾਮ ਵੀ ਚਮਕਾ ਸਕਣ। ਇਸ ਦੇ ਨਾਲ ਹੀ ਕੋਚ ਕਮਲਪ੍ਰੀਤ ਮੱਟੂ ਨੇ ਦੱਸਿਆ ਕਿ ਆਸਰਾ ਫਾਊਂਡੇਸ਼ਨ ਦਾ ਵੀ ਵਿਸ਼ੇਸ਼ ਸਹਿਯੋਗ ਰਹਿੰਦਾ ਹੈ। ਇਸ ਦੌਰਾਨ ਕੈਪਟਨ ਤਰਸੇਮ ਸਿੰਘ, ਐਡਵੋਕੇਟ ਵਿਸ਼ਾਲ ਸੈਣੀ, ਡਾ. ਰਵਿੰਦਰ ਸਿੰਘ ਰੇਖੀ, ਡਾ. ਸੁਰੇਂਦਰ ਸ਼ਰਮਾ, ਡਾ. ਬਲਜੀਤ ਸਿੰਘ ਚਾਨਾ, ਤਜਿੰਦਰ ਸਿੰਘ, ਮਨਿੰਦਰ ਸਿੰਘ, ਜਸਵਿੰਦਰ ਸਿੰਘ, ਤਰਨਜੀਤ ਸਿੰਘ, ਕੁਲਦੀਪ ਪਰਮਾਰ, ਮਨਿੰਦਰ ਸਿੰਘ ਰਾਣਾ, ਡਾ। ਵੀਰਪਾਲ ਸਿੰਘ, ਮਾ ਜਸਕਰਨ ਸਿੰਘ, ਐਡਵੋਕੇਟ ਜਗਵੰਗਤ ਸਿੰਘ ਮੀਆਂਪੁਰੀ, ਗਗਨ ਪੁਰੀ, ਕੁਲਤਾਰ ਸਿੰਘ ਮੀਆਂਪੁਰੀ, ਅਮਰਜੀਤ ਸਿੰਘ, ਹਰਪ੍ਰੀਤ ਸਿੰਘ, ਹਰਵਿੰਦਰ ਸਿੰਘ, ਗੁਰਮੁੱਖ ਸਿੰਘ, ਹਰਮਿੰਦਰ ਸਿੰਘ, ਸੁਖਦੇਵ ਸਿੰਘ ਬੰਟੀ, ਨਵਜੋਤ ਸਿੰਘ, ਰਜਤ ਬੇਦੀ ਆਦਿ ਕਲੱਬ ਮੈਂਬਰ ਅਤੇ ਵੱਡੀ ਗਿਣਤੀ ਚ ਇਲਾਕਾ ਵਾਸੀ ਹਾਜ਼ਰ ਸਨ।



ਅੰਮ੍ਰਿਤ ਪਵਾਰ

# ਪੰਜਾਬੀ ਫ਼ਿਲਮ ਦਰਪਣ

### "ਪੁੱਤ ਜੱਟਾਂ ਦੇ " ਨਵੇਂ ਰੂਪ ਨਾਲ ਅਪ੍ਰੈਲ ਵਿੱਚ

ਇੱਕ ਵੇਲੇ "ਸ਼ੋਲੇ" ਫ਼ਿਲਮ ਦੇ ਪੰਜਾਬ ਵਿੱਚ ਰਿਕਾਰਡ ਤੋੜਨ ਵਾਲੀ ਸਦਾਬਹਾਰ ਹਿੱਟ ਫ਼ਿਲਮ "ਪੁੱਤ ਜੱਟਾਂ ਦੇ" ਫ਼ਿਰ ਨਵੇਂ ਰੂਪ ਵਿੱਚ ਅਰਥਾਤ ਨਵੀਂ ਤਕਨੀਕ 2 ਕੇ ਡੋਲਬੀ ਆਵਾਜ਼ ਸਿਸਟਮ ਨਾਲ ਆ ਰਹੀ ਹੈ। ਬਲਦੇਵ ਖੋਸਾ ਤੇ ਦਿਲਜੀਤ ਕੌਰ ਦੀ ਰੋਮਾਂਟਿਕ ਜੋੜੀ ਦੇ ਨਾਲ ਪਹਿਲੀ ਵਾਰ ਸ਼ਤਰੂਘਨ ਸਿਨਹਾ ਤੇ ਧਰਮਿੰਦਰ ਤੇ ਰਿਹਾਨਾ ਸੁਲਤਾਨ ਇਸ ਫ਼ਿਲਮ ਵਿੱਚ ਆ ਕਿ ਛਾ ਗਏ ਸਨ। ਇਕਬਾਲ ਸਿੰਘ ਢਿਲੋਂ ਇਹ ਆਪਣੀਂ ਫ਼ਿਲਮ ਫਿਰ ਲਿਆ ਰਹੇ ਹਨ। ਫ਼ਿਲਮ ਦਾ ਸੰਗੀਤ ਸੁਪਰ ਹਿੱਟ ਹੈ।ਫ਼ਿਲਮ "ਪੁੱਤ ਜੱਟਾਂ ਦੇ "ਦੇਖਣ ਲਈ ਇੱਕ ਸਮੇਂ ਟਰੈਕਟਰ ਟਰਾਲੀ ਤੇ ਭੀੜਾਂ ਸਿਨੇਮਾ ਘਰਾਂ ਵਿੱਚ ਆਈਆਂ ਸਨ।ਉਮੀਦ ਹੈ ਕਿ ਨਵੀਂ ਪੀੜ੍ਹੀ ਵੀ ਇਸ ਫ਼ਿਲਮ ਨੂੰ ਪਸੰਦ ਕਰੇਗੀ। ਫ਼ਿਲਮ ਵਿੱਚ ਸੁਰਿੰਦਰ ਛਿੰਦਾ, ਮੋਹਮੰਦ ਸਦੀਕ ਦੇ ਕਿਰਦਾਰ ਤੇ ਗਿਰਜਾ ਮਿੱਤਰਾ ਦਾ ਕੰਮ ਵੀ ਕਾਬਲ ਏ ਤਰੀਫ ਰਿਹਾ ਹੈ।




### ਵੇਰੋਨਿਕਾ ਖੋਸਲਾ ਖੂਬਸੂਰਤੀ ਗ਼ਜ਼ਬ ਦੀ, ਅਦਾਕਾਰੀ ਕਮਾਲ



ਬਹੁਤ ਹੀ ਪਿਆਰੀ ਲੁੱਕ ਹੈ ਵਰੋਨਿਕਾ ਖੋਸਲਾ ਦੀ ਜਿਹੜੀ ਟੀਵੀ ,ਫ਼ਿਲਮ ਦੀ ਸ਼ਾਨਦਾਰ ਅਭਿਨੇਤਰੀ ਵੀ ਹੈ। ਉਸ ਦਾ ਪਤਲਾ ਸਰੀਰਕ ਢਾਂਚਾ ਤੇ ਤੇਜ਼ ਤਰਾਰ ਫੁਰਤੀ ਉਸ ਦੀ ਖੂਬਸੂਰਤੀ ਦੇ ਅੰਸ਼ ਹਨ। ਜਲੰਧਰ ਦੂਰਦਰਸ਼ਨ ਦੇ "ਕੈਰੀ ਆਨ ਖ਼ਬਰਾਂ" ਵਿੱਚ ਵੀ ਆਈ ਮਿਸ ਖੋਸਲਾ ਦੀ ਦਿੱਖ ਅੱਲ੍ਹੜ ਮੁਟਿਆਰਾਂ ਦੇ ਅਰਮਾਨਾਂ ਜਿਹੀ ਪਿਆਰੀ ਹੈ ਤੇ ਉਹ ਕਿਸੇ ਵੀ ਟੀਵੀ ਚੈਨਲ ਤੇ ਚਲੀ ਜਾਏ ਸੁਪਰ ਰਹੇਗੀ। ਵੇਰੋਨੀਕਾ ਖੋਸਲਾ ਸਾਊਥ ਇੰਡਸਟਰੀ ਦੀ ਮਨਪਸੰਦ ਨਾਇਕਾ ਬਣ ਸਕਦੀ ਹੈ ਤੇ ਪੰਜਾਬੀ ਫ਼ਿਲਮਾਂ ਵਾਲੇ ਇਸ ਅਭਿਨੇਤਰੀ ਦਾ ਜ਼ਰੂਰ ਲਾਭ ਲੈਣ।

### ਚਾਰ ਯਾਰ, ਕਲਾਕਾਰੀ ਨਾਲ ਪਿਆਰ ਸਰਬ, ਅਲਬੇਲ, ਗੁਰ ਤੇ ਗੁਰਦੀਪ

ਫ਼ਿਲਮ ਨਗਰੀ ਤੇ ਟੀਵੀ ਦੁਨੀਆਂ ਵਿੱਚ ਸਰਬ ਮਜੀਠਾ ਤੇਜ਼ੀ ਨਾਲ ਉੱਭਰ ਰਹੇ ਲੇਖਕ ਤੇ ਅਭਿਨੇਤਾ ਹਨ। ਸਰਬ ਮਜੀਠਾ ਪੰਜਾਬੀ ਫ਼ਿਲਮਾਂ ਦੇ ਸਟਾਰ ਐਕਟਰ ਬਣਨ ਲਈ ਸਰਗਰਮ ਹਨ। ਅਲਬੇਲ ਬਰਾੜ ਉਹ



ਗੀਤਕਾਰ ਜਿਹਨਾਂ ਦਾ ਗੀਤ ਸਦਾਬਹਾਰ ਆਈ ਹੈ "ਮੁੰਡਾ ਆਪਣੇ ਵਿਆਹ ਵਿੱਚ ਨੱਚਦਾ ਫਿਰੇ"। ਗੁਰ ਰੰਧਾਵਾ ਪੰਜਾਬੀ ਫ਼ਿਲਮਾਂ ਦੇ ਕਲਾਕਾਰ ਤੇ ਅੱਜ ਕਲ ਲਘੂ ਫਿਲਮਾਂ ਦੇ ਸਟਾਰ ਹਨ। ਗੁਰਦੀਪ ਸੰਧੂ ਟੀਵੀ ਸਟਾਰ ਤੇ "ਥਾਰ" ਫ਼ੇਮ ਗਾਇਕ ਨਾਇਕ ਹਨ। ਅਚਾਨਕ ਇੱਕ ਵਿਆਹ ਸਮਾਗਮ ਵਿੱਚ ਇਹ ਚਾਰੇ ਯਾਰ ਕਲਾਕਾਰ ਇੱਕਠੇ ਹੋਏ ਸਨ। ਇੱਕ ਹੀ ਗੱਲ ਆਖੀ ਪੰਜਾਬੀ ਫ਼ਿਲਮਾਂ ਦਾ ਭਵਿੱਖ ਸੁਨਹਿਰੀ ਹੈ। ਸਰਬ ਮਜੀਠਾ ਨੇ ਕਿਹਾ ਕਿ ਅਲਬੇਲ ਬਰਾੜ ਦੇ ਗੀਤ ਫ਼ਿਲਮਾਂ ਲਈ ਹੋਣ ਤੇ ਉਹ ਸਹਿ ਨਾਇਕ ਬਣ ਆਉਣ ਤੇ ਗੁਰ ਰੰਧਾਵਾ ਫ਼ਿਲਮ ਦੇ ਮੇਕਰ ਹੋਣ ਤੇ ਗੁਰਦੀਪ ਸੰਧੂ ਨਾਇਕ ਤਾਂ ਅਜਿਹੀ ਫ਼ਿਲਮ ਯਾਦਗਾਰ ਬਣੇਗੀ ਤੇ ਅਜਿਹਾ ਉਹ ਕਰ ਦਿਖਾ ਦੇਣਗੇ।

### ਪਲਵਿੰਦਰ ਧਾਮੀ ਵਿਰਸਾ ਪੰਜਾਬ ਦਾ ਹਰਦੀਪ ਵੱਲੋਂ ਐਵਾਰਡ



ਹਰਦੀਪ ਫ਼ਿਲਮਜ਼ ਐਂਟਰਟੇਨਮੇਂਟ ਯੂ ਕੇ ਨੇ ਪੰਜਾਬੀ ਵਿਰਸੇ ਨੂੰ ਸੰਭਾਲਣ ਤੇ ਇਸ ਲਈ ਯੋਗਦਾਨ ਦੇਣ ਵਾਲਿਆਂ ਨੂੰ "ਵਿਰਸਾ ਪੰਜਾਬ ਐਵਾਰਡ" ਨਾਲ ਸਨਮਾਨਿਤ ਕਰਨ ਦਾ ਯਤਨ ਕਰ ਬਹੁਤ ਵਧੀਆ ਕੀਤਾ ਹੈ। 18 ਫਰਵਰੀ ਨੂੰ "ਵਿਰਸਾ ਪੰਜਾਬ ਪਰਾਈਡ ਐਵਾਰਡ" ਦਾ ਆਯੋਜਨ ਹੈ ਤੇ ਇਹ ਐਵਾਰਡ ਹੀਰਾ ਗਰੁੱਪ ਵਾਲੇ ਪਲਵਿੰਦਰ ਧਾਮੀ ਨੂੰ ਦਿੱਤਾ ਜਾ ਰਿਹਾ ਹੈ। ਲੰਡਨ ਵਿੱਚ ਪੰਜਾਬੀ ਗਾਇਕੀ ਨੂੰ ਸਨਮਾਨ ਦਿਵਾ ਰਹੇ ਤੇ ਫ਼ਿਲਮ ਅਭਿਨੇਤਾ ਹਨ ਪਲਵਿੰਦਰ ਧਾਮੀ। ਹਰਦੀਪ ਸਿੰਘ ਇਸ ਪ੍ਰੋਗਰਾਮ ਦੇ ਮੁੱਖ ਆਯੋਜਕ ਹਨ ਤੇ ਪਲਵਿੰਦਰ ਧਾਮੀ ਨੇ "ਅਣਖ ਜੱਟਾਂ ਦੀ" ਤੋਂ "ਹਵੇਲੀ " ਤੱਕ ਬਹੁਤ ਸਾਰੀਆਂ ਫ਼ਿਲਮਾਂ ਕੀਤੀਆਂ ਹਨ ਤੇ ਕਈ ਫ਼ਿਲਮਾਂ ਲਈ ਗੀਤ ਵੀ ਗਾਏ ਹਨ। ਦੇਸ਼ ਵਿਦੇਸ਼ ਜਿੱਥੇ ਇਹ ਖ਼ਬਰ ਗਈ ਹੈ ਪਲਵਿੰਦਰ ਧਾਮੀ ਨੂੰ ਇਸ ਐਵਾਰਡ ਲਈ ਅਗੇਤੀਆਂ ਮੁਬਾਰਕਾਂ ਮਿਲ ਰਹੀਆਂ ਹਨ। ਪਲਵਿੰਦਰ ਧਾਮੀ ਨੇ ਕਿਹਾ ਕਿ ਇਹ ਉਹਨਾਂ ਲਈ ਬਹੁਤ ਵੱਡਾ ਐਵਾਰਡ ਹੋਏਗਾ ਤੇ ਉਹ ਪ੍ਰਬੰਧਕਾਂ ਦਾ ਸ਼ੁਕਰਾਨਾ ਕਰਦੇ ਹਨ

### ਐੱਚ ਆਰ ਡੀ ਸਿੰਘ ਤੇ ਮੀਨੂ ਪਾਹਵਾ ਹੈ ਨੇ ਉੱਤਮ ਕਲਾਕਾਰ

ਐੱਚ ਆਰ ਡੀ ਸਿੰਘ ਪੰਜਾਬੀ ਫ਼ਿਲਮਾਂ ਤੇ ਵੀਡਿਓ ਗੀਤਾਂ ਦੇ ਲੋਕ ਪ੍ਰਿਅ ਕਲਾਕਾਰ ਹਨ।ਯੂ ਐਸ ਏ ਤੱਕ ਉਹ ਘੁੰਮ ਕਿ ਆਏ ਨੇ ਤੇ ਉਥੇ ਬੀ ਉਹਨਾਂ ਨੇ ਪ੍ਰੋਜੈਕਟ ਕੀਤੇ ਹਨ। ਐੱਚ ਆਰ ਡੀ ਸਿੰਘ ਨੇ ਹੁਣ ਇੱਕ ਲਘੂ ਫ਼ਿਲਮ ਡਾਇਰੈਕਟ ਕਰ ਕਿ ਡਾਇਰੈਕਟਰ ਤੌਰ ਤੇ ਵੀ ਆਪਣਾ ਕੈਰੀਅਰ ਸ਼ੁਰੂ ਕਰ ਲਿਆ ਹੈ। ਇਸ ਤਰਾਂ ਮੀਨੂ ਪਾਹਵਾ ਵੀ ਬਹੁਤ ਵੱਡੀ ਕਲਾਕਾਰ ਹੈ। ਅਨੇਕਾਂ ਸੁਪਰ ਗੀਤਾਂ ਦੇ ਨਾਲ ਬਹੁਤ ਫ਼ਿਲਮਜ਼ ਉਸ ਕੀਤੀਆਂ ਹਨ। ਮੀਨੂ ਪਾਹਵਾ ਕਿਸੇ ਸਮੇਂ ਸੁੰਦਰਤਾ ਦੀ ਰਾਣੀ ਵੀ ਰਹੀ ਹੈ। ਮੀਨੂ ਪਾਹਵਾ ਨੂੰ ਪੰਜਾਬੀ ਫ਼ਿਲਮਾਂ ਵਾਲਿਆਂ ਨੂੰ ਉਚਿਤ ਸਨਮਾਨ ਦੇਣਾ ਚਾਹੀਦਾ ਹੈ ਤੇ ਐਕਟਿੰਗ ਦੇ ਨਾਲ ਨਾਲ ਉਸ ਨੂੰ ਵਿਸ਼ੇਸ਼ ਮਾਨ ਸਨਮਾਨ ਵੀ ਮਿਲਣੇ ਚਾਹੀਦੇ ਹਨ।ਇਸ ਤਰਾਂ ਐੱਚ ਆਰ ਡੀ ਸਿੰਘ ਤੇ ਮੀਨੂ ਪਾਹਵਾ ਸਾਡੇ ਸੈਲੀਬ੍ਰਿਟੀ ਸਟਾਰ ਹਨ।



### ਅਸ਼ੋਕ ਮਲਹੋਤਰਾ ਬਹੁਤ ਕੁੱਝ ਕਰਨਾ ਚਾਹੁੰਦੇ ਹਨ

ਅਸ਼ੋਕ ਮਲਹੋਤਰਾ ਐਕਟਰ ,ਲੇਖਕ ਤੇ ਨਿਰਦੇਸ਼ਕ ਹਨ। ਅੰਮ੍ਰਿਤਸਰ ਰੰਗਮੰਚ ਦੇ ਇਹ ਕਲਾਕਾਰ ਭਾਰਤ ਸਰਕਾਰ ਦੇ ਰੌਸ਼ਨੀ ਆਵਾਜ਼ ਦੇ ਸ਼ੋ ਕਰ ਚੁੱਕੇ ਹਨ। ਪਿਛਲੇ ਦਿਨੀਂ ਨਿਰਦੇਸ਼ਕ ਬਣ ਉਹਨਾਂ ਦੀ ਫ਼ਿਲਮ "ਚੌਪਾਲ ਟੀਵੀ" ਤੇ ਆਈ। ਅਸ਼ੋਕ ਰੇਡੀਓ ਟੀਵੀ ਦੇ ਸ ਨ ਮਾ ਨਿ ਤ ਕਲਾਕਾਰ ਹਨ। ਅਸ਼ੋਕ ਮਲਹੋਤਰਾ ਅੱਜ ਕਲ ਬਾਲੀਵੁੱਡ ਤੇ ਪਾਲੀਵੁੱਡ ਦੋਵਾਂ ਲਈ ਕੰਮ ਕਰ ਰਹੇ ਹਨ ਤੇ ਉਹ ਵੱਡੇ ਪੱਧਰ ਦੇ ਕੰਮ ਕਰਨ ਜਾ ਰਹੇ ਹਨ ਤੇ ਜਲਦੀ ਹੀ ਇਹ ਐਲਾਨ ਹੋ ਜਾਏਗਾ। ਅਸ਼ੋਕ ਮਲਹੋਤਰਾ ਦੇ ਟੈਲੇਂਟ ਦੀ ਬੰਗਲਾ ਫ਼ਿਲਮਾਂ ਦੀ ਸਟਾਰ ਨਾਇਕਾ ਰਾਣੀ ਚੈਟਰਜੀ ਨੇ ਵੀ ਖ਼ੂਬ ਤਰੀਫ ਕੀਤੀ ਸੀ। ਅਸ਼ੋਕ ਮਲਹੋਤਰਾ ਨੇ ਸਰਕਾਰੀ ਵਿਗਿਆਪਨ ਵੀ ਕੀਤੇ ਨੇ ਤੇ ਮੁੰਬਈ ਫ਼ਿਲਮ ਤੇ ਵਿਗਿਆਪਨ ਨਗਰੀ ਉਹਨਾਂ ਨੂੰ ਇਸ ਲਈ ਸਨਮਾਨਿਤ ਵੀ ਕਰ ਚੁੱਕੀ ਹੈ।



## ਹਾਲੀਵੁੱਡ ਤੱਕ ਕੰਮ ਕਰ ਚੁੱਕੇ ਨੇ, ਐਕਟਰ, ਲੇਖਕ ਤੇ ਲਾਈਨ ਨਿਰਮਾਤਾ ਦਰਸ਼ਨ ਔਲਖ

ਦਰਸ਼ਨ ਔਲਖ ਇੱਕ ਸਦਾਬਹਾਰ ਨਾਮ ਖਾਸ ਕਰ ਲਾਈਨ ਨਿਰਮਾਤਾ ਤੇ ਪੰਜਾਬੀ ਫ਼ਿਲਮਾਂ ਦੇ ਖੇਤਰ ਵਿੱਚ ਬਣ ਚੁੱਕਾ ਹੈ ਕੋਈ ਸ਼ੱਕ ਨਹੀਂ ਤੇ ਦਰਸ਼ਨ ਔਲਖ ਦੀ ਸ਼ੁਰੂਆਤ ਦੇਖੋ ਤਾਂ ਛੋਟਾ ਕਿਰਦਾਰ ਵੀ ਸ ਹੱਸ ਕਿ ਸਵੀਕਾਰ ਕੀਤਾ ਸੀ ਕਿ ਰਾਹ ਮਿਲ ਗਿਆ ਮੰਜ਼ਿਲ ਆਪ ਮਿਲੂ। ਅਨੇਕਾਂ ਪੰਜਾਬੀ





ਫ਼ਿਲਮਾਂ ਵਿੱਚ ਵੱਖਰੇ ਵੱਖਰੇ ਰੋਲ ਤੇ ਮਨਮੋਹਨ ਸਿੰਘ ਆਖਦੇ ਨੇ ਪ੍ਰਤਿਭਾ ਦਾ ਖ਼ਜ਼ਾਨਾ ਏ ਔਲਖ। ਦਰਸ਼ਨ ਔਲਖ ਦੀ ਵੱਡੀ ਕਾਮਯਾਬੀ ਕਿ ਲਾਈਨ ਨਿਰਮਾਤਾ ਬਣ ਉਸ ਪੰਜਾਬ ਦੇ ਅਨੇਕਾਂ ਲੋਕਾਂ ਨੂੰ ਰੋਜ਼ਗਾਰ ਦਿੱਤਾ। ਸਲਮਾਨ ਖਾਨ ਤੋਂ ਸ਼ਾਹਿਦ ਕਪੂਰ ਤੇ ਕਰੀਨਾ ਕਪੂਰ ਤੋਂ ਨਰਗਿਸ ਫਾਖਰੀ ਤੱਕ ਨਾਲ ਬਾਲੀਵੁੱਡ ਫਿਲਮਾਂ ਲਾਈਨ ਨਿਰਮਾਤਾ ਤੇ ਐਕਟਰ ਬਣ ਕਰਨ ਵਾਲੇ ਔਲਖ ਨੂੰ ਯਸ਼ਰਾਜ ਫ਼ਿਲਮਜ਼ ਵਾਲੇ ਨਗੀਨਾ ਆਖਿਆ ਕਰਦੇ ਹਨ । ਹਾਲੀਵੁੱਡ ਫ਼ਿਲਮਾਂ ਵੀ ਦਰਸ਼ਨ ਨੇ ਕੀਤੀਆਂ ਹਨ ਤੇ ਸਾਊਥ ਵੀ ਉਸ ਦਾ ਕਹਿਣਾ ਹੈ ਕਿ ਜਦ ਤੱਕ ਜਾਨ ਤੇ ਪ੍ਰਾਣ ਫ਼ਿਲਮਾਂ ਕਰਦੇ ਰਹਿਣਾ ਹੈ। ਫ਼ਿਲਮਾਂ ਦੇ ਨਾਲ ਉਹ ਅੱਛਾ ਬੁਲਾਰਾ ਵੀ ਹੈ ਤੇ ਟੀਵੀ ਚੈਨਲਾਂ ਤੇ ਫ਼ਿਲਮਜ਼ ਵਾਸਤੇ ਪੈਨਲ ਵਿੱਚ ਉਹ ਹੁੰਦਾ ਹੈ। "ਸੁੱਖਾ" ਤੋਂ "ਡਾਰਕ ਜ਼ੀਰੋ ਥਰਟੀ' ਅਨੇਕਾਂ ਫ਼ਿਲਮਾਂ ਤੇ ਵੱਖ ਵੱਖ ਰੋਲ ਕਰਦੇ ਦਰਸ਼ਨ ਔਲਖ ਨੇ ਕਿਸਾਨ ਅੰਦੋਲਨ 1 ਵਿੱਚ ਵੱਡਾ ਯੋਗਦਾਨ ਦਿੱਤਾ। ਉਸ ਦੇ ਕਿਸਾਨੀ ਤੇ ਖੁਦ ਗਾਏ ਗੀਤ ਚਰਚਿਤ ਹੋਏ ਹਨ। ਪੰਜਾਬੀ ਫ਼ਿਲਮਾਂ ਦੀ ਤਰੱਕੀ ਤੋ ਉਹ ਖੁਸ਼ ਹੈ ਫਿਰ ਵੀ ਵਪਾਰਕ ਤੌਰ ਤੇ ਸਾਊਥ ਫ਼ਿਲਮ ਸੰਸਾਰ ਉਸ ਨੂੰ ਵਪਾਰਕ ਤੇ ਨੇਕ ਨੀਅਤ ਵਾਲਾ ਲੱਗਦਾ ਹੈ । ਦਰਸ਼ਨ ਔਲਖ ਨੇ ਐਕਟਰ ਦੇ ਨਾਲ ਐਂਕਰ ਬਣ ਟੀਵੀ ਸ਼ੋ ਵੀ ਕੀਤੇ ਹਨ। ਹੋਰ ਦਿਲਚਸਪ ਤਾਂ ਔਲਖ ਭੰਗੜੇ ਦਾ ਮਾਹਿਰ ਵੀ ਹੈ। ਉਹ ਟੋਪ ਦਾ ਫ਼ਿਲਮ ਲੇਖਕ ਵੀ ਹੈ। ਦਰਸ਼ਨ ਔਲਖ ਦੀ ਸੰਘਰਸ਼ ਭਰੀ ਫਿਲਮੀ ਕਹਾਣੀ ਜਦ ਹ ਪੰਜਾਬ ਤੋਂ ਚੇਨਈ ਮੁੰਬਈ ਜਾਂਦਾ ਹੈ ਤਦ ਹਿੱਟ ਦਿਸਦੀ ਹੈ ਤੇ ਜਦ ਸੱਤ ਸਮੁੰਦਰ ਪਾਰ ਦੀਆਂ ਫ਼ਿਲਮ ਤਦ ਇਹ ਕਹਾਣੀ ਕਾਮਯਾਬੀ ਦੇ ਦੀਪ ਜਗਾਉਂਦੀ ਨਜ਼ਰ ਆਉਂਦੀ ਹੈ। ਅੱਗੇ ਐਕਟਿੰਗ ਜ਼ਾਰੀ ਹੈ। ਲਾਈਨ ਨਿਰਮਾਤਾ ਦਾ ਕੰਮ ਚਲਦਾ ਹੈ ਤੇ ਅੱਗੇ ਹੋ ਸੱਕਦਾ ਹੈ ਜਦ ਵਕਤ ਮਿਲਿਆ ਤਦ ਉਹ ਟੋਪ ਦੇ ਫ਼ਿਲਮ ਮੇਕਰ ਤੇ ਨਿਰਦੇਸ਼ਕ ਹੋਣਗੇ। ਦਰਸ਼ਨ ਔਲਖ ਦੇ ਫਿਲਮੀ ਕੈਰੀਅਰ ਲਈ ਸ਼ੁੱਭ ਕਾਮਨਾਵਾਂ ਤੇ ਉਮੀਦ ਹੈ ਕਿ ਗਾਇਕ ਬਣ ਵੀ ਸਫਲਤਾ ਦਾ ਹੱਕਦਾਰ ਬਣਿਆ ਰਹੇਗਾ। ਜਗਜੀਤ ਸਿੰਘ ਡੱਲੇਵਾਲ ਨਾਲ ਉਹਨਾਂ ਬਹੁਤ ਗੱਲਾਂ ਕਿਸਾਨੀ ਜਵਾਨੀ ਤੇ ਕੀਤੀਆਂ ਨੇ ਤੇ ਧਰਮਿੰਦਰ ਨਾਲ ਉਹਨਾਂ ਦਾ ਪਿਆਰਾ ਮੋਹ ਹੈ ਜਦ ਕਿ ਦਿਲਜੀਤ ਦੁਸਾਂਝ ਭਰਾਵਾਂ ਜਿਹਾ ਪਿਆਰ ਔਲਖ ਨੂੰ ਦਿੰਦਾ ਹੈ ,ਫਿਰ ਦਰਸ਼ਨ ਔਲਖ ਹੈ ਨਾ ਸਦਾਬਹਾਰ ਮਨੋਰੰਜਨ ਸੰਸਾਰ ਦਾ ਸਕਸ਼ ।

**-ਅੰਮ੍ਰਿਤ ਪਵਾਰ**

## ਆ ਗਿਆ ਪਹਿਲੇ "ਮੇਲਾ ਗੀਤਕਾਰਾਂ ਦਾ" ਲਈ ਤਿਆਰ ਹੋਇਆ ਮੁੱਖ ਪੋਸਟਰ

ਵਿਸ਼ਵ ਪੰਜਾਬੀ ਗੀਤਕਾਰ ਪਰਿਵਾਰ ਤੇ ਪੰਜਾਬੀ ਗੀਤਕਾਰ ਸਭਾ (ਰਜਿਸਟਰਡ) /ਪੰਜਾਬ ਵੱਲੋਂ ਪੰਜਾਬੀ ਭਵਨ ਲੁਧਿਆਣਾ ਵਿਖੇ 22 ਫਰਵਰੀ ਨੂੰ ਪੰਜਾਬੀ ਮਿਊਜ਼ਿਕ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋ ਰਹੇ "ਮੇਲਾ ਗੀਤਕਾਰਾਂ ਦਾ" ਅਧਿਕਾਰਤ ਪੋਸਟਰ ਅੱਜ ਆਇਆ ਤੇ ਗੀਤਕਾਰ ਕਰਨੈਲ ਸਿਵੀਆ ਨੇ ਇਸ ਦੇ ਮੁੱਖ ਪ੍ਰਬੰਧਕ ਗੀਤਕਾਰ ਭੱਟੀ ਭੜੀਵਾਲਾ ਤੇ ਉਹਨਾਂ ਦੀ ਟੀਮ ਨੂੰ ਵਧਾਈ ਦਿੱਤੀ।

ਇਹ ਮੇਲਾ ਪੰਜਾਬੀ ਗਾਇਕੀ ਅਕਾਦਮੀ ਲੁਧਿਆਣਾ ਦੇ ਸਹਿਯੋਗ ਨਾਲ "ਮਾਂ ਬੋਲੀ ਦਿਨ" ਤੇ ਸਵਰਗੀ ਗੀਤਕਾਰ ਦੇਵ ਥਰੀਕੇ ਵਾਲਾ ਨੂੰ ਸਮਰਪਿਤ ਹੋਏਗਾ। ਪੋਸਟਰ ਤੇ ਇੱਕ ਪਾਸੇ ਵਿਸ਼ਵ ਪੰਜਾਬੀ ਗੀਤਕਾਰ ਸਭਾ ਦਾ ਚਿੰਨ ਤੇ ਦੂਜੇ ਪਾਸੇ ਦੇਵ ਥਰੀਕੇ ਵਾਲਾ ਦੀ ਫੋਟੋ ਲਾਈ ਗਈ ਹੈ।ਜਸਵੰਤ ਸੰਦੀਲਾ,ਪਾਲੀ ਦੇਤਵਾਲੀਆ,ਸਰਬਜੀਤ ਚੀਮਾ, ਹਾਕਮ ਬਖਤੜੀਵਾਲਾ ਦੇ ਨਾਲ ਦੇਬੀ ਮਖਸੂਸਪੁਰੀ, ਆਤਮਾ ਸਿੰਘ,ਬਲਵੀਰ ਬੋਪਾਰਾਏ ਤੇ ਹਰਿੰਦਰ ਸੰਧੂ ਵੀ ਮੇਲੇ ਦੇ ਪੋਸਟਰ ਦੀ ਸ਼ਾਨ ਬਣੇ ਹਨ।ਬਿੱਟੂ ਖੰਨੇ ਵਾਲਾ, ਵੀਤ ਬਲਜੀਤ, ਹੈਪੀ ਰਾਏਕੋਟੀ ਤੇ ਗੁਰਵਿੰਦਰ ਬਰਾੜ ਜਿਹੇ ਸਟਾਰ ਵੀ ਪੋਸਟਰ ਤੇ ਹਨ। **-ਅੰਮ੍ਰਿਤ ਪਵਾਰ**

## ਨਿਊਜ਼ੀਲੈਂਡ ਨੇ ਨਿਵੇਸ਼ਕਾਂ ਲਈ ਕੱਢੀ 5 ਤੇ 10 ਮਿਲੀਅਨ ਡਾਲਰ ਵਾਲੀ ਸੌਖੀ ਸਕੀਮ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**- ਇਮੀਗ੍ਰੇਸ਼ਨ ਨਿਊਜ਼ੀਲੈਂਡ ਨੇ ਵਿਦੇਸ਼ੀ ਨਿਵੇਸ਼ਕਾਂ ਨੂੰ ਆਕਰਸ਼ਿਰਤ ਕਰਨ ਦੇ ਲਈ ਆਪਣੀ ਨਿਵੇਸ਼ਕ ਸਕੀਮ ਨੂੰ ਸੌਖਿਆ ਕਰਨ ਦਾ ਐਲਾਨ ਕੀਤਾ ਹੈ। ਨਿਵੇਸ਼ ਲੱਗਣ ਤੋਂ ਬਾਅਦ ਪੀ। ਆਰ। ਦੇਣੀ ਵੀ ਸੌਖੀ ਕੀਤੀ ਜਾ ਰਹੀ ਹੈ। ਹੁਣ ਵਿੱਤੀ ਸਾਲ ਦੇ ਸ਼ੁਰੂ ਵਿਚ ਮਤਲਬ ਕਿ ਪਹਿਲੀ ਅਪ੍ਰੈਲ 2025 ਤੋਂ ਇਸਨੂੰ ਦੋ ਭਾਗਾਂ ਵਿਚ ਵੰਡਿਆ ਜਾ ਰਿਹਾ ਹੈ। ਪਹਿਲੀ ਹੈ ਵਿਕਾਸ (ਗ੍ਰੋਥ) ਸਕੀਮ ਅਤੇ ਦੂਜੀ ਹੈ ਸੰਤੁਲਿਤ (ਬੈਲੇਂਸਡ)। ਇਹ ਸਕੀਮ ਐਕਟਿਵ ਇਨਵੈਸਟਰ ਪਲੱਸ ਵੀਜ਼ਾ ਵਿੱਚ ਬਦਲਾਅ ਕਰੇਗੀ। ਸਰਲ ਨਿਵੇਸ਼ ਸ਼੍ਰੇਣੀਆਂ ਪੇਸ਼ ਕਰ ਰਿਹਾ ਹਾਂ - ਵਿਕਾਸ ਅਤੇ ਸੰਤੁਲਿਤ ਗ੍ਰੋਥ ਸ਼੍ਰੇਣੀ ਦੇ ਨਿਵੇਸ਼ਕਾਂ ਲਈ ਘੱਟੋ-ਘੱਟ 5 ਮਿਲੀਅਨ ਡਾਲਰ (24-25 ਕਰੋੜ ਰੁਪਏ) ਅਤੇ ਸੰਤੁਲਿਤ ਸ਼੍ਰੇਣੀ ਦੇ ਨਿਵੇਸ਼ਕਾਂ ਲਈ 10 ਮਿਲੀਅਨ ਡਾਲਰ (45-50 ਕਰੋੜ ਰੁਪਏ) ਦੀ ਨਿਵੇਸ਼ ਰਕਮ ਰੱਖੀ ਗਈ ਹੈ। ਸੰਤੁਲਿਤ ਸ਼੍ਰੇਣੀ ਲਈ ਸਵੀਕਾਰਯੋਗ ਨਿਵੇਸ਼ਾਂ ਦੇ ਦਾਇਰੇ ਨੂੰ ਵਧਾਉਣਾ ਜਿਸ ਵਿੱਚ ਬਾਂਡ ਅਤੇ ਜਾਇਦਾਦ (ਨਵੇਂ ਰਿਹਾਇਸ਼ੀ, ਨਵੇਂ/ਮੌਜੂਦਾ ਵਪਾਰਕ ਜਾਂ ਉਦਯੋਗਿਕ ਵਿਕਾਸ) ਨਿਵੇਸ਼ ਸ਼ਾਮਲ ਹਨ। ਦੋਵਾਂ ਸ਼੍ਰੇਣੀਆਂ ਨੂੰ ਸਿਧਾਂਤਕ ਤੌਰ ’ਤੇ ਆਪਣੀ ਪ੍ਰਵਾਨਗੀ ਦੇ 6 ਮਹੀਨਿਆਂ ਦੇ ਅੰਦਰ ਸਾਰੇ ਨਿਵੇਸ਼ ਕਰਨੇ ਚਾਹੀਦੇ ਹਨ ਪਰ 6 ਮਹੀਨਿਆਂ ਦੇ ਵਾਧੇ ਲਈ ਅਰਜ਼ੀ ਦੇ ਸਕਦੇ ਹਨ, ਅਤੇ ਅੰਗਰੇਜ਼ੀ ਭਾਸ਼ਾ ਦੀ ਲੋੜ ਨੂੰ ਹਟਾਇਆ ਜਾ ਰਿਹਾ ਹੈ। ਹੋਰ ਵੇਰਵੇ ਮਾਰਚ ਦੇ ਸ਼ੁਰੂ ਵਿੱਚ ਉਪਲਬਧ ਅਤੇ ਪ੍ਰਕਾਸ਼ਿਤ ਕੀਤੇ ਜਾਣਗੇ।




5 ਮਿਲੀਅਨ ਵਾਲੇ ਨਿਵੇਸ਼ਕ ਨੂੰ ਤਿੰਨ ਸਾਲਾਂ ਦੇ ਲਈ ਇਹ ਪੈਸੇ ਲਾਉਣੇ ਹੋਣਗੇ ਅਤੇ ਇਸਦੇ ਲਈ ਘੱਟੋ-ਘੱਟ 21 ਦਿਨ ਤਿੰਨ ਸਾਲਾਂ ਦੌਰਾਨ ਇਥੇ ਰਹਿਣਾ ਹੋਵੇਗਾ। ਇਹ ਪੈਸੇ ਪ੍ਰਬੰਧਿਤ ਫੰਡ (ਮੈਨੇਜਡ ਫੰਡ) ਜਾਂ ਸਿੱਧੇ ਨਿਵੇਸ਼ (ਡਾਇਰੈਕਟ ਇਨਵੈਸਟਮੈਂਟ) ਅਧੀਨ ਲਾਏ ਜਾਣਗੇ। ਇੱਕ ਪ੍ਰਬੰਧਿਤ ਫੰਡ ਉਹ ਹੁੰਦਾ ਹੈ ਜਿੱਥੇ ਕਈ ਨਿਵੇਸ਼ਕਾਂ ਦੇ ਪੈਸੇ ਇਕੱਠੇ ਕੀਤੇ ਜਾਂਦੇ ਹਨ ਅਤੇ ਇੱਕ ਪੇਸ਼ੇਵਰ ਫੰਡ ਮੈਨੇਜਰ ਦੁਆਰਾ ਪ੍ਰਬੰਧਿਤ ਕੀਤੇ ਜਾਂਦੇ ਹਨ। ਫੰਡ ਮੈਨੇਜਰ ਫੰਡ ਦੇ ਨਿਵੇਸ਼ ਉਦੇਸ਼ਾਂ ਦੇ ਆਧਾਰ ’ਤੇ, ਸਟਾਕ, ਬਾਂਡ, ਜਾਇਦਾਦ, ਜਾਂ ਹੋਰ ਸੰਪਤੀਆਂ ਵਿੱਚ ਪੈਸੇ ਨੂੰ ਕਿਵੇਂ ਨਿਵੇਸ਼ ਕਰਨਾ ਹੈ, ਇਸ ਬਾਰੇ ਫੈਸਲੇ ਲੈਂਦਾ ਹੈ।

ਸਿੱਧੇ ਨਿਵੇਸ਼ ਦਾ ਮਤਲਬ ਹੈ ਕਿ ਕਿਸੇ ਪ੍ਰਬੰਧਿਤ ਫੰਡ ਵਿੱਚ ਦੂਜੇ ਨਿਵੇਸ਼ਕਾਂ ਨਾਲ ਪੈਸਾ ਇਕੱਠਾ ਕਰਨ ਦੀ ਬਜਾਏ, ਵਿਅਕਤੀਗਤ ਸੰਪਤੀਆਂ, ਜਿਵੇਂ ਕਿ ਸਟਾਕ, ਬਾਂਡ, ਰੀਅਲ ਅਸਟੇਟ ਜਾਇਦਾਦਾਂ, ਜਾਂ ਹੋਰ ਕਿਸਮਾਂ ਦੀਆਂ ਸੰਪਤੀਆਂ ਵਿੱਚ ਸਿੱਧੇ ਨਿਵੇਸ਼ ਕਰਨਾ। ਜਦੋਂ ਤੁਸੀਂ ਸਿੱਧਾ ਨਿਵੇਸ਼ ਕਰਦੇ ਹੋ, ਤਾਂ ਤੁਹਾਡੇ ਕੋਲ ਇਸ ਗੱਲ ’ਤੇ ਪੂਰਾ ਨਿਯੰਤਰਣ ਹੁੰਦਾ ਹੈ ਕਿ ਕਿਹੜੀਆਂ ਸੰਪਤੀਆਂ ਨੂੰ ਖਰੀਦਣਾ ਅਤੇ ਵੇਚਣਾ ਹੈ, ਅਤੇ ਤੁਸੀਂ ਆਪਣੀ ਨਿਵੇਸ਼ ਰਣਨੀਤੀ ਨੂੰ ਆਪਣੀਆਂ ਵਿਅਕਤੀਗਤ ਤਰਜੀਹਾਂ ਅਤੇ ਟੀਚਿਆਂ ਅਨੁਸਾਰ ਤਿਆਰ ਕਰ ਸਕਦੇ ਹੋ।

ਸੰਤੁਲਿਤ ਸ਼੍ਰੇਣੀ ਦੇ ਅਧੀਨ 10 ਮਿਲੀਅਨ ਯਾਨਿ ਕਿ 50 ਕਰੋੜ ਦੇ ਕਰੀਬ ਪੈਸਾ 5 ਸਾਲਾਂ ਵਿਚ ਲਾਉਣਾ ਹੋਵੇਗਾ। ਇਸਦੇ ਲਈ 105 ਦਿਨ ਇਥੇ ਨਿਵੇਸ਼ ਦੌਰਾਨ ਰਹਿਣਾ ਹੋਵੇਗਾ। ਜੇਕਰ ਘੱਟ ਰਹਿਣਾ ਹੈ ਤਾਂ ਨਿਵੇਸ਼ ਦੀ ਰਾਸ਼ੀ ਵਧਾਉਣੀ ਹੋਵੇਗੀ। 11 ਮਿਲੀਅਨ ਲਾਉਣ ਨਾਲ 14 ਦਿਨ ਘੱਟ, 12 ਮਿਲੀਅਨ ਦੇ ਨਾਲ 28 ਦਿਨ ਅਤੇ 13 ਮਿਲੀਅਨ ਦੇ ਨਾਲ 42 ਦਿਨ ਹੋਰ ਘਟਾਏ ਜਾ ਸਕਦੇ ਹਨ। ਇਹ ਨਿਵੇਸ਼ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ ਦੇ ਵਿਚ ਲਗਾਇਆ ਜਾਵੇਗਾ। ਇਮੀਗ੍ਰੇਸ਼ਨ ਇਹ ਨਿਰਧਾਰਤ ਕਰੇਗਾ। ਸੋ ਅੰਤ ਇਹ ਕਹਿ ਸਕਦੇ ਹਾਂ ਕਿ ਸਰਕਾਰ ਸਿੱਧੀ ਗੱਲ ਕਰਨੀ ਚਾਹੁੰਦੀ ਹੈ ਕਿ ਪੈਸਾ ਲਿਆਓ ਤੇ ਪੀ. ਆਰ. ਪਾਓ।